ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ


# ਸਾਡੇ ਲੋਕ

SADE LOK

sadelok.com

26 ਮਾਰਚ ਤੋਂ 1 ਅਪ੍ਰੈਲ 2025

ਸਾਲ 16ਵਾਂ - ਅੰਕ 13



email : info@sadelok.com

Ph. : 510-706-1300

Fax : 925-373-1300


## ਲੋਕ ਮਨਾਉਂਦੇ ਹੋਲੀਆਂ ਸਿੰਘ ਖੇਲਣ ਹੋਲਾ

### ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸ਼ਰਧਾ ਤੇ ਸੇਵਾ ਨਾਲ ਮਨਾਇਆ ਗਿਆ ਹੋਲਾ ਮਹੱਲਾ



(ਦੇਖੋ ਸਫ਼ਾ 36-37 'ਤੇ)

## ਨਿਊਯਾਰਕ ਸਟੇਟ ਸੈਨੇਟ 'ਚ 1984 ਸਿੱਖ ਨਸਲਕੁਸ਼ੀ ਸਬੰਧੀ ਮਤਾ ਸਰਬਸੰਮਤੀ ਨਾਲ ਪਾਸ

### 1984 ਦੇ ਪੀੜਤਾਂ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ : ਸੈਨੇਟਰ ਜੈਸਿਕਾ ਰੋਮੋਸ




**ਜਦੋਂ ਭਾਰਤ ਦੇ ਲੋਕ ਸਿੱਖਾਂ ਨੂੰ ਜਿਊਂਦੇ ਸਾੜ ਰਹੇ ਸਨ ਤਾਂ ਮਰਦੇ ਸਮੇਂ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਉਹਨਾਂ ਦੀਆਂ ਮਾਵਾਂ ਭੈਣਾਂ ਬੱਚੀਆਂ ਨਾਲ ਬਲਾਤਕਾਰ ਕਰ ਰਹੇ ਸਨ : ਚਸ਼ਮਦੀਦ ਸ੍ਰ. ਹਰਮਿੰਦਰ ਸਿੰਘ ਆਹਲੂਵਾਲੀਆ**

ਨਿਊਯਾਰਕ : 1984 ਵਿੱਚ ਭਾਰਤ ਵਿੱਚ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਦਾ ਸਿੱਖਾਂ ਉਪਰ ਜੁਲਮ ਅਤੇ ਉਸ ਤੋਂ ਬਾਅਦ ਇੱਕ ਵਿਉਂਤਬੰਦ ਤਰੀਕੇ ਨਾਲ ਸਿੱਖਾਂ ਦਾ ਕੀਤਾ ਗਿਆ ਕਤਲੇਆਮ ਜਿਸਨੇ ਮੁਗਲਾਂ ਅਤੇ ਫਰੰਗੀਆਂ ਦੇ ਜੁਲਮ ਨੂੰ ਵੀ ਮਾਤ ਪਾ ਦਿੱਤਾ। ਨਾ ਸਿੱਖਾਂ ਦੇ ਕਾਤਿਲਾਂ ਨੂੰ ਸਜ਼ਾ ਹੋਈ ਉਲਟਾ ਉਹ ਅੱਜ ਵੀ ਵੱਡੇ-ਵੱਡੇ ਅਹੁਦਿਆਂ ਉਪਰ ਤਾਇਨਾਤ ਹਨ। ਭਾਵੇਂ ਇਸ ਜੁਲਮ ਨੂੰ ਦੁਨੀਆ ਤੱਕ ਪਹੁੰਚਾਉਣ ਲਈ ਸਿੱਖਾਂ ਨੂੰ 40 ਸਾਲ ਲੱਗ ਗਏ ਅਤੇ ਇਹ ਲੜਾਈ

(ਦੇਖੋ ਸਫ਼ਾ 14 'ਤੇ)

## ਦੇਸ਼ ਨੂੰ ਖਤਰਾ ਦੇਣ ਵਾਲਿਆਂ ਨੂੰ ਖੜ੍ਹਾ ਹੋਣ ਤੋਂ ਪਹਿਲਾਂ ਹੀ ਖਤਮ ਕਰ ਦਿੱਤਾ ਜਾਵੇਗਾ : ਅਮਿਤ ਸ਼ਾਹ ਦੀ ਵੱਡੀ ਧਮਕੀ



ਨਵੀਂ ਦਿੱਲੀ : ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਾਜ ਸਭਾ ਵਿੱਚ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦੇਸ਼ ਦੀ ਸੁਰੱਖਿਆ 'ਤੇ ਚਰਚਾ ਕੀਤੀ। ਉਨ੍ਹਾਂ ਨੇ ਜੰਮੂ ਅਤੇ ਕਸ਼ਮੀਰ ਸਮੱਸਿਆ, ਖੱਬੇ ਪੱਖੀ ਅੱਤਵਾਦ ਅਤੇ ਉੱਤਰ ਪੂਰਬ ਵਿੱਚ ਬਗਾਵਤ ਦਾ ਜ਼ਿਕਰ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਪੂਰੀ ਦੁਨੀਆ ਵਿੱਚ ਸਿਰਫ਼ ਦੋ ਹੀ ਦੇਸ਼ (ਇਜ਼ਰਾਈਲ ਅਤੇ ਅਮਰੀਕਾ) ਸਨ ਜੋ ਆਪਣੀਆਂ ਸਰਹੱਦਾਂ ਅਤੇ

(ਦੇਖੋ ਸਫ਼ਾ 26 'ਤੇ)

## ਅਮਰੀਕਾ ਵਿੱਚ ਵੀ ਪੰਜਾਬੀ ਨੂੰ ਸੰਵਿਧਾਨਕ ਮਾਨਤਾ ਮਿਲਣੀ ਸ਼ੁਰੂ, ਜਾਰਜੀਆ ਅਸੈਂਬਲੀ ਨੇ ਕੀਤੀ ਪਹਿਲ



ਨਿਊਯਾਰਕ : ਜਾਰਜੀਆ ਦੀ ਸਿੱਖ ਅਮਰੀਕਨ ਸੋਸਾਇਟੀ ਦੇ ਪ੍ਰਧਾਨ ਅਤੇ ਅਟਲਾਂਟਾ ਦੇ ਇੱਕ ਪ੍ਰਮੁੱਖ ਕਾਰੋਬਾਰੀ ਸੁਰਿੰਦਰ ਸਿੰਘ ਲਾਲੀ ਨੇ ਇਸ ਕਦਮ ਨੂੰ ਇਤਿਹਾਸਕ ਦੱਸਿਆ। ਉਨ੍ਹਾਂ ਇੱਕ ਬਿਆਨ ਵਿੱਚ ਕਿਹਾ, ਇਹ ਸਨਮਾਨ ਜਾਰਜੀਆ ਅਤੇ ਇਸ ਤੋਂ ਬਾਹਰ ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਬਹੁਤ ਮਾਣ ਵਾਲੀ ਗੱਲ

(ਦੇਖੋ ਸਫ਼ਾ 6 'ਤੇ)

## ਜਲਾਵਤਨੀ ਆਗੂ ਭਾਈ ਮਹਿਲ ਸਿੰਘ ਬੱਬਰ ਨੇ ਆਖਰੀ ਸਾਹ ਬਾਬੇ ਨਾਨਕ ਦੀ ਧਰਤੀ ਸ੍ਰੀ ਨਨਕਾਣਾ ਸਾਹਿਬ ਵਿਖੇ ਲਿਆ



(ਦੇਖੋ ਸਫ਼ਾ 41 'ਤੇ)

## ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਸਾਜ਼ਿਸ਼ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ: ਪੰਜਾਬ ਮਨੁੱਖੀ ਅਧਿਕਾਰ ਸੰਗਠਨ

ਅੰਮ੍ਰਿਤਸਰ : ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਖਿਲਾਫ਼ ਲੱਗੇ ਦੋਸ਼ਾਂ ਦੇ ਮਾਮਲੇ ਦੀ ਜਾਂਚ ਕੀਤੀ ਹੈ ਅਤੇ ਇਸ ਸਬੰਧੀ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਭੇਜੀ ਹੈ। ਜਾਂਚ ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਕਿ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸਾਜ਼ਿਸ਼ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ। ਸੰਗਠਨ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਇਸ ਕੇਸ ਦੀ ਡੂੰਘਾਈ ਨਾਲ ਜਾਂਚ ਦੀ ਲੋੜ ਹੈ ਅਤੇ ਇਸ ਦੀ ਜਾਂਚ ਕਿਸੇ ਜੱਜ ਤੋਂ ਕਰਵਾਈ ਜਾਣੀ ਚਾਹੀਦੀ ਹੈ। ਇਹ ਜਾਂਚ ਰਿਪੋਰਟ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਮੁੱਖ ਜਾਂਚ ਕਰਤਾ ਸਰਬਜੀਤ ਸਿੰਘ ਵੇਰਕਾ, ਚੰਨਨ ਸਿੰਘ ਅਤੇ ਤਜਿੰਦਰ ਸਿੰਘ ਦੇ ਨਾਂ ਹੇਠ ਤਿਆਰ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਹ ਜਾਂਚ ਰਿਪੋਰਟ ਰਾਜਵਿੰਦਰ ਸਿੰਘ ਬੈਂਸ ਵੱਲੋਂ ਭੇਜੀ ਗਈ ਹੈ। ਛੇ ਸਫ਼ਿਆਂ ਦੀ ਜਾਂਚ ਰਿਪੋਰਟ ਵਿੱਚ ਦੱਸਿਆ ਗਿਆ ਕਿ ਸ਼੍ਰੋਮਣੀ ਕਮੇਟੀ ਦੇ ਅੰਤਰਿੰਗ ਕਮੇਟੀ ਮੈਂਬਰ ਅਤੇ ਚਾਰ ਹੋਰ ਮੈਂਬਰਾਂ ਵੱਲੋਂ ਸੰਗਠਨ ਕੋਲ ਇਸ ਮਾਮਲੇ ਦੀ ਜਾਂਚ ਵਾਸਤੇ ਅਪੀਲ ਕੀਤੀ ਗਈ ਸੀ। ਸੰਗਠਨ ਵੱਲੋਂ ਕੀਤੀ ਗਈ ਜਾਂਚ ਦੌਰਾਨ ਇਹ



**ਸੰਗਠਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਭੇਜੀ ਰਿਪੋਰਟ ਵਿਚ ਮਾਮਲੇ ਦੀ ਕਿਸੇ ਜੱਜ ਤੋਂ ਜਾਂਚ ਕਰਵਾਉਣ ਦੀ ਵਕਾਲਤ**

(ਦੇਖੋ ਸਫ਼ਾ 38 'ਤੇ)


**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844





**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667





**CJ Singh**
Broker License # 24012019
206-295-5993
Cjs@realtorcjs.com
HOMESMART ONE REALTY
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
HomeSmart One Realty
16329 Cascadian Way
Bothell, WA 98012
Each brokerage independently owned and operated







**Punjabi International Services Inc**
Harminder Singh Samana
Bonded Immigration Consultant
bond number #10177780
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ • ਸਿਟੀਜਨਸ਼ਿਪ • ਗਰੀਨਕਾਰਡ
Family Petition Immigration
Travel document • Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਨੇ ਇੱਕ ਦਿਨ ਵਿੱਚ ਵੇਚੇ 1000 ਗੋਲਡ ਕਾਰਡ

## ਇੱਕ ਦੀ ਕੀਮਤ 44 ਕਰੋੜ, 10 ਲੱਖ ਕਾਰਡ ਵੇਚਣ ਦਾ ਟੀਚਾ

ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਦਾ ਗੋਲਡ ਕਾਰਡ ਵੀਜ਼ਾ ਪ੍ਰੋਗਰਾਮ ਅਧਿਕਾਰਤ ਤੌਰ ’ਤੇ ਲਾਂਚ ਹੋਣ ਤੋਂ ਪਹਿਲਾਂ ਹੀ ਸੁਪਰਹਿੱਟ ਹੋ ਗਿਆ ਹੈ। ਅਮਰੀਕੀ ਵਪਾਰਕ ਸਕੱਤਰ ਹਾਵਰਡ ਲੁਟਨਿਕ ਨੇ ਸੋਮਵਾਰ ਨੂੰ ਦਾਅਵਾ ਕੀਤਾ ਕਿ ਉਨ੍ਹਾਂ ਨੇ ਇੱਕ ਦਿਨ ਵਿੱਚ 1000 ਗੋਲਡ ਕਾਰਡ ਵੇਚੇ ਹਨ।

ਇੱਕ ਗੋਲਡ ਕਾਰਡ ਦੀ ਕੀਮਤ 5 ਮਿਲੀਅਨ ਡਾਲਰ (44 ਕਰੋੜ ਭਾਰਤੀ ਰੁਪਏ) ਹੈ। ਇਸ ਦਾ ਮਤਲਬ ਹੈ ਕਿ ਸਿਰਫ਼ ਇੱਕ ਦਿਨ ਵਿੱਚ 44,000 ਕਰੋੜ ਰੁਪਏ ਦੇ ਗੋਲਡ ਕਾਰਡ ਵਿਕ ਗਏ।

ਹਾਵਰਡ ਨੇ ਕਿਹਾ ਕਿ ਲੋਕ ਗੋਲਡ ਕਾਰਡ ਲੈਣ ਲਈ ਲਾਈਨਾਂ ਵਿੱਚ ਲੱਗ ਰਹੇ ਹਨ। ਹਾਲਾਂਕਿ, ਇਹ ਪ੍ਰੋਗਰਾਮ ਅਧਿਕਾਰਤ ਤੌਰ ’ਤੇ ਲਗਭਗ ਦੋ ਹਫ਼ਤਿਆਂ ਬਾਅਦ ਸ਼ੁਰੂ ਹੋਵੇਗਾ। ਐਲੋਨ ਮਸਕ ਇਸ ਵੇਲੇ ਇਸ ਲਈ ਸਾਫਟਵੇਅਰ ਵਿਕਸਤ ਕਰ ਰਿਹਾ ਹੈ।

ਟਰੰਪ ਸਰਕਾਰ 10 ਲੱਖ ਗੋਲਡ ਕਾਰਡਾਂ ਦੇ ਟੀਚੇ ਵੱਲ ਕੰਮ ਕਰ ਰਹੀ ਹੈ। ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇਹ ਬਹੁਤ ਮੁਸ਼ਕਲ ਨਹੀਂ ਹੈ ਕਿਉਂਕਿ ਦੁਨੀਆ ਵਿੱਚ 3.7 ਕਰੋੜ ਲੋਕ ਇਸਨੂੰ ਖਰੀਦ ਸਕਦੇ ਹਨ। ਅਮਰੀਕੀ ਸਰਕਾਰ ਇਸ ਪ੍ਰੋਗਰਾਮ ਤੋਂ ਇਕੱਠੇ ਕੀਤੇ ਪੈਸੇ ਦੀ ਵਰਤੋਂ ਦੇਸ਼ ਦੇ ਕਰਜ਼ੇ ਨੂੰ ਘਟਾਉਣ ਲਈ ਕਰੇਗੀ।

ਹਾਵਰਡ ਲੂਟਨਿਕ ਨੇ ਕਿਹਾ ਕਿ ਗੋਲਡ ਕਾਰਡ ਖਰੀਦਣ ਵਾਲਿਆਂ ਨੂੰ ਅਮਰੀਕਾ ਵਿੱਚ ਅਣਮਿੱਥੇ ਸਮੇਂ ਲਈ ਰਹਿਣ ਦਾ ਅਧਿਕਾਰ ਮਿਲੇਗਾ। ਕਾਰਡ ਖਰੀਦਣ ਵਾਲਿਆਂ ਦੀ ਵੀ ਜਾਂਚ ਕੀਤੀ ਜਾਵੇਗੀ ਕਿ ਕੀ ਉਹ ਕਾਨੂੰਨ ਦੀ ਪਾਲਣਾ ਕਰਨ ਵਾਲੇ ਚੰਗੇ ਲੋਕ ਹਨ ਜਾਂ ਨਹੀਂ। ਜੇਕਰ ਕਾਰਡ ਖਰੀਦਣ ਵਾਲਾ ਵਿਅਕਤੀ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੈ ਤਾਂ ਅਮਰੀਕਾ ਇਸ ਕਾਰਡ ਨੂੰ ਹਮੇਸ਼ਾ ਲਈ ਰੱਦ ਕਰ ਸਕਦਾ ਹੈ।




ਟਰੰਪ ਦਾ ਕਹਿਣਾ ਹੈ ਕਿ ਗੋਲਡ ਵੀਜ਼ਾ ਕਾਰਡ ਨਾਗਰਿਕਾਂ ਨੂੰ ਗ੍ਰੀਨ ਕਾਰਡ ਵਰਗੇ ਵਿਸ਼ੇਸ਼ ਅਧਿਕਾਰ ਦੇਵੇਗਾ। ਇਹ ਨਵਾਂ ਵੀਜ਼ਾ ਪ੍ਰੋਗਰਾਮ ਦੇਸ਼ ਵਿੱਚ ਨਿਵੇਸ਼ ਵਧਾਏਗਾ, ਇਸ ਦੇ ਨਾਲ ਹੀ 52-5 ਨਾਲ ਸਬੰਧਤ ਧੋਖਾਧੜੀ ਨੂੰ ਰੋਕਿਆ ਜਾਵੇਗਾ ਅਤੇ ਨੌਕਰਸ਼ਾਹੀ ’ਤੇ ਲਗਾਮ ਲਗਾਈ ਜਾਵੇਗੀ।

ਟਰੰਪ ਨੇ ’ਗੋਲਡ ਕਾਰਡ’ ਨੂੰ 52-5 ਵੀਜ਼ਾ ਪ੍ਰੋਗਰਾਮ ਦਾ ਵਿਕਲਪ ਦੱਸਿਆ ਅਤੇ ਕਿਹਾ ਕਿ ਭਵਿੱਖ ਵਿੱਚ 10 ਲੱਖ ਗੋਲਡ ਕਾਰਡ ਵੇਚੇ ਜਾਣਗੇ। ਵਰਤਮਾਨ ਵਿੱਚ, 52-5 ਵੀਜ਼ਾ ਪ੍ਰੋਗਰਾਮ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਦਾ ਸਭ ਤੋਂ ਆਸਾਨ ਰਸਤਾ ਹੈ। ਇਸ ਲਈ ਲੋਕਾਂ ਨੂੰ 10 ਲੱਖ ਡਾਲਰ (ਲਗਭਗ 8.75 ਕਰੋੜ ਰੁਪਏ) ਦੇਣੇ ਪੈਣਗੇ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ
ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।
ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ
State of California Benefits Identification Card
STATE OF CALIFORNIA BENEFITS IDENTIFICATION CARD
Get more BENEFITS at No Cost $0 Premium
Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

Balsani Welders & Builders
We Design, Manufacture & Ship Nationwide
All Kind of Welding & Fabrication Services Available
- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences
ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।
ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ
ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।
ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ
ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।
- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION
ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।
ਸਾਡੇ ਲੋਕ
S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

# ARE YOU IN COMPLIANCE WITH FMCSA REGULATIONS?



Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ

# 326ਵੇਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ

## ਸਿੱਖ ਕੋਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ



1984 / 2024
40 YEARS
Commemorating 40 years since the attack on Harmandir Sahib & the Delhi Sikh Genocide

ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਦੇਸ਼-ਵਿਦੇਸ਼ ਵਿਚ ਨੈਸ਼ਨਲ ਸਿੱਖ-ਡੇਅ ਵੱਜੋਂ ਸਥਾਪਤ ਕਰਨ ਲਈ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ

# 8th ਨੈਸ਼ਨਲ ਸਿਖ ਡੇਅ ਪਰੇਡ (ਯੂ.ਐਸ.ਏ.)

## SIKH FREEDOM MARCH
## Washington, D.C.

SCCEC
SIKH COORDINATION COMMITTEE
EAST COAST, USA

**ਸ਼ਨਿਚਰਵਾਰ 5 ਅਪ੍ਰੈਲ 2025 ਨੂੰ ਕੈਪੀਟਲ ਹਿੱਲ ਵਾਸ਼ਿੰਗਟਨ ਡੀ. ਸੀ. ਵਿਖੇ ਪਰੇਡ ਦੀ ਅਰੰਭਤਾ ਤੋਂ ਪਹਿਲਾਂ 20th Street & Constitution Ave ਉੱਪਰ - ਦੀਵਾਨ ਦੀ ਸ਼ੁਰੂਆਤ 10 ਵਜੇ ਸਵੇਰੇ, ਪਰੇਡ ਦੁਪਹਿਰ 12 ਵਜੇ ਸ਼ੁਰੂ ਹੋਵੇਗੀ। ਉਪਰੰਤ 3 ਵਜੇ CAPITOL HILL ਦੇ ਸਾਹਮਣੇ ਸਟੇਜ ਲੱਗੇਗੀ। ਆਪ ਜੀ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ।**









## ਸਹਿਯੋਗੀ ਸੰਸਥਾਵਾਂ ਤੇ ਗੁਰਦੁਆਰਾ ਸਾਹਿਬਾਨ

ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ, ਰਿਚਮੰਡ ਹਿੱਲ ਨਿਊਯਾਰਕ
ਗੁਰਦੁਆਰਾ ਸਿੰਘ ਸਭਾ, ਫੇਅਰਫੈਕਸ ਵਰਜੀਨੀਆਂ
ਸਿੱਖ ਸੈਂਟਰ ਆਫ ਨਿਊਯਾਰਕ ਇੰਕ. ਫਲੱਸ਼ਿੰਗ ਅਤੇ ਕੁਈਨਜ਼ ਵਿਲੇਜ ਨਿਊਯਾਰਕ
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਨਿਊਯਾਰਕ
ਗੁਰਦੁਆਰਾ ਸੰਤ ਸਾਗਰ, ਬੈਲਰੋਜ਼ ਨਿਊਯਾਰਕ
ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਮਿਡ ਹਡਸਨ ਸਿੱਖ ਕਲਚਰਲ ਸੋਸਾਇਟੀ, ਵਾਪਿੰਗਰਜ ਫ਼ਾਲਜ ਨਿਊਯਾਰਕ
ਗੁਰਦੁਆਰਾ ਸਿੱਖ ਸਾਗਰ, ਰੋਚੈਸਟਰ ਨਿਊਯਾਰਕ
ਹਡਸਨ ਵੈਲੀ ਸਿੱਖ ਸੁਸਾਇਟੀ, ਮਿਡਲਟਾਊਨ ਨਿਊਯਾਰਕ
ਸਿੱਖ ਐਸੋਸੀਏਸ਼ਨ ਆਫ ਸਟੇਟਨ ਆਈਲੈਂਡ, ਨਿਊਯਾਰਕ
ਗੁਰਦੁਆਰਾ ਮਾਤਾ ਸਾਹਿਬ ਕੌਰ, ਗਲੈਨ ਕੋਵ ਨਿਊਯਾਰਕ
ਗੁਰਦੁਆਰਾ ਬਾਬਾ ਮਾਝਾ ਸਿੰਘ ਕਰਮਜੋਤ ਸਿੱਖ ਸੈਂਟਰ, ਨਿਊਯਾਰਕ
ਸੱਚਖੰਡ ਗੁਰੂ ਨਾਨਕ ਦਰਬਾਰ, ਸਾਊਥ ਓਜ਼ੋਨ ਪਾਰਕ ਨਿਊਯਾਰਕ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਿਊਹਾਈਡ ਪਾਰਕ ਨਿਊਯਾਰਕ
ਗੁਰਦੁਆਰਾ ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਰਵਿਦਾਸ ਟੈਂਪਲ, ਵੁੱਡਸਾਈਡ ਨਿਊਯਾਰਕ
ਗੁਰਦੁਆਰਾ ਸ਼ਹੀਦਾਂ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਰਾਮਗੜ੍ਹੀਆ ਸਿੱਖ ਸੋਸਾਇਟੀ, ਹੋਲਿਸ ਨਿਊਯਾਰਕ
ਗੁਰੂਦੁਆਰਾ ਗੁਰੂ ਤੇਗ ਬਹਾਦਰ ਜੀ, ਨਿਊਹਾਈਡ ਪਾਰਕ ਨਿਊਯਾਰਕ

ਗੁਰਦੁਆਰਾ ਸਿੰਘ ਸਭਾ, ਫੇਅਰਫੈਕਸ ਵਰਜੀਨੀਆਂ
ਸਿੱਖ ਸੈਂਟਰ ਆਫ ਵਰਜੀਨੀਆ, ਮਾਨਾਸਜ ਵਰਜੀਨੀਆਂ.
ਸਿੱਖ ਫਾਊਂਡੇਸ਼ਨ ਆਫ ਵਰਜੀਨੀਆਂ, ਫੇਅਰਫੈਕਸ ਸਟੇਸ਼ਨ ਵਰਜੀਨੀਆਂ
ਗੁਰਦੁਆਰਾ ਸਿੱਖ ਸੰਗਤ ਆਫ ਵਰਜੀਨੀਆਂ, ਸ਼ੈਂਟਿਲੀ ਵਰਜੀਨੀਆਂ
ਰਾਜ ਖਾਲਸਾ ਗੁਰਦੁਆਰਾ, ਸਟਰਲਿੰਗ ਵਰਜੀਨੀਆਂ
ਸਿੱਖ ਮਿਸ਼ਨ ਆਫ ਵਰਜੀਨੀਆਂ, ਵਾਰੈਨਟਨ ਵਰਜੀਨੀਆਂ
ਸਿੱਖ ਗੁਰਦੁਆਰਾ ਆਫ ਡੀ.ਸੀ., ਵਾਸ਼ਿੰਗਟਨ ਡੀ.ਸੀ.

ਸਿੱਖ ਗੁਰਦੁਆਰਾ ਆਫ ਪਾਈਨ ਹਿੱਲ, ਨਿਊਜਰਸੀ
ਗੁਰਦੁਆਰਾ ਦਸ਼ਮੇਸ਼ ਦਰਬਾਰ, ਕਾਰਟਰੇਟ ਨਿਊਜਰਸੀ
ਗੁਰਦੁਆਰਾ ਖਾਲਸਾ ਦਰਬਾਰ, ਬਰਲਿੰਗਟਨ ਨਿਊਜਰਸੀ
ਸ੍ਰੀ ਗੁਰੂ ਸਿੰਘ ਸਭਾ, ਗਲੈਨਰਾਕ ਨਿਊਜਰਸੀ
ਗਾਰਡਨ ਸਟੇਟ ਸਿੱਖ ਐਸੋਸੀਏਸ਼ਨ, ਬ੍ਰਿਜਵਾਟਰ, ਨਿਊਜਰਸੀ
ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਓਕਲੈਂਡ ਨਿਊਜਰਸੀ
ਗੁਰੂ ਨਾਨਕ ਸਿੱਖ ਸੁਸਾਇਟੀ ਆਫ ਡੇਲਾਵੇਅਰ ਵੈਲੀ, ਨਿਊਜਰਸੀ
ਗੁਰਦੁਆਰਾ ਸਿੰਘ ਸਭਾ, ਕਾਰਟਰੇਟ ਨਿਊਜਰਸੀ
ਗੁਰਦੁਆਰਾ ਨਾਨਕ ਨਾਮ ਜਹਾਜ, ਨਿਊਜਰਸੀ
ਸਾਊਥ ਜਰਸੀ ਸਿੱਖ ਸੁਸਾਇਟੀ, ਵਾਈਨਲੈਂਡ ਨਿਊਜਰਸੀ

ਸਿੱਖ ਸੈਂਟਰ ਆਫ ਡੈਲਵੇਅਰ, ਨਿਊ ਕੈਸਲ ਡੈਲਵੇਅਰ
ਗੁਰੂਦੁਆਰਾ ਆਫ ਡੈਲਵੇਅਰ, ਮਿਡਲਟਾਊਨ ਡੈਲਵੇਅਰ

ਬਾਲਟੀਮੋਰ ਸਿੱਖ ਸੁਸਾਇਟੀ, ਡਨਡਾਲਕ ਮੈਰੀਲੈਂਡ
ਗੁਰਦੁਆਰਾ ਸਿੰਘ ਸਭਾ ਆਫ ਮੈਰੀਲੈਂਡ, ਡਨਡਾਲਕ ਮੈਰੀਲੈਂਡ
ਗੁਰਦੁਆਰਾ ਵਾਸ਼ਿੰਗਟਨ ਸਿੱਖ ਸੈਂਟਰ, ਗੇਦਰਜਬਰਗ ਮੈਰੀਲੈਂਡ
ਸ੍ਰੀ ਹਰਿਮੰਦਰ ਸਾਹਿਬ ਅਕੈਡਮੀ, ਮੈਰੀਲੈਂਡ
ਗੁਰਦੁਆਰਾ ਗੁਰ ਗਿਆਨ ਸਾਗਰ, ਬਰਟਨਜਵਿਲ ਮੈਰੀਲੈਂਡ
ਗੁਰੂ ਨਾਨਕ ਫਾਊਂਡੇਸ਼ਨ ਆਫ ਅਮਰੀਕਾ, ਸਿਲਵਰ ਸਪਰਿੰਗ ਮੈਰੀਲੈਂਡ
ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ, ਰੈਂਡਲਸਟਾਊਨ ਮੈਰੀਲੈਂਡ
ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਰੌਕਵਿਲ ਮੈਰੀਲੈਂਡ

ਗੁਰਦੁਆਰਾ ਫਿਲਾਡਲਫੀਆ ਸਿੱਖ ਸੁਸਾਇਟੀ, ਅੱਪਰ-ਡਰਬੀ ਪੈਨਸਿਲਵੇਨੀਆਂ
ਗੁਰਦੁਆਰਾ ਸਿੱਖ ਸੁਸਾਇਟੀ ਹੈਰਿਸਬਰਗ, ਪੈਨਸਿਲਵੇਨੀਆਂ
ਗੁਰੂ ਨਾਨਕ ਸਿੱਖ ਸੋਸਾਇਟੀ ਆਫ ਲੀਹਾਈ-ਵੈਲੀ, ਨੈਜ਼ਰਥ ਪੈਨਸਿਲਵੇਨੀਆਂ
ਗੁਰਦੁਆਰਾ ਸਿੱਖ ਸਾਧ ਸੰਗਤ, ਈਸਟਨ ਪੈਨਸਿਲਵੇਨੀਆਂ
ਗੁਰੂ ਨਾਨਕ ਸਿੱਖ ਸੁਸਾਇਟੀ ਅੱਪਰ-ਡਰਬੀ ਪੈਨਸਿਲਵੇਨੀਆਂ

ਗੁਰੂ ਨਾਨਕ ਸਿੱਖ ਸੁਸਾਇਟੀ ਆਫ ਬਲੂ-ਮਾਊਂਟੇਨ, ਪੈਨਸਿਲਵੇਨੀਆਂ
ਸੇਪਾ ਸਿੱਖ ਗੁਰਦੁਆਰਾ, ਪੌਂਟਸਟਾਊਨ ਪੈਨਸਿਲਵੇਨੀਆਂ
ਗੁਰਦੁਆਰਾ ਆਫ ਲੈਂਕੈਸਟਰ ਕਾਊਂਟੀ, ਪੈਨਸਿਲਵੇਨੀਆਂ
ਟ੍ਰਾਈ ਸਟੇਟ ਸਿੱਖ ਕਲਚਰਲ ਸੁਸਾਇਟੀ, ਮੌਨਰੋਵਿਲ ਪੈਨਸਿਲਵੇਨੀਆਂ

ਗੁਰਦੁਆਰਾ ਨਾਨਕ ਦਰਬਾਰ, ਸਾਊਥਿੰਗਟਨ ਕਨੈਕਟੀਕਟ
ਗੁਰਦੁਆਰਾ ਗੁਰੂ ਤੇਗ ਬਹਾਦਰ ਫਾਊਂਡੇਸ਼ਨ, ਨੌਰਵਾਕ ਕਨੈਕਟੀਕਟ
ਗੁਰਦੁਆਰਾ ਸੱਚਖੰਡ ਦਰਬਾਰ, ਹੈਮਡਨ ਕਨੈਕਟੀਕਟ
ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਦਰਬਾਰ, ਵਿੰਡਸਰ ਕਨੈਕਟੀਕਟ
ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਕਨੈਕਟੀਕਟ

ਗੁਰਦੁਆਰਾ ਸਿੱਖ ਸੰਗਤ ਐਵਰੇਟ, ਬੌਸਟਨ ਮੈਸਾਚਿਊਸਟਸ
ਗੁਰਦੁਆਰਾ ਗੁਰੂ ਨਾਨਕ ਦਰਬਾਰ ਮੈਡਫੋਰਡ, ਬੌਸਟਨ ਮੈਸਾਚਿਊਸਟਸ
ਗੁਰਦੁਆਰਾ ਨਿਊ-ਇੰਗਲੈਂਡ ਸਿੱਖ ਸਟੱਡੀ ਸਰਕਲ, ਵੈਸਟਬੋਰੋ ਮੈਸਾਚਿਊਸਟਸ

ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਗ੍ਰੀਨਵੁੱਡ ਇੰਡਿਆਨਾਂ
ਗੁਰੂਦੁਆਰਾ ਗੁਰ ਨਾਨਕ ਦਰਬਾਰ, ਇੰਡੀਆਨਾਪੋਲਿਸ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਮਿਸ਼ਾਵਾਕਾ ਇੰਡਿਆਨਾਂ
ਦਸਮੇਸ਼ ਸਿੱਖ ਗੁਰੂਦੁਆਰਾ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਖਾਲਸਾ ਦਰਬਾਰ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਸਿੱਖ ਸੈਂਟਰ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਸ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਸਿੱਖ ਸੁਸਾਇਟੀ, ਇੰਡੀਆਨਾਪੋਲਿਸ ਇੰਡਿਆਨਾਂ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇੰਡੀਆਨਾਪੋਲਿਸ ਇੰਡਿਆਨਾਂ
ਗੁਰੂਦੁਆਰਾ ਗੋਬਿੰਦ ਮਾਰਗ, ਇੰਡਿਆਨਾਂ
ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਦੱਖਣੀ ਮੋੜ ਇੰਡਿਆਨਾਂ

**ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ**

ਗੁਰੂਦੁਆਰਾ ਜੋਤ ਅੰਮ੍ਰਿਤ ਪ੍ਰਕਾਸ਼, ਮੈਕਕਾਰਡਸਵਿਲੇ ਇੰਡਿਆਨਾਂ
ਗੁਰੂ ਗ੍ਰੰਥ ਸਿੱਖ ਸੋਸਾਇਟੀ, ਮੈਕਕਾਰਡਸਵਿਲੇ ਇੰਡਿਆਨਾਂ
ਸਿੱਖ ਰਿਲੀਜੀਅਸ ਸੋਸਾਇਟੀ ਆਫ਼ ਇੰਡੀਆਨਾ, ਕਰਾਊਨ ਪੁਆਇੰਟ ਇੰਡਿਆਨਾਂ
ਗੁਰੂਦੁਆਰਾ ਸਿੱਖ ਸਤਿਸੰਗ, ਇੰਡੀਆਨਾਪੋਲਿਸ ਇੰਡਿਆਨਾਂ
ਗੁਰਦੁਆਰਾ ਗੁਰੂ ਨਾਨਕ ਸੰਗਤ ਸੇਵਾ, ਨਿਊ ਵਾਈਟਲੈਂਡ ਇੰਡਿਆਨਾਂ
ਗੁਰਦੁਆਰਾ ਸਾਹਿਬ ਪ੍ਰੇਮ ਪ੍ਰਕਾਸ਼, ਫਰੈਂਕਲਿਨ ਇੰਡਿਆਨਾਂ

ਗੁਰਦੁਆਰਾ ਗੁਰੂ ਨਾਨਕ ਫਾਊਂਡੇਸ਼ਨ, ਔਹਾਇਓ
ਗੁਰਦੁਆਰਾ ਗੁਰੂ ਨਾਨਕ ਸਿੱਖ ਸੋਸਾਇਟੀ, ਔਹਾਇਓ
ਸਿੱਖ ਰਿਲਿਜੀਅਸ ਸੈਂਟਰ, ਡੇਟਨ ਔਹਾਇਓ
ਸਿੱਖ ਸੁਸਾਇਟੀ ਆਫ ਡੇਟਨ, ਔਹਾਇਓ
ਗੁਰੂ ਨਾਨਕ ਰਿਲਿਜੀਅਸ ਸੁਸਾਇਟੀ, ਔਹਾਇਓ
ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ, ਔਹਾਇਓ
ਗੁਰਦੁਆਰਾ ਸਾਹਿਬ ਆਫ ਕੋਲੰਬੀਆ ਔਹਾਇਓ
ਗੁਰੂ ਰਾਮਦਾਸ ਆਸ਼ਰਮ, ਔਹਾਇਓ

ਸਿੱਖ ਟੈਂਪਲ ਆਫ ਵਿਸਕੌਨਸਿਨ, ਓਕ-ਕਰੀਕ ਵਿਸਕੌਨਸਿਨ
ਗੁਰਦੁਆਰਾ ਸਾਹਿਬ ਆਫ ਸ਼ਿਕਾਗੋ, ਇਲਿਨੌਏਅ
ਗੁਰਦੁਆਰਾ ਸਿੱਖ ਕਮਿਊਨਿਟੀ ਸੈਂਟਰ, ਵ੍ਹੀਟਨ ਇਲਿਨੌਏਅ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸ਼ਿਕਾਗੋ, ਪੈਲਾਟਾਈਨ ਇਲਿਨੌਏਅ
ਗੁਰੂਦੁਆਰਾ ਸਿੱਖ ਟੈਂਪਲ, ਸਿਲਵਿਸ ਇਲਿਨੌਏਅ
ਨਾਨਕਸਰ ਗੁਰੂਦੁਆਰਾ ਸਾਹਿਬ, ਰੌਕਫੋਰਡ ਇਲਿਨੌਏਅ
ਗੁਰੂਦੁਆਰਾ ਸਿੱਖ ਸੋਸਾਇਟੀ ਆਫ ਕੈਨਟਕੀ, ਲੁਈਸਵਿਲ ਕੈਨਟਕੀ
ਗੁਰੂਦੁਆਰਾ ਸਿੱਖ ਟੈਂਪਲ ਆਫ ਬਲੂਗ੍ਰਾਸ, ਲੈਕਸਿੰਗਟਨ ਕੈਨਟਕੀ
ਗੁਰਦੁਆਰਾ ਸਿੰਘ ਸਭਾ ਆਫ ਮਿਸ਼ੀਗਨ, ਕੈਨਟਨ ਮਿਸ਼ੀਗਨ
ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਮਿਸ਼ੀਗਨ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਨਟਨ ਮਿਸ਼ੀਗਨ
ਸਿੱਖ ਟੈਂਪਲ ਡਾਊਨ ਰਿਵਰ, ਬ੍ਰਾਊਨਸਟਾਊਨ ਟਾਊਨਸ਼ਿਪ ਮਿਸ਼ੀਗਨ
ਮਾਤਾ ਤ੍ਰਿਪਤਾ ਜੀ ਗੁਰਦੁਆਰਾ (ਹਿਡਨ ਫਾਲਸ), ਪਲੀਮਥ ਮਿਸ਼ੀਗਨ

ਸਿੱਖ ਸੁਸਾਇਟੀ ਆਫ ਮਿਸ਼ੀਗਨ, ਸਟਰਲਿੰਗ ਹਾਈਟਸ ਮਿਸ਼ੀਗਨ
ਸਿੱਖ ਗੁਰਦੁਆਰਾ ਆਫ ਰੋਚੈਸਟਰ ਹਿੱਲਜ਼, ਮਿਸ਼ੀਗਨ
ਗੁਰਦੁਆਰਾ ਖਾਲਸਾ ਸਿੱਖ ਸੈਂਟਰ, ਗ੍ਰੈਂਡ ਬਲੈਂਕ ਮਿਸ਼ੀਗਨ
ਗੁਰੂ ਨਾਨਕ ਸਿੱਖ ਸੈਂਟਰ, ਲੈਂਸਿੰਗ ਮਿਸ਼ੀਗਨ
ਸਿੱਖ ਸੋਸਾਇਟੀ ਆਫ ਵੈਸਟ ਮਿਸ਼ੀਗਨ, ਫੋਰੈਸਟ ਹਿਲਸ ਮਿਸ਼ੀਗਨ
ਗੁਰਦੁਆਰਾ ਸਿੰਘ ਸਭਾ, ਗ੍ਰੈਂਡ ਰੈਪਿਡਜ਼ ਮਿਸ਼ੀਗਨ
ਗੁਰਦੁਆਰਾ ਸਿੰਘ ਸਭਾ ਆਫ਼ ਕਾਲਮਾਜ਼ੂ, ਮਿਸ਼ੀਗਨ
ਗੁਰਦੁਆਰਾ ਸਿੱਖ ਟੈਂਪਲ, ਬੈਟਲ ਕਰੀਕ ਮਿਸ਼ੀਗਨ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸਾਊਥਵੈਸਟ ਮਿਸ਼ੀਗਨ, ਬੈਂਟਨ ਹਾਰਬਰ ਮਿਸ਼ੀਗਨ
ਗੁਰਦੁਆਰਾ ਗੁਰੂ ਨਾਨਕ ਨਿਵਾਸ, ਮੁਸਕੇਗਨ ਮਿਸ਼ੀਗਨ
ਗੁਰਦੁਆਰਾ ਮਿਡ-ਮਿਸ਼ੀਗਨ ਸਿੰਘ ਸਭਾ, ਸਾਗਿਨਾਵ ਮਿਸ਼ੀਗਨ
ਸਿੱਖ ਗੁਰਦੁਆਰਾ ਆਫ ਮਿਸ਼ੀਗਨ, ਮਿਸ਼ੀਗਨ
ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਮਿਸ਼ੀਗਨ
ਗੁਰਦੁਆਰਾ ਗੁਰੂ ਰਾਮਦਾਸ ਆਸ਼ਰਮ, ਮਿਸ਼ੀਗਨ

ਅਦਾਰਾ ਟੀਵੀ-84 ਨਿਊਯਾਰਕ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ
ਸਿੱਖ ਯੂਥ ਆਫ ਅਮਰੀਕਾ
ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ ਆਫ ਹਰਿਆਣਾ, ਨਿਊਯਾਰਕ
ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ
ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ
ਸਿੱਖਸ ਫਾਰ ਜਸਟਿਸ
ਪੰਥਕ ਸਿੱਖ ਸੋਸਾਇਟੀ
ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ
ਸ਼ਹੀਦ ਊਧਮ ਸਿੰਘ ਸੋਸਾਇਟੀ
ਦੋਆਬਾ ਸਿੱਖ ਐਸੋਸੀਏਸ਼ਨ
ਭਾਈ ਲਾਲੋ ਜੀ ਸੋਸਾਇਟੀ
ਧੰਨ ਧੰਨ ਬਾਬਾ ਬੁੱਢਾ ਜੀ ਸਿੱਖ ਸੋਸਾਇਟੀ
ਧੰਨ ਧੰਨ ਬਾਬਾ ਦੀਪ ਸਿੰਘ ਸਿੱਖ ਸੋਸਾਇਟੀ

## ਪਰੇਡ ਵਿੱਚ ਕਿਸੇ ਵੀ ਤਰਾਂ ਦੀ ਲੰਗਰ ਆਦਿਕ ਜਾਂ ਹੋਰ ਸੇਵਾਵਾਂ ਲਈ ਅਤੇ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ:

| Himmat Singh (NY) | Kewal Singh Sidhu (PA) | Harjinder Singh (NJ) | Veer Singh Mangat (CT) | Devinder Singh Deo (VA) |
|---|---|---|---|---|
| Coordinator | Treasurer | Media Spokesman | Member | Member |
| 646-358-7745 | 215-264-5037 | 609-374-7249 | 203-919-3988 | 703-626-2561 |

**New York:**
Jatinder Singh Boparai
Gurdev Singh Kang
Rajinder Singh
Makhan Singh
Harminder Singh Ahluwalia
Baljinder Singh

**Virginia:**
Balwinder S Chatha
Mehtab S Kahlon
Narinder Singh
Bakhshish Singh
Udham Singh

**Maryland:**
Bakhshish Singh
Shwinder Singh
Harbans Singh
Manvir Singh Baltimore
Sukhdev Singh Chatha

**New Jersey:**
Inderjit Singh
Barjinder Singh Brar
Gurdawar Singh
Kewal Singh
Jasbir Singh
Joga Singh

**Pennsylvania:**
Bhagat Singh
Harcharan Singh
Navtej Singh Teji
Jasvir Singh

**Indiana:**
Santokh Singh
Subash Singh
Jagdish Singh
Japhi Singh

**Massachusetts:**
Karam Singh
Jagjit Singh

**Connecticut:**
Swaranjit Singh
Kuljeet Singh

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸੈਕਰਾਮੈਂਟੋ ਵੱਲੋਂ ਤੀਸਰਾ ਮਹਾਨ ਨਗਰ ਕੀਰਤਨ ਕੱਢਿਆ ਗਿਆ, ਵੱਖ ਵੱਖ ਸ਼ਖ਼ਸ਼ੀਅਤਾਂ ਦਾ ਸਨਮਾਨ






ਸੈਕਰਾਮੈਂਟੋ/ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) : ਸੈਕਰਾਮੈਂਟੋ ਦੇ ਬਰਾਡਸ਼ਾਅ ਰੋਡ ਸਥਿਤ ਗੁਰਦੁਆਰਾ ਸਾਹਿਬ ਵੱਲੋਂ ਮਹਾਨ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਰੀ ਗਿਣਤੀ ਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਜਾਏ ਗਏ ਭਾਰੀ ਦੀਵਾਨਾਂ ਚ ਵੱਖ-ਵੱਖ ਰਾਗੀ ਢਾਡੀਆਂ ਨੇ ਸਮੂਲੀਅਤ ਕੀਤੀ, ਰੋਜ਼ਾਨਾ ਸਜਾਏ ਜਾਂਦੇ ਦਿਵਾਨਾਂ ਵਿੱਚ ਗਿਆਨੀ ਪਿੰਦਰਪਾਲ ਸਿੰਘ ਕਥਾਵਾਚਕ ਭਾਈ ਕਰਮਜੀਤ ਸਿੰਘ ਯੂਕੇ ਵਾਲੇ, ਡਾਕਟਰ ਗੁਰਨਾਮ ਸਿੰਘ, ਡਾਕਟਰ ਗਗਨਦੀਪ ਸਿੰਘ ਭਾਈ ਸਰਬਜੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਮਲਜੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਰਮਜੀਤ ਸਿੰਘ, ਗਿਆਨੀ ਬਿਕਰਮਜੀਤ ਸਿੰਘ ਭਾਈ ਹਰਪ੍ਰੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਆਦਿ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ ਜਿਨ੍ਹਾਂ ਨੇ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਇਸ ਤੋਂ ਪਹਿਲਾਂ ਕਰਵਾਏ ਗਏ ਸਮਾਗਮਾਂ ਵਿੱਚ ਆਤਿਸ਼ਬਾਜੀ ਕੀਤੀ ਗਈ ਉਸ ਤੋਂ ਉਪਰੰਤ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਤੇ ਅੰਮ੍ਰਿਤ ਸੰਚਾਰ ਹੋਇਆ। ਸਜਾਏ ਗਏ ਇਸ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ ਤੇ ਭਾਰੀ ਦੀਵਾਨ ਸਜਾਏ ਗਏ ਵੱਖ ਵੱਖ ਅਮੇਰੀਕਨ ਆਫੀਸਲਜ ਨੂੰ ਤੇ ਸਥਾਨਕ ਸਿੱਖ ਸੇਵਾਦਾਰਾਂ ਨੂੰ ਸਰੋਪਾ ਦੇ ਕੇ ਸਨਮਾਨਿਤ ਵੀ ਕੀਤਾ ਗਿਆ, ਇਸ ਨਗਰ ਕੀਰਤਨ ਦਾ ਆਯੋਜਨ ਹੋਲੇ ਮਹੱਲੇ ਨੂੰ ਸਮਰਪਿਤ ਕੀਤਾ ਗਿਆ। ਇਸ ਨਗਰ ਕੀਰਤਨ ਵਿੱਚ ਜਿੱਥੇ ਪੰਜਾਂ ਪਿਆਰਿਆਂ ਦੀ ਅਗਵਾਈ ਕਰ ਰਹੇ ਫਲੋਟ ’ਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਸੁਸ਼ੋਭਿਤ ਸੀ ਤੇ ਉਥੇ ਬਾਕੀ ਫਲੋਟਾਂ ਦੇ ਵਿੱਚ ਵੱਖ-ਵੱਖ ਸ਼ਹੀਦਾਂ ਸਿੰਘਾਂ ਦੀਆਂ ਤੇ ਵੱਖ ਵੱਖ ਸਿੱਖ ਇਤਿਹਾਸ ਨੂੰ ਦਰਸਾਉਂਦੀਆਂ ਘਟਨਾਵਾਂ ਨੂੰ ਦਰਸਾਇਆ ਗਿਆ। ਇਸ ਉਪਰੰਤ ਵੱਖ ਵੱਖ ਸਿੱਖ ਇਤਿਹਾਸ ਨਾਲ ਲੱਗੇ ਬੁੱਕ ਸਟਾਲਾਂ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਲਈ ਲੱਗੇ ਸਟਾਲਾਂ ਤੋਂ ਲੋਕਾਂ ਨੇ ਭਰਪੂਰ ਜਾਣਕਾਰੀ ਲਈ ਇਸ ਤੋਂ ਇਲਾਵਾ ਯੂਬਾ ਸਿਟੀ, ਸਟਾਕਟਨ, ਵੈਸਟ ਸੈਕਰਾਮੈਂਟੋ, ਰਿਓਲਿੰਡਾ ਤੇ ਵੱਖ ਵੱਖ ਹੋਰ ਗੁਰੂ ਘਰਾਂ ਵੱਲੋਂ ਲੰਗਰਾਂ ਦੇ ਸਟਾਲ ਲਗਾਏ ਗਏ ਮੁੱਖ ਤੌਰ ਤੇ ਦਸ਼ਮੇਸ਼ ਦਰਬਾਰ ਵੱਲੋਂ ਨਗਰ ਕੀਰਤਨ ਦੇ ਵਿਚਕਾਰਲੇ ਸਮੇਂ ਵਿੱਚ ਸੰਗਤਾਂ ਦੀ ਭਰਪੂਰ ਸੇਵਾ ਕੀਤੀ ਗਈ ਇਸ ਗੁਰੂ ਦਸ਼ਮੇਸ਼ ਦਰਬਾਰ ਗੁਰੂ ਘਰ ਵੱਲੋਂ ਸੰਗਤਾਂ ਨੇ ਇਸ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸਿਕਿਉਰਟੀ ਤੇ ਸਿਹਤ ਸੇਵਾਵਾਂ ਦਾ ਖਾਸ ਪ੍ਰਬੰਧ, ਪ੍ਰਬੰਧਕਾਂ ਵੱਲੋਂ ਕੀਤਾ ਗਿਆ ਸੀ ਮੁੱਖ ਪ੍ਰਬੰਧਕਾਂ ਵਿੱਚ ਪ੍ਰਧਾਨ ਲਖਬੀਰ ਸਿੰਘ ਔਜਲਾ ਰਣਧੀਰ ਸਿੰਘ ਧੀਰਾ ਨਿੱਜਰ, ਗੁਰਮੀਤ ਵੜੈਚ, ਗੁਰਿੰਦਰ ਪਾਲ ਸਿੰਘ ਲਾਡੀ ਸੈਕਟਰੀ, ਦਵਿੰਦਰ ਸਿੰਘ, ਕਰਮਜੀਤ ਸਿੰਘ, ਚਰਨਜੀਤ ਸਿੰਘ ਢੀਡਸਾ, ਬਲਜੀਤ ਸਿੰਘ, ਗੁਰਪਿੰਦਰ ਸੰਧੂ ਆਦਿ ਨੇ ਇਸ ਨਗਰ ਕੀਰਤਨ ਦੇ ਪ੍ਰਬੰਧ ਵਿੱਚ ਅਹਿਮ ਭੂਮਿਕਾ ਨਿਭਾਈ।

# ਅਮਰੀਕਾ ਵਿੱਚ ਵੀ ਪੰਜਾਬੀ ਨੂੰ ਸੰਵਿਧਾਨਕ ਮਾਨਤਾ ਮਿਲਣੀ ਸ਼ੁਰੂ, ਜਾਰਜੀਆ ਅਸੈਂਬਲੀ ਨੇ ਕੀਤੀ ਪਹਿਲ

## ਇਸ ਪ੍ਰਸਤਾਵ ਨੂੰ ਰਸਮੀ ਤੌਰ ’ਤੇ 22 ਮਾਰਚ 2025 ਨੂੰ ਅਸੈਂਬਲੀ ਦੁਆਰਾ ਅਪਣਾਇਆ ਗਿਆ ਸੀ

ਨਿਊਯਾਰਕ : ਜਾਰਜੀਆ ਦੀ ਸਿੱਖ ਅਮਰੀਕਨ ਸੋਸਾਇਟੀ ਦੇ ਪ੍ਰਧਾਨ ਅਤੇ ਅਟਲਾਂਟਾ ਦੇ ਇੱਕ ਪ੍ਰਮੁੱਖ ਕਾਰੋਬਾਰੀ ਸੁਰਿੰਦਰ ਸਿੰਘ ਲਾਲੀ ਨੇ ਇਸ ਕਦਮ ਨੂੰ ਇਤਿਹਾਸਕ ਦੱਸਿਆ।

ਉਨ੍ਹਾਂ ਇੱਕ ਬਿਆਨ ਵਿੱਚ ਕਿਹਾ, ਇਹ ਸਨਮਾਨ ਜਾਰਜੀਆ ਅਤੇ ਇਸ ਤੋਂ ਬਾਹਰ ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਬਹੁਤ ਮਾਣ ਵਾਲੀ ਗੱਲ ਹੈ। ਇਹ ਸਾਡੇ ਭਾਈਚਾਰੇ ਦੇ ਵਧ ਰਹੇ ਪ੍ਰਭਾਵ ਅਤੇ ਯੋਗਦਾਨ ਨੂੰ ਦਰਸਾਉਂਦਾ ਹੈ। ਅਸੀਂ ਵਿਧਾਇਕਾਂ ਅਤੇ ਸਾਰੇ ਭਾਈਚਾਰੇ ਦੇ ਮੈਂਬਰਾਂ ਦੇ ਧਨਵਾਦੀ ਹਾਂ ਜਿਨ੍ਹਾਂ ਦੇ ਯਤਨਾਂ ਨੇ ਇਹ ਸੰਭਵ ਬਣਾਇਆ। ਇਸ ਪ੍ਰਸਤਾਵ ਨੂੰ ਰਸਮੀ ਤੌਰ ’ਤੇ 22 ਮਾਰਚ 2025 ਨੂੰ ਅਸੈਂਬਲੀ ਦੁਆਰਾ ਅਪਣਾਇਆ ਗਿਆ ਸੀ। ਪੰਜਾਬੀ ਨੂੰ ਦੁਨੀਆਂ ਦੀ 9ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਮੰਨਿਆ ਜਾਂਦਾ ਹੈ। ਇਹ ਦੱਖਣੀ ਏਸ਼ੀਆ, ਖ਼ਾਸ ਕਰ ਕੇ ਭਾਰਤ ਅਤੇ ਪਾਕਿਸਤਾਨ ਦੇ ਪੰਜਾਬ ਖੇਤਰ ਵਿੱਚ ਉਤਪੰਨ ਹੋਈ ਇੱਕ ਭਾਸ਼ਾ ਹੈ, ਜੋ ਦੋ ਲਿਪੀਆਂ ਵਿੱਚ ਲਿਖੀ ਜਾਂਦੀ ਹੈ - ਭਾਰਤ ਵਿੱਚ ਗੁਰਮੁਖੀ ਅਤੇ ਪਾਕਿਸਤਾਨ ਵਿੱਚ ਸ਼ਾਹਮੁਖੀ।

ਇਹ ਦੋਹਰੀ ਪਰੰਪਰਾ ਆਪਣੀ ਅਮੀਰ ਭਾਸ਼ਾਈ ਵਿਭਿੰਨਤਾ ਅਤੇ ਅਨੁਕੂਲਤਾ ਨੂੰ ਦਰਸਾਉਂਦੀ ਹੈ। ਪੰਜਾਬ ਖੇਤਰ ਤੋਂ ਬਾਹਰ, ਇਹ ਭਾਸ਼ਾ ਕੈਨੇਡਾ, ਯੂਨਾਈਟਿਡ ਕਿੰਗਡਮ, ਆਸਟ੍ਰੇਲੀਆ ਅਤੇ ਸੰਯੁਕਤ ਰਾਜ ਅਮਰੀਕਾ ਵਰਗੇ ਦੇਸ਼ਾਂ ਵਿੱਚ ਪ੍ਰਵਾਸੀ ਭਾਈਚਾਰਿਆਂ ਵਿੱਚ ਪ੍ਰਫੁੱਲਤ ਹੋਈ ਹੈ। ਸਿੱਖ ਧਰਮ ਵਿੱਚ



House of Representatives

House Resolution 430

By: Representatives Efstration of the 104th, Reeves of the 99th, Silcox of the 53rd, Donatucci of the 105th, and Hilton of the 48th

A RESOLUTION

Recognizing the Punjabi language; and for other purposes.

WHEREAS, native to the Punjab region of India and Pakistan, Punjabi is the ninth most widely spoken language in the world, with approximately 600 million speakers; and

WHEREAS, Punjabi has a significant number of speakers in India, Pakistan, the United Kingdom, the United States, Canada, and Australia, as well as smaller communities of speakers in other countries; and

WHEREAS, there are more than 780,000 Punjabi-speaking Americans and more than 15,000 Punjabi-speaking Georgians; and

WHEREAS, the Sikh American Society of Georgia and the Georgia Punjabi-speaking community are committed to preserving, protecting, and sharing Punjabi language, literature, art, culture, and traditions with fellow Georgians.

NOW, THEREFORE, BE IT RESOLVED BY THE HOUSE OF REPRESENTATIVES that the members of this body recognize the Punjabi language in honor of the contributions made by Punjabi speakers to our communities.

BE IT FURTHER RESOLVED that the Clerk of the House of Representatives is authorized and directed to make appropriate copies of this resolution available for distribution to the public and the press.

IN HOUSE
Read and Adopted
February 27, 2025

William L. Reilly
Clerk

ਪੰਜਾਬੀ ਦਾ ਵਿਸ਼ੇਸ਼ ਮਹੱਤਵ ਹੈ, ਕਿਉਂਕਿ ਇਹ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਭਾਸ਼ਾ ਹੈ। ਇਸ ਭਾਸ਼ਾ ਨੇ ਸੰਗੀਤ, ਸਾਹਿਤ ਅਤੇ ਧਾਰਮਿਕ ਅਭਿਆਸਾਂ ਰਾਹੀਂ ਵਿਸ਼ਵ ਪੱਧਰ ’ਤੇ ਆਪਣੀ ਪਛਾਣ ਬਣਾਈ ਹੈ।

ਜਾਰਜੀਆ ਦੀ ਇਹ ਪਹਿਲਕਦਮੀ ਹੋਰ ਅਮਰੀਕੀ ਰਾਜਾਂ ਲਈ ਵੀ ਪ੍ਰੇਰਨਾ ਬਣ ਸਕਦੀ ਹੈ। ਪੰਜਾਬੀ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ, ਜਦੋਂ ਕਿ ਯੂਕੇ ਵਿੱਚ ਇਹ ਚੋਟੀ ਦੀਆਂ ਪੰਜ ਭਾਸ਼ਾਵਾਂ ਵਿੱਚੋਂ ਇੱਕ ਹੈ। ਜਾਰਜੀਆ ਦਾ ਇਹ ਕਦਮ ਨਾ ਸਿਰਫ਼ ਭਾਸ਼ਾ ਦੇ ਵਿਸ਼ਵਵਿਆਪੀ ਮਹੱਤਵ ਨੂੰ



ਦਰਸਾਉਂਦਾ ਹੈ, ਸਗੋਂ ਡਾਇਸਪੋਰਾ ਭਾਈਚਾਰਿਆਂ ਦੀ ਉਨ੍ਹਾਂ ਜ਼ਮੀਨਾਂ ਨੂੰ ਅਮੀਰ ਬਣਾਉਣ ਦੀ ਸ਼ਕਤੀ ਨੂੰ ਵੀ ਉਜਾਗਰ ਕਰਦਾ ਹੈ ਜਿਨ੍ਹਾਂ ਨੂੰ ਉਹ ਆਪਣਾ ਘਰ ਕਹਿੰਦੇ ਹਨ। ਜਾਰਜੀਆ ਦੇ ਪੰਜਾਬੀ ਬੋਲਣ ਵਾਲੇ ਨਿਵਾਸੀ ਅਤੇ ਉਨ੍ਹਾਂ ਦੇ ਸਮਰਥਕ ਇਸ ਪ੍ਰਾਪਤੀ ਦਾ ਜਸ਼ਨ ਮਨਾ ਰਹੇ ਹਨ, ਇਸ ਨੂੰ ਆਪਣੀ ਸੱਭਿਆਚਾਰਕ ਵਿਰਾਸਤ ਅਤੇ ਅਮਰੀਕੀ ਇਤਿਹਾਸ ਵਿੱਚ ਜੀਵੰਤ ਮੌਜੂਦਗੀ ਦੇ ਪ੍ਰਮਾਣ ਵਜੋਂ ਦੇਖ ਰਹੇ ਹਨ। ਇਹ ਮਾਨਤਾ ਜਾਰਜੀਆ ਦੀ ਵਿਭਿੰਨਤਾ ਨੂੰ ਅਪਣਾਉਣ ਅਤੇ ਆਪਣੇ ਵਸਨੀਕਾਂ ਦੀ ਸੱਭਿਆਚਾਰਕ ਪਛਾਣ ਦਾ ਸਤਿਕਾਰ ਕਰਨ ਦੀ ਵਚਨਬੱਧਤਾ ਨੂੰ ਵੀ ਦਰਸਾਉਂਦੀ ਹੈ।

ਇਸ ਮਾਨਤਾ ਦੇ ਨਾਲ, ਜਾਰਜੀਆ ਦੁਨੀਆ ਭਰ ਦੇ ਉਨ੍ਹਾਂ ਖੇਤਰਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ ਜੋ ਪੰਜਾਬੀ ਦੀ ਮਹੱਤਤਾ ਨੂੰ ਸਵੀਕਾਰ ਕਰਦੇ ਹਨ। ਉਦਾਹਰਣ ਵਜੋਂ, ਪੰਜਾਬੀ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ, ਜਦੋਂ ਕਿ ਯੂਕੇ ਵਿੱਚ ਇਹ ਚੋਟੀ ਦੀਆਂ ਪੰਜ ਭਾਸ਼ਾਵਾਂ ਵਿੱਚੋਂ ਇੱਕ ਹੈ।

ਜਾਰਜੀਆ ਦਾ ਇਹ ਫ਼ੈਸਲਾ ਹੋਰ ਅਮਰੀਕੀ ਰਾਜਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ, ਜਿਸ ਨਾਲ ਰਾਸ਼ਟਰੀ ਪੱਧਰ ’ਤੇ ਪੰਜਾਬੀਆਂ ਦੀ ਸਥਿਤੀ ਹੋਰ ਮਜ਼ਬੂਤ ਹੋ ਸਕਦੀ ਹੈ। ਜਿਵੇਂ ਕਿ ਇਹ ਭਾਸ਼ਾ ਵਿਸ਼ਵ ਪੱਧਰ ’ਤੇ ਪ੍ਰਫੁੱਲਤ ਹੋ ਰਹੀ ਹੈ, ਜਾਰਜੀਆ ਵਿੱਚ ਇਸ ਦੀ ਅਧਿਕਾਰਤ ਮਾਨਤਾ ਇੱਕ ਮੋੜ ਹੈ, ਜੋ ਪ੍ਰਵਾਸੀ ਭਾਈਚਾਰਿਆਂ ਦੀ ਉਹਨਾਂ ਥਾਵਾਂ ਨੂੰ ਆਕਾਰ ਦੇਣ ਦੀ ਸ਼ਕਤੀ ਨੂੰ ਉਜਾਗਰ ਕਰਦੀ ਹੈ ਜਿਨ੍ਹਾਂ ਨੂੰ ਉਹ ਘਰ ਕਹਿੰਦੇ ਹਨ।

ਫਿਲਹਾਲ, ਜਾਰਜੀਆ ਦੇ ਪੰਜਾਬੀ ਬੋਲਣ ਵਾਲੇ ਵਸਨੀਕ ਅਤੇ ਉਨ੍ਹਾਂ ਦੇ ਸਹਿਯੋਗੀ ਇਸ ਇਤਿਹਾਸਕ ਜਿੱਤ ਦਾ ਜਸ਼ਨ ਮਨਾ ਰਹੇ ਹਨ, ਜੋ ਕਿ ਉਨ੍ਹਾਂ ਦੀ ਸਥਾਈ ਵਿਰਾਸਤ ਅਤੇ ਅਮਰੀਕੀ ਇਤਿਹਾਸ ਵਿੱਚ ਜੀਵੰਤ ਮੌਜੂਦਗੀ ਦਾ ਪ੍ਰਮਾਣ ਹੈ।

# ਹੁਣ ਬਾਰਡਰ ਨਹੀਂ ਟੱਪ ਸਕਣਗੇ ਪ੍ਰਵਾਸੀ, ਨਵੀਂ ਸਰਹੱਦੀ ਕੰਧ ਦੀ ਉਸਾਰੀ ਸ਼ੁਰੂ

ਵਾਸ਼ਿੰਗਟਨ (ਰਾਜ ਗੋਗਨਾ)- ਗੈਰ ਕਾਨੂੰਨੀ ਪ੍ਰਵਾਸੀ ਹੁਣ ਡੌਂਕੀ ਲਾ ਕੇ ਅਮਰੀਕਾ ਵਿਚ ਦਾਖਲ ਨਹੀ ਹੋ ਸਕਣਗੇ। ਰਾਸ਼ਟਰਪਤੀ ਟਰੰਪ ਨੇ ਵੱਡਾ ਕਦਮ ਚੁੱਕਿਆ ਹੈ। ਇਸ ਦੇ ਤਹਿਤ ਨਵਾਂ ਬੈਰੀਅਰ ਯੁਮਾ ਨੇੜੇ ਇੱਕ ਦੂਰ-ਦੁਰਾਡੇ ਮਾਰੂਥਲ ਖੇਤਰ ਵਿੱਚ ਲਗਾਇਆ ਜਾ ਰਿਹਾ ਹੈ। ਜਿੱਥੇ ਸਰਹੱਦੀ ਗਸ਼ਤ ਏਜੰਟਾਂ ਦਾ ਵੀ ਕਹਿਣਾ ਹੈ ਕਿ ਉਹ ਨਿਯਮਿਤ ਤੌਰ ’ਤੇ ਗੈਰਕਾਨੂੰਨੀ ਗਤੀਵਿਧੀਆਂ ’ਤੇ ਧਿਆਨ ਦੇ ਰਹੇ ਹਨ।

ਐਰੀਜ਼ੋਨਾ-ਮੈਕਸੀਕੋ-ਸਰਹੱਦ ਦੇ ਨਾਲ ਨਵੇਂ ਸਰਹੱਦੀ ਕੰਧ ਬਣਾਉਣ ਲਈ ਵੱਡੇ ਪੈਨਲ ਲਗਾਉਣੇ ਸ਼ੁਰੂ ਕਰ ਦਿੱਤੇ ਗਏ ਹਨ। ਜਿੱਥੇ ਨਵੇਂ 30-ਫੁੱਟ ਪੈਨਲਾਂ ਦੀ ਸਥਾਪਨਾ ਕੀਤੀ ਗਈ ਹੈ। ਜੋ ਵੈਲਟਨ ਤੋਂ 50 ਮੀਲ ਦੱਖਣ ਵਿੱਚ ਇੱਕ ਦੂਰ-ਦੁਰਾਡੇ ਮਾਰੂਥਲ ਖੇਤਰ ਵਿੱਚ ਸ਼ੁਰੂ ਕੀਤੇ ਗਏ ਹਨ। ਦੱਸਣਯੋਗ ਹੈ ਕਿ ਇਹ ਚਾਰ ਸਾਲਾਂ ਵਿੱਚ ਇਸ ਖੇਤਰ ਵਿੱਚ ਪਹਿਲੀ ਉਸਾਰੀ ਸ਼ੁਰੂ ਹੋਈ ਹੈ। ਕਿਉਂਕਿ ਸਾਰੇ ਪ੍ਰੋਜੈਕਟ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਦੌਰਾਨ ਰੋਕ ਦਿੱਤੇ ਗਏ ਸਨ। ਹੁਣ ਟਰੰਪ ਸਰਕਾਰ ਦੀ ਅੱਗੇ ਵਧਣ ਦੀ ਪ੍ਰਵਾਨਗੀ ਨਾਲ ਬਾਰਡਰ ਪੈਟਰੋਲ ਮੁੱਖ ਸਰਹੱਦੀ ਸੁਰੱਖਿਆ ਦੀ ਪਹਿਲਕਦਮੀਆਂ ਨੂੰ ਸਖ਼ਤੀ ਨਾਲ ਮੁੜ ਸ਼ੁਰੂ ਕੀਤਾ ਜਾ ਰਿਹਾ ਹੈ। ਯੁਮਾ ਸੈਕਟਰ ਲਈ ਇਹ ਐਰੀਜ਼ੋਨਾ-ਮੈਕਸੀਕੋ ਸਰਹੱਦ ਨਾਲ ਸਰਹੱਦੀ ਪਾੜੇ ਨੂੰ ਭਰਨ ਨਾਲ ਸ਼ੁਰੂ ਹੁੰਦਾ ਹੈ। ਕਿੰਨੇ ਮੀਲ ਪੂਰੇ ਕੀਤੇ ਜਾਣੇ ਹਨ, ਅਜੇ ਤੱਜ ਇਹ ਸਪੱਸ਼ਟ ਨਹੀਂ ਹੈ ਪਰ ਯੂਮਾ ਬਾਰਡਰ ਪੈਟਰੋਲ ਦਾ ਉਦੇਸ਼ ਲੰਬੇ ਸਮੇਂ ਤੋਂ ਬਾਈਡੇਨ ਸਰਕਾਰ ਨੂੰ ਇਨ੍ਹਾਂ ਕਮਜ਼ੋਰ ਪਾੜੇ ਨੂੰ ਬੰਦ ਕਰਨਾ, ਟਰੰਪ ਦਾ ਇੱਕ ਪ੍ਰੋਜੈਕਟ ਦੱਸਿਆ ਹੈ ਜੋ ਅਸਲ ਵਿੱਚ ਪਹਿਲੇ ਟਰੰਪ ਪ੍ਰਸ਼ਾਸਨ ਦੌਰਾਨ ਯੋਜਨਾਬੱਧ ਸੀ ਪਰ ਹੁਣ ਟਰੰਪ ਸਰਕਾਰ ਆਉਣ ’ਤੇ ਮੁੜ ਸ਼ੁਰੂ ਕੀਤਾ





ਗਿਆ ਹੈ। ਨਵੇਂ ਰਾਸ਼ਟਰਪਤੀ ਟਰੰਪ ਨੇ ਸਾਰੀਆ ਸਰਹੱਦਾਂ ਨੂੰ ਸੁਰੱਖਿਅਤ ਕਰਨ ਦੇ ਕਾਰਜਕਾਰੀ ਆਦੇਸ਼ ਦੇ ਕੇ ਡੌਂਕੀ ਲਾਉਣ ਵਾਲੀਆਂ ਸਰਹੱਦਾਂ ਬੰਦ ਕਰ ਦਿਤੀਆਂ ਹਨ।



### ਗੁਰੂਆਂ, ਸ਼ਹੀਦਾਂ, ਸੂਰਬੀਰਾਂ, ਦਾਨੀਆਂ, ਦੇ ਪਰਵਾਸੀਆਂ ਦੀ ਧਰਤੀ

# ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ

ਛੇਵੇਂ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਸਰਬਤ ਦੇ ਭਲੇ, ਮਨੁੱਖਤਾ ਦੀ ਸ਼ਾਂਤੀ, ਪ੍ਰਵਾਰਾਂ ਵਿੱਚ ਖੇੜੇ ਖੁਸ਼ੀਆਂ ਅਤੇ ਪਿਆਰ ਲਈ

**4 ਅਪ੍ਰੈਲ ਨੂੰ Gurdwara Sikh Center of The Pacific Coast** ਵਿਖੇ ਸ਼੍ਰੀ ਅਖੰਡਪਾਠ ਸਾਹਿਬ ਅਰੰਭ ਹੋਣਗੇ ਅਤੇ 6 ਅਪ੍ਰੈਲ ਨੂੰ ਸ਼੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮੂਹ ਸੰਗਤਾਂ ਦੇ ਚਰਨਾ ਵਿੱਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪ੍ਰਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ




I Love Bara Pind



V.P.O. Bara Pind-144418

**ਸਥਾਨ : ਗੁਰਦੁਆਰਾ Sikh Center of the Pacific Coast**

221 S. Highland Avenue, Selma CA 93662

ਮਿਤੀ 04-04-2025 ਦਿਨ ਸ਼ੁੱਕਰਵਾਰ : ਪ੍ਰਕਾਸ਼ ਸ੍ਰੀ ਅਖੰਡ ਪਾਠ ਸਾਹਿਬ....10 ਵਜੇ ਸਵੇਰੇ

ਮਿਤੀ 06-04-2025 ਦਿਨ ਐਤਵਾਰ : ਭੋਗ ਸ੍ਰੀ ਅਖੰਡ ਪਾਠ ਸਾਹਿਬ...10 ਵਜੇ ਸਵੇਰੇ

ਸ਼ਬਦ ਕੀਰਤਨ : 10.00 ਤੋਂ 11.00 ਵਜੇ ਤੱਕ

ਗੁਰਮਤਿ ਸਮਾਗਮ ਅਤੇ ਢਾਡੀ ਜਥਾ : 11.00 ਤੋਂ 1.00 ਵਜੇ ਤੱਕ

## ਹੋਰ ਜਾਣਕਾਰੀ ਲਈ ਸੰਪਰਕ ਕਰੋ

## ਗੁਰਦੁਆਰਾ ਸਾਹਿਬ ਸਿਲਮਾ (559) 666-5052

ਸ੍ਰ. ਨਰਿੰਦਰ ਸਿੰਘ ਸਹੋਤਾ (559) 318-0051

ਸ੍ਰ. ਨਿਰਮਲ ਸਿੰਘ ਸਹੋਤਾ (209) 277-0113

ਸ੍ਰ. ਜਗਰਾਜ ਸਿੰਘ ਸਹੋਤਾ (510) 673-0629

ਸ੍ਰ. ਮਨਜਿੰਦਰ ਸਿੰਘ ਸਹੋਤਾ (559) 287-9325

ਸ੍ਰ. ਬਲਜੀਤ ਸਿੰਘ ਸਹੋਤਾ (209) 587-1571

ਸ੍ਰ. ਤੀਰਥ ਸਿੰਘ ਸਹੋਤਾ (916) 271-8382

# ਨਸ਼ਿਆਂ ਖ਼ਿਲਾਫ਼ ਮੁਹਿੰਮ

ਗੱਲ ਜੂਨ 2017 ਦੀ ਹੈ। ਉਦੋਂ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ 'ਚ ਪੜ੍ਹਨ ਦੇ ਨਾਲ ਵਿਦਿਆਰਥੀ ਜੱਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਦਾ ਸਰਗਰਮ ਕਾਰਕੁਨ ਵੀ ਸੀ। ਇਸ ਤੋਂ ਇਲਾਵਾ ਗੁਜ਼ਾਰੇ ਲਈ ਖੇਤੀ ਵੀ ਕਰਦਾ ਸੀ। ਸਮਾਜਿਕ ਤੌਰ 'ਤੇ ਚੇਤੰਨ ਹੋਣ ਕਰਕੇ ਪਿੰਡ ਵਿੱਚ ਵੀ ਕੋਈ ਨਾ ਕੋਈ ਸਮਾਜਿਕ, ਰਾਜਨੀਤਿਕ ਸਰਗਰਮੀ ਕਰਦਾ ਰਹਿੰਦਾ ਸੀ। ਪੰਜਾਬ ਵਿੱਚ ਵਗ ਰਹੇ ਨਸ਼ਿਆਂ ਦੇ ਦਰਿਆ ਦੀ ਲਪੇਟ ਵਿੱਚ ਆਉਣ ਤੋਂ ਮੇਰਾ ਪਿੰਡ ਵੀ ਨਹੀਂ ਬਚ ਸਕਿਆ ਸੀ। ਚਿੱਟਾ, ਸਮੈਕ ਅਤੇ ਗੋਲੀਆਂ ਦੇ ਲਗਾਤਾਰ ਵਧਦੇ ਵਹਾਅ ਤੋਂ ਸੁਹਿਰਦ ਪਿੰਡ ਵਾਸੀ ਤੇ ਕੁਝ ਨੌਜਵਾਨ ਬਹੁਤ ਚਿੰਤਤ ਸਨ। ਅਸੀਂ ਜਦੋਂ ਵੀ ਇਕੱਠੇ ਹੁੰਦੇ ਤਾਂ ਜਿੱਥੇ ਇਸ ਸਮੱਸਿਆ ਦੇ ਹੱਲ ਬਾਰੇ ਚਿੰਤਾ ਜ਼ਾਹਰ ਕਰਦੇ ਉੱਥੇ ਵਿਉਂਤਬੰਦੀ ਕਰਨ ਬਾਰੇ ਵੀ ਸੋਚਦੇ। ਭੁੱਕੀ ਵਰਗਾ ਰਵਾਇਤੀ ਨਸ਼ਾ ਮਹਿੰਗਾ ਹੋਣ ਕਰਕੇ ਮੈਡੀਕਲ ਨਸ਼ਾ ਪਰਚੂਨ ਤੇ ਝੋਲਾਛਾਪ ਡਾਕਟਰਾਂ (ਕੁਝ ਇਕ ਨੂੰ ਛੱਡ ਕੇ) ਤੋਂ ਸਸਤਾ ਤੇ ਸੌਖਾ ਮਿਲ ਜਾਂਦਾ ਸੀ। ਪਿੰਡ ਦੀ ਇਸ ਸਥਿਤੀ ਨਾਲ ਨਜਿੱਠਣ ਲਈ ਅਗਵਾਈ ਕਰਨ ਵਾਸਤੇ ਕੋਈ ਤਿਆਰ ਨਹੀਂ ਸੀ।



ਸਾਡੀ ਬਚਪਨ ਦੇ ਤਿੰਨ ਦੋਸਤਾਂ ਦੀ ਤਿੱਕੜੀ ਪਿੰਡ ਦੇ ਕਈ ਅਹਿਮ ਤੇ ਸਾਂਝੇ ਮਸਲਿਆਂ ਨੂੰ ਉਭਾਰ ਕੇ ਹੱਲ ਕਰਵਾਉਣ 'ਚ ਪਹਿਲਾਂ ਵੀ ਕਾਮਯਾਬ ਹੋਈ ਸੀ। ਅਸੀਂ ਹਰ ਗਲਤ ਕੰਮ ਜਾਂ ਵਧੀਕੀ ਵਿਰੁੱਧ ਡਟ ਕੇ ਆਪਣੀ ਆਵਾਜ਼ ਬੁਲੰਦ ਕਰਦੇ। ਪਿੰਡ ਵਾਸੀਆਂ 'ਚ ਚੰਗਾ ਆਧਾਰ ਹੋਣ ਕਰਕੇ ਲੋਕਾਂ ਨੂੰ ਸਾਡੇ ਤੋਂ ਉਮੀਦ ਸੀ ਕਿ ਇਹ ਤਿੰਨੋਂ ਹੀ ਕੁਝ ਕਰ ਸਕਦੇ ਹਨ। ਅਸੀਂ ਪਿੰਡ ਦੇ ਨੌਜਵਾਨਾਂ ਨੂੰ ਨਾਲ ਲੈ ਕੇ ਨਸ਼ਾ ਵਿਰੋਧੀ ਮੁਹਿੰਮ ਦਾ ਆਗਾਜ਼ ਕਰ ਦਿੱਤਾ। ਸਭ ਤੋਂ ਪਹਿਲਾਂ ਨਸ਼ਾ ਵੇਚਣ ਵਾਲਿਆਂ ਨੂੰ ਆਪਣੇ ਪੱਧਰ 'ਤੇ ਸਮਝਾਉਣ ਦਾ ਯਤਨ ਕੀਤਾ ਪਰ ਸੁਧਰਨ ਦੀ ਬਜਾਏ ਉਨ੍ਹਾਂ ਵਿੱਚੋਂ ਇੱਕ ਝੋਲਾਛਾਪ ਡਾਕਟਰ ਨੇ ਤਾਂ ਸਾਨੂੰ ਹੀ ਚੁਣੌਤੀ ਦੇ ਦਿੱਤੀ ਕਿ ਕਿਸੇ 'ਚ ਦਮ ਨਹੀਂ ਕਿ ਉਸਨੂੰ ਰੋਕ ਸਕੇ। ਬਸ ਇਹ ਗੱਲ ਸਾਰੇ ਨੌਜਵਾਨਾਂ ਦੇ ਅੰਦਰ ਘਰ ਕਰ ਗਈ ਤੇ ਫਿਰ ਅਸੀਂ ਸਹੀ ਸਮਾਂ ਆਉਣ ਦੀ ਉਡੀਕ ਕਰਨ ਲੱਗੇ। ਪੁਲੀਸ ਪ੍ਰਸ਼ਾਸਨ ਨਾਲ ਸਾਰੀ ਗੱਲ ਤੈਅ ਕਰਨ ਤੋਂ ਬਾਅਦ ਅਸੀਂ ਫਿਰ ਇਕ ਦਿਨ ਸ਼ਾਮ ਨੂੰ ਇਕੱਠੇ ਹੋਏ ਤੇ ਮਿਥੀ ਯੋਜਨਾ ਮੁਤਾਬਕ ਉਸ ਡਾਕਟਰ ਤੋਂ ਗੋਲੀਆਂ ਬਰਾਮਦ ਕਰਵਾ ਕੇ ਉਸਨੂੰ ਪੁਲੀਸ ਹਵਾਲੇ ਕਰਵਾਇਆ। ਅਗਲੇ ਦਿਨ ਪਿੰਡੋਂ ਉਸ ਦੀ ਦੁਕਾਨ ਵੀ ਖਾਲੀ ਕਰਵਾ ਦਿੱਤੀ। ਇਸ ਡਾਕਟਰ ਤੋਂ ਇਲਾਵਾ ਹੋਰ ਗੋਲੀਆਂ ਵੇਚਣ ਵਾਲਿਆਂ ਨੂੰ ਵੀ ਪੁਲੀਸ ਦਾ ਸਾਥ ਦੇ ਕੇ ਫੜਾਇਆ। ਨਸ਼ਿਆਂ ਨੂੰ ਰੋਕਣ ਲਈ ਬਣੀ ਐੱਸ.ਟੀ.ਐੱਫ ਨੇ ਵੀ ਸਾਡੇ ਪਿੰਡ ਛਾਪਾ ਮਾਰਿਆ। ਹੁਣ ਤੱਕ ਇਹ ਸਾਰਾ ਮਾਮਲਾ ਮੀਡੀਆ ਵਿੱਚ ਵੀ ਆ ਚੁੱਕਿਆ ਸੀ। ਪਿੰਡ ਦੋ ਧੜਿਆਂ ਵਿੱਚ ਵੰਡਿਆ ਗਿਆ। ਇਕ ਪਾਸੇ ਅਸੀਂ ਤੇ ਦੂਜੇ ਪਾਸੇ ਨਸ਼ੇ ਵੇਚਣ ਵਾਲੇ ਤੇ ਹਾਕਮ ਜਮਾਤ ਦੀ ਪੁਸ਼ਤਪਨਾਹੀ ਕਰਨ ਵਾਲਿਆਂ ਨੇ ਇਕੱਠਿਆਂ ਹੋ ਕੇ ਮੀਡੀਆ ਵਿੱਚ ਪਿੰਡ 'ਚ ਨਸ਼ਾ ਨਾ ਹੋਣ ਦੀ ਗੱਲ ਨੂੰ ਲਗਾਤਾਰ ਉਭਾਰਿਆ। ਉਹ ਸਾਡੇ ਨਾਲ ਵੀ ਸਿੰਙ ਫਸਾਉਣਾ ਚਾਹੁੰਦੇ ਸਨ। ਪਿੰਡ ਪੱਧਰ 'ਤੇ ਸਾਡੇ ਵੱਲੋਂ ਚਲਾਈ ਮੁਹਿੰਮ ਤੋਂ ਕੁਝ ਦਿਨ ਬਾਅਦ ਹੀ ਜੁਲਾਈ ਦੇ ਪਹਿਲੇ ਹਫ਼ਤੇ 'ਨਸ਼ਿਆਂ ਖ਼ਿਲਾਫ਼ ਕਾਲਾ ਹਫ਼ਤਾ' ਮਿੰਟੂ ਗੁਰੂਸਰੀਆ, ਪਾਲੀ ਭੁਪਿੰਦਰ, ਬਲਤੇਜ ਪੰਨੂ ਤੇ ਸਾਥੀਆਂ ਵੱਲੋਂ ਸ਼ੁਰੂ ਕੀਤਾ ਗਿਆ। ਸਾਡੀ ਨਸ਼ਾ ਵਿਰੋਧੀ ਮੁਹਿੰਮ, ਵਿਰੋਧੀ ਧਿਰ ਦੇ ਨੇਤਾ ਦੇ ਧਿਆਨ 'ਚ ਆਉਣ ਕਰਕੇ ਉਨ੍ਹਾਂ ਸਾਡੇ ਪਿੰਡ ਆ ਕੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ। ਨਸ਼ਿਆਂ ਖ਼ ?ਲਾਫ਼ ਮੁਹਿੰਮ ਰਾਹੀਂ ਭਾਵੇਂ ਅਸੀਂ ਕੁਝ ਸਮੇਂ ਲਈ ਅੰਸ਼ਕ ਤੌਰ 'ਤੇ ਹੀ ਕਾਮਯਾਬ ਹੋਏ ਪਰ ਪੰਜਾਬ ਨੂੰ ਨਸ਼ਾ ਰਹਿਤ ਕਰਨ ਲਈ ਸਰਕਾਰਾਂ ਦਾ ਸਾਥ ਤੇ ਲੋਕ ਲਹਿਰ ਦੀ ਵੱਡੀ ਲਾਮਬੰਦੀ ਬਹੁਤ ਜ਼ਰੂਰੀ ਹੈ। ਸਾਡੀ ਨਸ਼ਾ ਵਿਰੋਧੀ ਮੁਹਿੰਮ ਨੂੰ ਲੋਕਾਂ ਦੇ ਕਈ ਸਵਾਲਾਂ ਦਾ ਵੀ ਸਾਹਮਣਾ ਵੀ ਕਰਨਾ ਪਿਆ ਜਿਵੇਂ ਕਿ ਕਿਹੜੇ-ਕਿਹੜੇ ਨਸ਼ੇ ਬੰਦ ਹੋਣੇ ਚਾਹੀਦੇ ਨੇ ? ਕੀ ਸ਼ਰਾਬ,ਤੰਬਾਕੂ ਅਤੇ ਸਿਗਰਟ ਆਦਿ ਵੀ ਇਸ ਸ਼ ?ਰੇਣੀ 'ਚ ਹਨ ? ਕੀ ਇਨ੍ਹਾਂ ਨਸ਼ਿਆਂ ਦੀ ਵਰਤੋਂ ਨੂੰ ਕਾਨੂੰਨੀ ਮਾਨਤਾ ਦਾ ਮਤਲਬ ਇਹ ਕੱਢਿਆ ਜਾਵੇ ਕਿ ਇਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੈ। ਲੋਕਾਂ ਦਾ ਕਹਿਣਾ ਸੀ ਕਿ ਉਹ ਲੰਬੇ ਸਮੇਂ ਤੋ ਰਵਾਇਤੀ ਨਸ਼ਿਆਂ ਦੀ ਵਰਤੋਂ ਕਰਦੇ ਆ ਰਹੇ ਹਨ ਤੇ ਉਨ੍ਹਾਂ ਲਈ ਇਹ ਛੱਡਣੇ ਸੌਖੇ ਨਹੀਂ। ਭਾਵੇਂ ਸਾਡੇ ਕੋਲ ਬਹੁਤੇ ਸਵਾਲਾਂ ਦੇ ਜਵਾਬ ਤਾਂ ਨਹੀਂ ਸਨ ਪਰ ਸਿੱਖਣ ਨੂੰ ਬਹੁਤ ਕੁਝ ਮਿਲਿਆ। ਅੰਤ ਵਿੱਚ ਇਹ ਕਹਿ ਸਕਦੇ ਹਾਂ ਕਿ ਨਸ਼ਿਆਂ ਦੀ ਰੋਕਥਾਮ ਲਈ ਹਰ ਮੁਹਿੰਮ ਨੂੰ ਸਾਰੀਆਂ ਗੱਲਾਂ ਧਿਆਨ ਵਿੱਚ ਰੱਖਣ ਦੀ ਲੋੜ ਹੈ। ਇਸ ਲਈ ਇਹ ਜ਼ਰੂਰ ਤੈਅ ਕਰਨਾ ਪਵੇਗਾ ਕਿ ਕਿਸੇ ਇੱਕ ਜਾਂ ਹਰ ਤਰ੍ਹਾਂ ਦੇ ਨਸ਼ਿਆ ਨੂੰ ਕੇਂਦਰ ਬਿੰਦੂ ਵਿੱਚ ਰੱਖਣਾ ਹੈ, ਜੋ ਪੰਜਾਬ ਦੀ ਜਵਾਨੀ ਨੂੰ ਤਬਾਹ ਕਰ ਰਹੇ ਹਨ। ਇਸ ਲਈ ਕਿਸੇ ਵੀ ਮੁਹਿੰਮ ਜਾਂ ਲਹਿਰ ਦੇ ਆਗਾਜ਼ ਤੋਂ ਪਹਿਲਾਂ ਸਾਰੇ ਪੱਖਾਂ ਨੂੰ ਵਾਚ ਕੇ ਵਿਗਿਆਨਿਕ ਤੇ ਉਸਾਰੂ ਯੋਜਨਾਬੰਦੀ ਕਰਨੀ ਪਵੇਗੀ ਤਾਂ ਜੋ ਮਿੱਥੇ ਟੀਚੇ ਦੀ ਪ੍ਰਾਪਤੀ ਹੋ ਸਕੇ।

- ਗੁਰਪ੍ਰੀਤ ਸਿੰਘ ਨਾਭਾ

# ਵਿਦਿਆਰਥੀ ਰਾਜਨੀਤੀ ਤੇ ਭਗਤ ਸਿੰਘ ਦੀ ਸੋਚ



ਉੱਚ ਸਿੱਖਿਆ ਦੀਆਂ ਸੰਸਥਾਵਾਂ ਅਕਸਰ ਦੁਨੀਆ ਭਰ ਵਿੱਚ ਮਾਣਮੱਤੇ ਅਤੇ ਘ੍ਰਿਣਤ ਦੋਵਾਂ ਕਿਸਮਾਂ ਦੇ ਵਿਦਰੋਹਾਂ ਲਈ ਪੰਘੂੜਾ ਬਣਦੀਆਂ ਰਹੀਆਂ ਹਨ। ਜੇਐੱਨਯੂ, ਦਿੱਲੀ ਯੂਨੀਵਰਸਿਟੀ, ਰਾਜਸਥਾਨ ਯੂਨੀਵਰਸਿਟੀ, ਹਰਿਆਣਾ ਕੇਂਦਰੀ ਯੂਨੀਵਰਸਿਟੀ, ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਵਿੱਚ ਚੱਲ ਰਹੀਆਂ ਵਿਚਾਰਧਾਰਕ ਲੜਾਈਆਂ ਸਾਰੀਆਂ ਸੰਬੰਧਿਤ ਧਿਰਾਂ ਲਈ ਚਿੰਤਾਵਾਂ ਪੈਦਾ ਕਰਦੀਆਂ ਹਨ। ਹਿੰਸਾ, ਹਮਲਿਆਂ ਅਤੇ ਵਿਰੋਧ ਅੰਦੋਲਨਾਂ ਦੀਆਂ ਘਟਨਾਵਾਂ ਜੋ ਭਾਵੇਂ ਵੱਖ-ਵੱਖ ਕਾਰਕਾਂ ਦੁਆਰਾ ਪ੍ਰੇਰਿਤ ਹਨ -ਇਨ੍ਹਾਂ ਸੰਸਥਾਵਾਂ ਵਿੱਚ ਰਾਜਨੀਤੀ ਦੀ ਭੂਮਿਕਾ ਬਾਰੇ ਮਹੱਤਵਪੂਰਨ ਸਵਾਲ ਉਠਾਉਂਦੀਆਂ ਹਨ।

ਕੀ ਸਾਨੂੰ ਸਾਡੇ ਵਿਦਿਅਕ ਆਲੇ-ਦੁਆਲੇ ਵਿੱਚ 'ਰਾਜਨੀਤੀ' ਦੀ ਲੋੜ ਹੈ ? ਕੀ ਇਹ ਸੰਸਥਾਵਾਂ ਲੋੜੀਂਦੀ ਆਜ਼ਾਦੀ ਦਾ ਨਿੱਘ ਮਾਣਦੀਆਂ ਹਨ ਅਤੇ ਸਾਡੇ ਰਾਸ਼ਟਰ ਦੁਆਰਾ ਅਪਣਾਏ ਗਏ ਲੋਕਤੰਤਰੀ ਆਦਰਸ਼ਾਂ ਨੂੰ ਦਰਸਾਉਂਦੀਆਂ ਹਨ ? ਹਾਲਾਂਕਿ ਵਿਦਿਆਰਥੀ ਰਾਜਨੀਤੀ ਸੁਭਾਵਿਕ ਤੌਰ 'ਤੇ ਸਮੱਸਿਆਜਨਕ ਨਹੀਂ ਹੈ ਪਰ ਭਾਰਤ ਵਿੱਚ ਵਿਦਿਆਰਥੀ ਯੂਨੀਅਨਾਂ ਦੇ ਰਾਜਨੀਤੀਕਰਨ ਦੇ ਕਈ ਅਣਚਾਹੇ ਨਤੀਜੇ ਨਿਕਲੇ ਹਨ। ਇਨ੍ਹਾਂ ਮੁੱਦਿਆਂ ਤੋਂ ਇਲਾਵਾ ਭਾਰਤ ਵਿੱਚ ਉਚੇਰੀ ਸਿੱਖਿਆ ਅਜਿਹੀਆਂ ਸਮੱਸਿਆ ਨਾਲ ਗ੍ਰਸੀ ਹੋਈ ਹੈ ਜੋ ਵਡੇਰੇ ਸਿਆਸੀ ਧਰਾਤਲ ਦੀ ਝਲਕ ਪੇਸ਼ ਕਰਦੇ ਹਨ। ਵਿਦਿਆਰਥੀ ਜਥੇਬੰਦੀਆਂ ਵਿਚਕਾਰ ਵਾਰ-ਵਾਰ ਹੋਣ ਵਾਲੀਆਂ ਝੜਪਾਂ, ਕਲਾਸਾਂ ਦਾ ਬਾਈਕਾਟ, ਹੜਤਾਲਾਂ, ਚੁਣਾਵੀ ਧਾਂਦਲੀਆਂ, ਬਾਹੂਬਲ ਦੀ ਨੁਮਾਇਸ਼, ਪੜ੍ਹਾਈ ਵਿੱਚ ਪੈਂਦਾ ਵਿਘਨ ਅਤੇ ਹਿੰਸਾ ਆਮ ਵਰਤਾਰਾ ਬਣ ਗਏ ਹਨ। ਸੰਸਥਾਈ ਰਾਜਨੀਤੀਕਰਨ ਦੇ ਆਲੋਚਕ ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਗਿਣਾਉਂਦੇ ਹਨ ਜਦੋਂ ਇਸ ਤਰ੍ਹਾਂ ਦੀਆਂ ਘਟਨਾਵਾਂ ਕਰ ਕੇ ਪੂਰੇ ਦੇ ਪੂਰੇ ਵਿਦਿਅਕ ਸੈਸ਼ਨ ਬਰਬਾਦ ਹੋ ਜਾਂਦੇ ਹਨ। ਉਹ ਆਧੁਨਿਕ ਭਾਰਤ ਦੇ ਮੰਦਿਰਾਂ ਵਜੋਂ ਪੁਕਾਰੇ ਜਾਂਦੇ ਇਨ੍ਹਾਂ ਸਿੱਖਿਆ ਕੇਂਦਰਾਂ ਵਿੱਚ ਸਿਆਸੀ ਹਿੰਸਾ ਦੀ ਘੁਸਪੈਠ ਦੀ ਨਿਖੇਧੀ ਕਰਦੇ ਹਨ।

ਇਨ੍ਹਾਂ ਘਟਨਾਵਾਂ ਪ੍ਰਤੀ ਭਗਤ ਸਿੰਘ ਹੁਰਾਂ ਦੀ ਸੋਚ ਕਿਹੋ ਜਿਹੀ ਹੋਣੀ ਸੀ ? ਭਗਤ ਸਿੰਘ ਅੱਜ ਵੀ ਗਾਂਧੀ, ਅੰਬੇਡਕਰ ਅਤੇ ਹੈਡਗੇਵਾਰ ਦੀਆਂ ਵਿਦਿਆਰਥੀ ਰਾਜਨੀਤੀ ਦੀਆਂ ਵੱਖੋ-ਵੱਖਰੀਆਂ ਵਿਚਾਰਧਾਰਕ ਲੀਹਾਂ ਦੇ ਆਰ-ਪਾਰ ਵਿਦਿਆਰਥੀ ਰਾਜਨੀਤੀ ਦੁਆਲੇ ਬੁਣੇ ਬਿਰਤਾਂਤ ਅਤੇ ਸਰਗਰਮੀ ਦਾ ਮੁਹਾਂਦਰਾ ਘੜਦੇ ਆ ਰਹੇ ਹਨ। ਭਗਤ ਸਿੰਘ ਦਾ ਵਿਸ਼ਵਾਸ ਸੀ ਕਿ "ਵਿੱਦਿਆ ਨੂੰ ਇੱਕ ਬਿਹਤਰ, ਵਧੇਰੇ ਬਰਾਬਰ, ਵਧੇਰੇ ਜਮਹੂਰੀ ਅਤੇ ਵਧੇਰੇ ਸਮਾਜਵਾਦੀ ਸਮਾਜ ਦੀ ਰਚਨਾ ਕਰਨੀ ਚਾਹੀਦੀ ਹੈ।"

ਅਕਸਰ ਵਿਚਾਰਧਾਰਾ ਦੇ ਨਾਲ ਪਾਠ ਕ੍ਰਮ ਦਾ ਬੋਝ ਵੀ ਪਾ ਦਿੱਤਾ ਜਾਂਦਾ ਹੈ ਅਤੇ ਸਿੱਖਿਆ ਸੰਸਥਾਵਾਂ ਅਕਾਦਮਿਕ ਝੁਕਾਵਾਂ ਦੇ ਇਸ ਝਾਂਸੇ ਵਿੱਚ ਝੁਕ ਜਾਂਦੀਆਂ ਹਨ। ਕਿਸੇ ਸਕੂਲ ਦੇ ਸੁਰੱਖਿਅਤ ਮਾਹੌਲ 'ਚੋਂ ਨਵੇਂ-ਨਵੇਂ ਆਏ ਕਿਸੇ ਅਠਾਰਾਂ ਕੁ ਸਾਲ ਦੇ ਨੌਜਵਾਨ ਜਾਂ ਮੁਟਿਆਰ ਦੇ ਕਿਸੇ ਖ਼ਾਸ ਵਿਚਾਰਧਾਰਾ ਦਾ ਤਾਉਮਰ ਹਮਾਇਤੀ ਜਾਂ ਹਿਤੈਸ਼ੀ ਬਣ ਜਾਣ ਦਾ ਖ਼ਤਰਾ ਹੁੰਦਾ ਹੈ। ਇਹਦੇ ਲਈ ਸੰਭਾਵੀ ਵੋਟਰ ਦਾ ਧਿਆਨ ਖਿੱਚਣ ਲਈ ਵਿਚਾਰਧਾਰਾਵਾਂ ਮੁਕਾਬਲਾ ਕਰ ਰਹੀਆਂ ਹੁੰਦੀਆਂ ਹਨ।

ਭਗਤ ਸਿੰਘ ਨੇ ਵਿਦਿਆਰਥੀਆਂ ਨੂੰ 'ਅਧਿਐਨ' ਕਰਨ ਦੀ ਅਪੀਲ ਕੀਤੀ ਸੀ ਤਾਂ ਕਿ ਉਹ ਆਪਣੇ ਵਿਰੋਧੀਆਂ ਦੇ ਤਰਕਾਂ ਦਾ ਟਾਕਰਾ ਕਰਨ ਦੇ ਸਮੱਰਥ ਬਣ ਸਕਣ। ਆਪਣੀ ਵਿਚਾਰਧਾਰਾ ਨੂੰ ਸਹਾਇਕ ਤਰਕਾਂ ਨਾਲ ਲੈਸ ਕਰੋ। ਜੇ ਤੁਸੀਂ ਕਿਸੇ ਪ੍ਰਚੱਲਤ ਧਾਰਨਾ ਦਾ ਵਿਰੋਧ ਕਰਦੇ ਹੋ, ਜੇ ਤੁਸੀਂ ਕਿਸੇ ਮਹਾਨ ਵਿਅਕਤੀ ਦੀ ਨੁਕਤਾਚੀਨੀ ਕਰਦੇ ਹੋ ਜੋ ਆਪਣੇ ਆਪ ਨੂੰ ਕੋਈ ਦੈਵੀ ਅਵਤਾਰ ਮੰਨਦਾ ਹੈ ਤਾਂ ਤੁਸੀਂ ਪਾਓਗੇ ਕਿ ਤੁਹਾਡੀ ਨੁਕਤਾਚੀਨੀ ਦਾ ਜਵਾਬ ਤੁਹਾਨੂੰ ਨਿਰਾਰਥਕ ਅਤੇ ਹੰਕਾਰੀ ਕਹਿ ਕੇ ਦਿੱਤਾ ਜਾਵੇਗਾ। ਇਸ ਦਾ ਕਾਰਨ ਮਾਨਸਿਕ ਅਗਿਆਨਤਾ ਹੈ। ਤਰਕ ਅਤੇ ਆਜ਼ਾਦ ਖਿਆਲੀ ਆਪੋ ਵਿੱਚ ਜੁੜੀਆਂ ਉਹ ਖ਼ੂਬੀਆਂ ਹਨ ਜੋ ਕਿਸੇ ਇਨਕਲਾਬੀ ਕੋਲ ਲਾਜ਼ਮੀ ਹੋਣੀਆਂ ਚਾਹੀਦੀਆਂ ਹਨ।"

ਹਾਲੀਆ ਸਾਲਾਂ ਵਿੱਚ ਭਾਰਤ ਦੀਆਂ ਸਭ ਤੋਂ ਵੱਡੀਆਂ ਯੂਨੀਵਰਸਿਟੀਆਂ ਵਿੱਚ ਕਾਫ਼ੀ ਉਥਲ-ਪੁਥਲ ਦੇਖਣ ਨੂੰ ਮਿਲੀ ਹੈ ਜੋ ਸਿਆਸੀ ਜੁਗਤਾਂ ਦੇ ਮੰਚ ਬਣ ਗਈਆਂ ਹਨ ਜਿੱਥੇ ਵਿਦਿਆਰਥੀ ਰਾਜਨੀਤੀ ਵਡੇਰੀਆਂ ਖਾਹਿਸ਼ਾਂ ਦੇ ਲਾਂਚਿੰਗ ਪੈਡ ਦਾ ਕੰਮ ਦਿੰਦੀਆਂ ਹਨ। ਲੂਈਸ ਅਲਥੂਜ਼ਰ ਮੁਤਾਬਕ ਸਟੇਟ/ਰਿਆਸਤ ਆਪਣੀ ਰਿਆਇਆ ਉੱਪਰ ਦਮਨਕਾਰੀ ਰਾਜਕੀ ਢਾਂਚਿਆਂ (ਜਿਵੇਂ ਕਿ ਪੁਲੀਸ) ਅਤੇ ਵਿਚਾਰਧਾਰਕ ਰਾਜਕੀ ਢਾਂਚਿਆਂ (ਜਿਵੇਂ ਕਿ ਕਾਲਜ ਤੇ ਯੂਨੀਵਰਸਿਟੀਆਂ) ਰਾਹੀਂ ਕੰਟਰੋਲ ਕਰਦੀਆਂ ਹਨ। ਵਿਦਿਆਰਥੀਆਂ ਨੂੰ ਅਕਸਰ ਸਿਆਸੀ ਤੌਰ 'ਤੇ ਜੁੜੇ ਸੰਦਾਂ ਰਾਹੀਂ ਵਿਸ਼ੇਸ਼ ਵਿਚਾਰਧਾਰਾਵਾਂ ਨੂੰ ਅਗਾਂਹ

**ਨਵਨੀਤ ਸ਼ਰਮਾ**

ਵਧਾਉਣ ਲਈ ਵਰਤਿਆ ਜਾਂਦਾ ਹੈ।

ਇਸ ਪ੍ਰਸੰਗ ਵਿੱਚ ਉਨ੍ਹਾਂ ਨੂੰ 'ਰੈਡੀਮੇਡ' ਨਾਇਕ ਤੇ ਆਦਰਸ਼ ਮੁਹੱਈਆ ਕਰਵਾਏ ਜਾਂਦੇ ਹਨ, ਜਿਨ੍ਹਾਂ ਦੇ ਹਰ ਹੁਕਮ ਨੂੰ ਬਿਨਾਂ ਕਿਸੇ ਕਿੰਤੂ-ਪ੍ਰੰਤੂ ਤੋਂ ਪ੍ਰਵਾਨ ਕੀਤਾ ਜਾਂਦਾ ਹੈ। ਭਗਤ ਸਿੰਘ ਨੇ ਇਸ ਮਾਨਸਿਕਤਾ ਖ਼ ?ਲਾਫ਼ ਖ਼ਬਰਦਾਰ ਕਰਦਿਆਂ ਲਿਖਿਆ ਸੀ: "ਇਹ ਕਹਿਣਾ ਕਿ ਮਹਾਤਮਾਵਾਂ ਦੀ ਆਲੋਚਨਾ ਨਹੀਂ ਕੀਤੀ ਜਾਣੀ ਚਾਹੀਦੀ ਕਿਉਂਕਿ ਉਹ ਆਲੋਚਨਾ ਤੋਂ ਉੱਪਰ ਹੁੰਦੇ ਹਨ ਅਤੇ ਇਸ ਕਰ ਕੇ ਉਹ ਰਾਜਨੀਤੀ, ਧਰਮ, ਅਰਥਚਾਰੇ ਅਤੇ ਇਖ਼ਲਾਕ ਬਾਰੇ ਜੋ ਵੀ ਕੁਝ ਕਹਿੰਦੇ ਹਨ, ਉਹ ਸਹੀ ਹੁੰਦਾ ਹੈ ਅਤੇ ਉਹ ਜੋ ਕੁਝ ਵੀ ਆਖਦੇ ਹਨ, ਉਸ ਨੂੰ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ, ਭਾਵੇਂ ਤੁਸੀਂ ਇਸ 'ਤੇ ਵਿਸ਼ਵਾਸ ਕਰੋ ਜਾਂ ਨਾ - ਇਹ ਇੱਕ ਅਜਿਹੀ ਮਾਨਸਿਕਤਾ ਨੂੰ ਦਰਸਾਉਂਦਾ ਹੈ ਜੋ ਸਾਨੂੰ ਤਰੱਕੀ ਵੱਲ ਨਹੀਂ ਲਿਜਾ ਸਕਦੀ ਅਤੇ ਇਹ ਸਾਫ਼ ਤੌਰ 'ਤੇ ਪਿਛਾਂਹਖਿੱਚੂ ਹੈ।"

ਭਗਤ ਸਿੰਘ ਵਿਦਿਆਰਥੀ ਰਾਜਨੀਤੀ ਦੇ ਖ਼ ?ਲਾਫ਼ ਨਹੀਂ ਸੀ, ਸਗੋਂ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਅਕਸਰ ਨਾਂਹ-ਮੁਖੀ ਵਿਖਾਵੇ ਦੇ ਬਾਵਜੂਦ ਰਾਜਨੀਤੀ ਬੁਨਿਆਦੀ ਤੌਰ 'ਤੇ ਬੁਰਾ ਸੰਕਲਪ ਨਹੀਂ ਹੈ। ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਸੀ ਕਿ ਹਰੇਕ ਵਿਦਿਆਰਥੀ ਅਤੇ ਨੌਜਵਾਨ ਕੋਲ ਮਜ਼ਬੂਤ ਦ੍ਰਿਸ਼ਟੀ ਹੋਣੀ ਚਾਹੀਦੀ ਹੈ। ਭਾਵ ਉਹ ਜਿਹੋ ਜਿਹੇ ਸਮਾਜ ਵਿੱਚ ਰਹਿਣਾ ਜਾਂ ਬਣਾਉਣਾ ਚਾਹੁੰਦਾ ਹੈ, ਉਸ ਦੀ ਕੋਈ ਪ੍ਰੇਰਨਾਮਈ ਚਾਹਤ ਹੋਣੀ ਚਾਹੀਦੀ ਹੈ। ਹਾਲਾਂਕਿ ਕਿਸੇ ਨੂੰ ਇਹ ਆਦਰਸ਼ਕ ਗੱਲ ਲੱਗ ਸਕਦੀ ਹੈ ਪਰ ਇਹ ਮਹਿਜ਼ ਖ਼ਾਮ ਖ਼ ?ਆਲੀ ਨਹੀਂ ਹੁੰਦੀ। ਸਗੋਂ ਇਸ ਉਮੀਦ ਦੀ ਕਿਰਨ, ਸੰਭਾਵਨਾ ਅਤੇ ਵਾਅਦੇ ਨਾਲ ਭਰੇ ਭਵਿੱਖ ਦੀ ਰੋਸ਼ਨੀ ਹੋਣੀ ਚਾਹੀਦੀ ਹੈ।

ਭਗਤ ਸਿੰਘ ਨੇ ਆਪਣੇ ਦੋ ਅਹਿਮ ਲੇਖਾਂ "ਵਿਦਿਆਰਥੀ ਅਤੇ ਰਾਜਨੀਤੀ" ਅਤੇ "ਨੌਜਵਾਨ ਸਿਆਸੀ ਕਾਰਕੁਨਾਂ ਦੇ ਨਾਂ ਚਿੱਠੀ" ਵਿੱਚ ਵਿਚਾਰ ਪ੍ਰਗਟਾਏ ਸਨ ਕਿ "ਵਿਦਿਆਰਥੀਆਂ ਨੂੰ ਸ਼ੋਸ਼ਣਕਾਰੀ ਢਾਂਚਿਆਂ ਨੂੰ ਤੋੜਨ ਅਤੇ ਆਜ਼ਾਦੀ, ਲੋਕਰਾਜ ਅਤੇ ਸਮਾਜਵਾਦ 'ਤੇ ਅਧਾਰਿਤ ਸਮਾਜ ਦੀ ਉਸਾਰੀ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਤਾਲਮੇਲ ਬਣਾ ਕੇ ਜਥੇਬੰਦ ਹੋਣਾ ਚਾਹੀਦਾ ਹੈ ਅਤੇ ਰਾਜਨੀਤੀ ਵਿੱਚ ਸਰਗਰਮ ਹੋਣਾ ਚਾਹੀਦਾ ਅਤੇ ਸਮਾਜਵਾਦੀ ਇਨਕਲਾਬ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।"

ਉਨ੍ਹਾਂ ਵਿਦਿਆਰਥੀਆਂ ਨੂੰ ਸੰਦੇਸ਼ ਦਿੱਤਾ ਸੀ: "ਪਹਿਲਾਂ ਆਪਣੀ ਸ਼ਖ਼ਸੀਅਤ ਨੂੰ ਕੁਚਲ ਦਿਓ। ਨਿੱਜੀ ਸੁੱਖ-ਸਹੂਲਤਾਂ ਦੇ ਸੁਪਨਿਆਂ ਨੂੰ ਝੰਜੋੜ ਦਿਓ। ਫਿਰ ਕੰਮ ਕਰਨਾ ਸ਼ੁਰੂ ਕਰੋ। ਕਦਮ-ਦਰ-ਕਦਮ ਤੁਹਾਨੂੰ ਅੱਗੇ ਵਧਣਾ ਪਵੇਗਾ। ਇਸ ਲਈ ਹਿੰਮਤ, ਲਗਨ ਅਤੇ ਬਹੁਤ ਮਜ਼ਬੂਤ ਦ੍ਰਿੜ ਇਰਾਦੇ ਦੀ ਲੋੜ ਹੈ। ਕੋਈ ਵੀ ਮੁਸ਼ਕਿਲ ਅਤੇ ਕੋਈ ਵੀ ਮੁਸ਼ਕਿਲ ਤੁਹਾਨੂੰ ਨਿਰਾਸ਼ ਨਹੀਂ ਕਰੇਗੀ। ਕੋਈ ਵੀ ਅਸਫਲਤਾ ਅਤੇ ਵਿਸ਼ਵਾਸਘਾਤ ਤੁਹਾਨੂੰ ਨਿਰਾਸ਼ ਨਹੀਂ ਕਰੇਗਾ। ਤੁਹਾਡੇ 'ਤੇ ਥੋਪਿਆ ਗਿਆ ਕੋਈ ਵੀ ਦੁੱਖ ਤੁਹਾਡੇ ਅੰਦਰ ਇਨਕਲਾਬੀ ਇੱਛਾ ਸ਼ਕਤੀ ਨੂੰ ਖ਼ਤਮ ਨਹੀਂ ਕਰੇਗਾ। ਦੁੱਖ ਅਤੇ ਕੁਰਬਾਨੀ ਦੀ ਅਗਨੀ ਪ੍ਰੀਖਿਆ ਵਿੱਚੋਂ, ਤੁਸੀਂ ਜੇਤੂ ਹੋ ਕੇ ਬਾਹਰ ਆਓਗੇ ਅਤੇ ਇਹ ਵਿਅਕਤੀਗਤ ਜਿੱਤਾਂ ਇਨਕਲਾਬ ਦੀਆਂ ਮੁੱਲਵਾਨ ਸੰਪਤੀਆਂ ਹੋਣਗੀਆਂ।"

ਮਾਰਥਾ ਨਸਬਾਮ ਨੇ ਆਪਣੀਆਂ ਲਿਖਤਾਂ ਵਿੱਚ ਖ਼ਬਰਦਾਰ ਕੀਤਾ ਕਿ "ਤਕਨੀਕੀ ਤੌਰ 'ਤੇ ਕੁਸ਼ਲ ਅਜਿਹੇ ਲੋਕਾਂ ਦਾ ਰਾਸ਼ਟਰ ਬਣ ਜਾਣਾ ਬਹੁਤ ਬਿਪਤਾਜਨਕ ਹੋਵੇਗਾ ਜੋ ਆਲੋਚਨਾਤਮਕ ਢੰਗ ਨਾਲ ਸੋਚਣ, ਆਤਮਝਾਤ ਅਤੇ ਮਾਨਵਤਾ ਤੇ ਦੂਜਿਆਂ ਦੀ ਵਿਭਿੰਨਤਾ ਦੇ ਸਤਿਕਾਰ ਦੀ ਕਾਬਲੀਅਤ ਗੁਆ ਚੁੱਕੇ ਹੋਣ।"

ਸਿੱਖਿਆਦਾਨੀਆਂ ਅਤੇ ਸਿੱਖਿਆ ਦੇ ਪੈਰਵੀਕਾਰ ਪੱਕਾ ਵਿਸ਼ਵਾਸ ਕਰਦੇ ਹਨ ਕਿ ਯੂਨੀਵਰਸਿਟੀ ਅਤੇ ਕਾਲਜ ਅਲੱਥ-ਥਲੱਗ ਕਲਪਨਾ ਲੋਕ ਨਹੀਂ ਬਣ ਜਾਣਾ ਚਾਹੀਦਾ ਸਗੋਂ ਆਪੋ-ਆਪਣੀਆਂ ਹੱਦਬੰਦੀਆਂ ਤੋਂ ਪਰ੍ਹੇ ਦੀ ਦੁਨੀਆ ਬਾਰੇ ਜਾਣਨਾ ਅਤੇ ਯੋਗਦਾਨ ਪਾਉਣਾ ਚਾਹੀਦਾ ਹੈ।

ਦੇਸ਼ ਨੂੰ ਸੋਚਵਾਨ ਅਤੇ ਸਾਂਝੀਵਾਲ ਨਾਗਰਿਕਾਂ ਦੀ ਲੋੜ ਹੈ ਨਾ ਕਿ ਦੱਬੂ ਵਿਅਕਤੀਆਂ ਜਾਂ ਧਾਰਮਿਕ ਮੂਲਵਾਦੀਆਂ ਦੀ। ਇਸ ਦੀ ਬਜਾਏ ਸਾਨੂੰ ਲੋਕਾਂ ਵਿੱਚ ਭਗਤ ਸਿੰਘ ਦੀ ਫਿਲਾਸਫ਼ੀ ਫੈਲਾਉਣੀ ਚਾਹੀਦੀ ਹੈ: "ਜੀਵਨ ਦਾ ਉਦੇਸ਼ ਹੁਣ ਮਨ ਨੂੰ ਕਾਬੂ ਕਰਨਾ ਨਹੀਂ ਰਹਿ ਗਿਆ ਸਗੋਂ ਇਸ ਨੂੰ ਸਦਭਾਵੀ ਢੰਗ ਨਾਲ ਵਿਕਸਤ ਕਰਨਾ ਹੈ, ਇਸ ਤੋਂ ਅਗਾਂਹ ਮੁਕਤੀ ਹਾਸਲ ਕਰਨਾ ਨਹੀਂ ਸਗੋਂ ਵਰਤਮਾਨ ਨੂੰ ਬਿਹਤਰੀਨ ਢੰਗ ਨਾਲ ਵਰਤੋਂ ਵਿੱਚ ਲਿਆਉਣਾ ਹੈ ਅਤੇ ਸਿਰਫ਼ ਧਿਆਨ ਲਗਾ ਕੇ ਸਚਾਈ, ਸੁੰਦਰਤਾ ਅਤੇ ਅੱਛਾਈ ਨੂੰ ਸਾਕਾਰ ਕਰਨ ਦਾ ਨਹੀਂ ਸਗੋਂ ਰੋਜ਼ਮਰ੍ਹਾ ਦੇ ਜੀਵਨ ਦਾ ਹਕੀਕੀ ਅਨੁਭਵ ਪ੍ਰਾਪਤ ਕਰਨਾ ਹੈ; ਸਮਾਜਿਕ ਤਰੱਕੀ ਕੁਝ ਕੁ ਬੰਦਿਆਂ ਦੀ ਉੱਤਮਤਾ 'ਤੇ ਨਿਰਭਰ ਨਹੀਂ ਕਰਦੀ ਸਗੋਂ ਬਹੁਤੇ ਲੋਕਾਂ ਦੀ ਬਿਹਤਰੀ 'ਤੇ ਨਿਰਭਰ ਕਰਦੀ ਹੈ; ਅਤੇ ਅਧਿਆਤਮਕ ਲੋਕਰਾਜ ਜਾਂ ਸਰਬਵਿਆਪੀ ਭਾਈਚਾਰਾ ਤਦ ਹੀ ਹਾਸਿਲ ਕੀਤਾ ਜਾ ਸਕਦਾ ਹੈ ਜਦੋਂ ਸਮਾਜਿਕ, ਰਾਜਨੀਤਕ ਅਤੇ ਸਨਅਤੀ ਜੀਵਨ ਵਿੱਚ ਮੌਕਿਆਂ ਦੀ ਬਰਾਬਰੀ ਹੋਵੇਗੀ।"

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਪੁਲਾੜ 'ਚ ਫਸੇ ਯਾਤਰੀਆਂ ਲਈ ਲੱਗੇ ਵੱਧ ਸਮੇਂ ਦਾ ਭੁਗਤਾਨ ਕਰਨਗੇ ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਪੁਲਾੜ ਯਾਤਰੀਆਂ ਬੈਰੀ 'ਬੁੱਚ' ਵਿਲਮੋਰ ਤੇ ਸੁਨੀਤਾ ਵਿਲੀਅਮਜ਼ ਦੇ ਓਵਰਟਾਈਮ ਦਾ ਭੁਗਤਾਨ ਆਪਣੀਆਂ ਜੇਬਾਂ ਵਿਚੋਂ ਕਰਨਗੇ, ਜੋ ਇਸ ਹਫ਼ਤੇ ਪੁਲਾੜ ਵਿਚ ਨੌਂ ਮਹੀਨੇ ਬਿਤਾਉਣ ਤੋਂ ਬਾਅਦ ਧਰਤੀ 'ਤੇ ਵਾਪਸ ਆਏ ਸਨ। ਦੋਵੇਂ ਪੁਲਾੜ ਯਾਤਰੀ, ਜਿਨ੍ਹਾਂ ਨੂੰ ਅੱਠ ਦਿਨਾਂ ਦੇ ਮਿਸ਼ਨ 'ਤੇ ਹੋਣਾ ਚਾਹੀਦਾ ਸੀ, ਨੇ ਪੁਲਾੜ ਵਿਚ 286 ਦਿਨ ਬਿਤਾਏ - ਉਨ੍ਹਾਂ ਦੇ ਪੁਲਾੜ ਯਾਨ ਦੇ ਖਰਾਬ ਹੋਣ ਤੋਂ ਬਾਅਦ ਉਮੀਦ ਤੋਂ 278 ਦਿਨ ਵੱਧ। ਓਵਲ ਦਫਤਰ ਵਿਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਟਰੰਪ ਨੂੰ ਜਦੋਂ ਗਣਨਾ ਕੀਤੇ ਗਏ ਓਵਰਟਾਈਮ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਨੇ ਕਿਹਾ 'ਕਿਸੇ ਨੇ ਵੀ ਮੈਨੂੰ ਕਦੇ ਇਸ ਬਾਰੇ ਨਹੀਂ ਦੱਸਿਆ। ਜੇ ਮੈਨੂੰ ਕਰਨਾ ਪਿਆ, ਤਾਂ ਮੈਂ ਇਸਨੂੰ ਆਪਣੀ ਜੇਬ ਵਿਚੋਂ ਅਦਾ ਕਰਾਂਗਾ।' ਟਰੰਪ ਨੇ ਇਹ ਗੱਲ ਉਦੋਂ ਕਹੀ ਜਦੋਂ ਇੱਕ ਫੌਕਸ ਨਿਊਜ਼ ਰਿਪੋਰਟਰ ਨੇ ਵਿਲਮੋਰ ਤੇ ਵਿਲੀਅਮਜ਼ ਨੂੰ



ਪੁਲਾੜ ਵਿਚ ਹਰੇਕ ਦਿਨ ਲਈ ਪ੍ਰਤੀ ਦਿਨ 5 ਡਾਲਰ ਮਿਲੇ, ਜੋ ਕਿ ਵਾਧੂ ਤਨਖਾਹ ਵਿਚ 1,430 ਡਾਲਰ ਬਣਦਾ ਹੈ। ਇੱਕ ਬਚਾਅ ਦਲ ਇਸ ਹਫ਼ਤੇ ਸਪੇਸਐਕਸ ਕਰੂ ਡਰੈਗਨ ਕੈਪਸੂਲ 'ਤੇ ਵਿਲੀਅਮਜ਼ ਤੇ ਵਿਲਮੋਰ ਨੂੰ ਧਰਤੀ 'ਤੇ ਵਾਪਸ ਲਿਆਇਆ। ਟਰੰਪ ਨੇ ਟੇਸਲਾ, ਸਪੇਸਐਕਸ ਦੇ ਮੁਖੀ ਤੇ ਸਰਕਾਰੀ ਕੁਸ਼ਲਤਾ ਵਿਭਾਗ ਦੇ ਮੁਖੀ ਐਲੋਨ ਮਸਕ ਦਾ ਵੀ ਧੰਨਵਾਦ ਕੀਤਾ। ਨਾਸਾ ਅਨੁਸਾਰ, ਆਪਣੀ ਸਾਲਾਨਾ ਤਨਖਾਹ - ਲਗਭਗ 152,258 ਅਮਰੀਕੀ ਡਾਲਰ ਤੋਂ ਇਲਾਵਾ ਵਿਲਮੋਰ ਤੇ ਵਿਲੀਅਮਜ਼ ਨੂੰ ਪੁਲਾੜ ਵਿਚ ਆਪਣੇ 286 ਦਿਨਾਂ ਲਈ ਲਗਭਗ 1430 ਅਮਰੀਕੀ ਡਾਲਰ ਮਿਲੇ।

# ਵਿਕ ਗਈ ਟਵਿੱਟਰ ਦੀ ਨੀਲੀ ਚਿੜੀ

ਕੈਲੀਫੋਰਨੀਆ : ਟਵਿੱਟਰ ਦਾ ਮਸ਼ਹੂਰ ਬਲੂ ਬਰਡ ਲੋਗੋ ਆਰ ਆਰ ਨਿਲਾਮੀ ਵਿਚ 34,375 ਅਮਰੀਕੀ ਡਾਲਰ ਵਿਚ ਵਿਕਰੀ ਲਈ ਰੱਖਿਆ ਗਿਆ ਸੀ। ਜਦੋਂ ਐਲੋਨ ਮਸਕ ਨਵਾਂ ਮਾਲਕ ਬਣਿਆ ਤੇ ਇਸਦਾ ਨਾਮ ਬਦਲ ਕੇ 'ਐਕਸ' ਰੱਖ ਦਿੱਤਾ ਗਿਆ ਤਾਂ ਕੰਪਨੀ ਦੇ ਸਾਨ ਫਰਾਂਸਿਸਕੋ ਹੈੱਡਕੁਆਰਟਰ ਤੋਂ ਪ੍ਰਤੀਕ ਬਲੂ ਬਰਡ ਲੋਗੋ ਹਟਾ ਦਿੱਤਾ। 254 ਕਿਲੋਗ੍ਰਾਮ ਦਾ ਲੋਗੋ, ਜਿਸਦਾ ਮਾਪ 12 ਫੁੱਟ ਗੁਣਾ 9 ਫੁੱਟ ਸੀ। ਇਹ ਗੱਲ ਆਰ.ਆਰ. ਕੰਪਨੀ ਨੇ ਦੱਸੀ। ਇਹ ਕੰਪਨੀ 'ਦੁਰਲੱਭ ਤੇ ਸੰਗ੍ਰਹਿਯੋਗ ਚੀਜ਼ਾਂ' ਦਾ ਵਪਾਰ ਕਰਦੀ ਹੈ। ਹਾਲਾਂਕਿ, ਉਸਨੇ ਖਰੀਦਦਾਰ ਦੀ ਪਛਾਣ ਨਹੀਂ ਦੱਸੀ। ਟੇਸਲਾ ਦੇ ਸੀ.ਈ.ਓ. ਨੇ 2022 ਵਿਚ ਐਕਸ, ਜੋ ਪਹਿਲਾਂ ਟਵਿੱਟਰ ਸੀ, ਨੂੰ 44 ਬਿਲੀਅਨ ਡਾਲਰ ਵਿਚ ਖਰੀਦਿਆ। ਹਾਲਾਂਕਿ, ਪ੍ਰਾਪਤੀ ਤੋਂ ਬਾਅਦ ਇਸ਼ਤਿਹਾਰਾਂ ਨੂੰ ਬਰਕਰਾਰ ਰੱਖਣ ਵਿਚ ਪਲੇਟਫਾਰਮ ਦੀਆਂ ਮੁਸ਼ਕਿਲਾਂ ਦੇ ਕਾਰਨ, ਫਿਡੇਲਿਟੀ ਇਨਵੈਸਟਮੈਂਟਸ ਵਰਗੇ ਨਿਵੇਸ਼ਕਾਂ ਨੇ ਆਪਣੇ ਨਿਵੇਸ਼ਾਂ ਦੇ ਮੁੱਲ ਦੀ ਕਾਫ਼ੀ ਮਾਤਰਾ ਗੁਆ ਦਿੱਤੀ।

# ਭਾਰਤੀਆਂ ਦਾ ਅਮਰੀਕਾ ਤੋਂ ਹੋ ਰਿਹੈ ਮੋਹ ਭੰਗ, H-AB ਅਰਜ਼ੀਆਂ ਚ ਭਾਰੀ ਕਮੀ

ਨਿਊਯਾਰਕ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਜ਼ਾ ਨੀਤੀਆਂ ਸਖ਼ਤ ਕਰ ਦਿੱਤੀਆਂ ਹਨ। ਜਦੋਂ ਤੋਂ ਰਾਸ਼ਟਰਪਤੀ ਟਰੰਪ ਨੇ ਕਿਹਾ ਹੈ ਕਿ ਐੱਚ-1ਬੀ ਵੀਜ਼ਾ 'ਅਮਰੀਕਾ ਫਸਟ' ਨੀਤੀ ਦੇ ਮੁਤਾਬਕ ਨਹੀਂ ਹੈ, ਉਦੋਂ ਤੋਂ ਇਸ ਦੀਆਂ ਲਾਟਰੀ ਦੀਆਂ ਅਰਜ਼ੀਆਂ ਅੱਧੀਆਂ ਰਹਿ ਗਈਆਂ ਹਨ। ਇਸ ਵੇਲੇ ਸਿਰਫ਼ 2.7 ਲੱਖ ਅਰਜ਼ੀਆਂ ਹੀ ਪ੍ਰਾਪਤ ਹੋਈਆਂ ਹਨ, ਜਦੋਂ ਕਿ 7 ਲੱਖ ਤੋਂ ਵੱਧ ਅਰਜ਼ੀਆਂ ਆਉਣੀਆਂ ਸਨ। ਅਰਜ਼ੀ ਦੀ ਪ੍ਰਕਿਰਿਆ 3 ਤੋਂ 24 ਮਾਰਚ ਤੱਕ ਚੱਲੇਗੀ। ਇਸ ਵਾਰ ਐਪਲੀਕੇਸ਼ਨ ਫੀਸ ਵਿੱਚ ਵੀ 210% ਦਾ ਵਾਧਾ ਹੋਇਆ ਹੈ। ਪਹਿਲਾਂ ਇਹ 840 ਰੁਪਏ ਸੀ। ਸੀ, ਜੋ ਹੁਣ 18,060 ਰੁਪਏ ਹੈ। ਹੈ। ਕੰਪਨੀਆਂ ਨੂੰ ਇਹ ਖਰਚਾ ਚੁੱਕਣਾ ਪੈਂਦਾ ਹੈ। ਇਸ ਕਾਰਨ ਉਨ੍ਹਾਂ ਵੱਲੋਂ ਮੁਲਾਜ਼ਮਾਂ ਦੀ ਚੋਣ ਕਰਨ ਵਿੱਚ ਸਾਵਧਾਨੀ ਵਰਤੀ ਜਾ ਰਹੀ ਹੈ। ਸਿਲੀਕਾਨ ਵੈਲੀ ਵਿੱਚ ਇੱਕ ਦਰਜਨ ਤੋਂ ਵੱਧ ਭਾਰਤੀ ਸਾਫਟਵੇਅਰ ਇੰਜੀਨੀਅਰਾਂ ਦਾ ਕਹਿਣਾ ਹੈ ਕਿ ਵਧਦੀ ਲਾਗਤ, ਫੀਸ ਵਿੱਚ ਵਾਧਾ ਅਤੇ ਫਾਈਲਿੰਗ ਦੀਆਂ ਨਵੀਆਂ ਪਾਬੰਦੀਆਂ ਵੀ ਰੁਕਾਵਟਾਂ ਬਣ ਰਹੀਆਂ ਹਨ।

ਸਾਨ ਫਰਾਂਸਿਸਕੋ ਵਿੱਚ ਭਾਰਤੀ ਮੂਲ ਦੇ ਇੱਕ ਸਾਫਟਵੇਅਰ ਇੰਜੀਨੀਅਰ ਨੇ ਕਿਹਾ,"ਨਵੀਂ ਪਾਬੰਦੀਆਂ ਕਾਰਨ ਇੱਕ ਵਿਅਕਤੀ ਸਿਰਫ ਇੱਕ ਪਾਸਪੋਰਟ ਲਈ ਅਰਜ਼ੀ ਦੇ ਸਕਦਾ ਹੈ। ਇਸ ਨਾਲ ਮੰਗ ਪ੍ਰਭਾਵਿਤ ਹੋਈ ਹੈ।" ਕਈ ਯੂਨੀਵਰਸਿਟੀਆਂ ਦੇ ਦਾਖ਼ਲਾ ਸਲਾਹਕਾਰਾਂ ਅਨੁਸਾਰ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਹੋਰ ਗਿਰਾਵਟ ਆਉਣ ਦੀ ਸੰਭਾਵਨਾ ਹੈ। ਕੋਲੰਬੀਆ ਯੂਨੀਵਰਸਿਟੀ ਦੇ ਕਾਉਂਸਲਰ ਨੇ ਕਿਹਾ,÷ਕੈਂਪਸ ਨਸਲਵਾਦ ਅਤੇ ਸੋਸ਼ਲ ਮੀਡੀਆ




'ਤੇ ਹਮਲਿਆਂ ਤੋਂ ਲੈ ਕੇ ਕਾਲਜ ਤੋਂ ਬਾਅਦ ਨੌਕਰੀ ਦੇ ਮੌਕਿਆਂ ਤੱਕ ਭਾਰਤੀ ਵਿਦਿਆਰਥੀਆਂ ਦੀਆਂ ਬਹੁਤ ਸਾਰੀਆਂ ਚਿੰਤਾਵਾਂ ਹਨ।÷ ਟੈਕਸਾਸ ਯੂਨੀਵਰਸਿਟੀ ਦੀ ਵਿਦਿਆਰਥਣ ਅਨੁਸਾਰ,"ਇੱਕ ਚੰਗੀ ਡਿਗਰੀ, ਕਈ ਨੌਕਰੀਆਂ ਦੀਆਂ ਪੇਸ਼ਕਸ਼ਾਂ ਅਤੇ ਇੱਕ ਸ਼ਾਨਦਾਰ ਜੀਵਨ ਬਹੁਤ ਸਾਰੇ ਭਾਰਤੀਆਂ ਦਾ ਐਫ-1 ਸਟੱਡੀ ਵੀਜ਼ਾ 'ਤੇ ਅਮਰੀਕਾ ਆਉਣ ਦਾ ਸੁਫ਼ਨਾ ਹੈ। ਭਾਵੇਂ ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲਾ ਦੇਣ ਦਾ ਕੋਈ ਖਤਰਾ ਨਹੀਂ ਹੈ ਪਰ ਫਿਰ ਵੀ ਕਈ ਕਾਰਨਾਂ ਕਰਕੇ ਉਨ੍ਹਾਂ ਦੇ ਮਨਾਂ ਵਿੱਚ ਡਰ ਬਣਿਆ ਹੋਇਆ ਹੈ।"

ਅਮਰੀਕਾ ਵਿੱਚ 2023 ਵਿੱਚ 61 ਅਰਜ਼ੀਆਂ 2,34,473 ਸਨ, ਜੋ 2024 ਵਿੱਚ ਘੱਟ ਕੇ 2,04,058 ਰਹਿ ਗਈਆਂ। ਭਾਵ 13% ਦੀ ਕਮੀ ਆਈ ਹੈ। ਸਖ਼ਤੀ ਕਾਰਨ ਵੱਡੀ ਗਿਣਤੀ ਵਿੱਚ ਭਾਰਤੀ ਤਕਨੀਕੀ ਕਾਮੇ ਕੈਨੇਡਾ ਚਲੇ ਗਏ ਹਨ ਜਾਂ ਉੱਥੋਂ ਦੀਆਂ ਕੰਪਨੀਆਂ ਵਿੱਚ ਅਪਲਾਈ ਕਰ ਰਹੇ ਹਨ। ਟਰੰਪ ਤੋਂ ਬਾਅਦ ਹੁਣ ਤੱਕ 10,000 ਤੋਂ ਜ਼ਿਆਦਾ ਭਾਰਤੀ ਤਕਨੀਸ਼ੀਅਨ ਕੈਨੇਡਾ ਗਏ ਹਨ।

2023 ਵਿੱਚ ਭਾਰਤੀਆਂ ਨੇ 3.86 ਲੱਖ 8-12 ਵੀਜ਼ਿਆਂ ਵਿੱਚੋਂ 72.3% ਪ੍ਰਾਪਤ ਕੀਤੇ। 2022 ਵਿੱਚ ਇਹ ਸੰਖਿਆ 77% ਸੀ। ਵੱਡੀ ਗਿਣਤੀ 'ਚ ਐੱਚ-1ਬੀ ਵੀਜ਼ਾ ਧਾਰਕ ਭਾਰਤ ਤੋਂ ਹਨ ਪਰ ਹੁਣ ਇਸ 'ਚ ਕਮੀ ਆਉਣ ਦੀ ਸੰਭਾਵਨਾ ਹੈ। ਜ਼ਿਆਦਾਤਰ ਇਮੀਗ੍ਰੇਸ਼ਨ ਅਟਾਰਨੀ 8-12, 61 ਵੀਜ਼ਾ ਧਾਰਕਾਂ ਅਤੇ ਗ੍ਰੀਨ ਕਾਰਡ ਧਾਰਕਾਂ ਨੂੰ ਕਹਿ ਰਹੇ ਹਨ ਕਿ ਭਾਰਤੀ ਯਾਤਰੀਆਂ ਨੂੰ ਵੀਜ਼ਾ ਸਟੈਂਪਿੰਗ, ਹਵਾਈ ਅੱਡਿਆਂ 'ਤੇ ਸਖਤ ਜਾਂਚ ਅਤੇ ਅਨਿਯਮਿਤ ਹਿਰਾਸਤ ਵਿੱਚ ਦੇਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਭਾਵੇਂ ਉਹ ਸਾਲਾਂ ਤੋਂ ਅਮਰੀਕਾ ਵਿੱਚ ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਇਸ ਲਈ ਉਨ੍ਹਾਂ ਨੂੰ ਅਮਰੀਕਾ ਤੋਂ ਬਾਹਰ ਜਾਣ ਤੋਂ ਪਹਿਲਾਂ ਦੋ ਵਾਰ ਸੋਚਣਾ ਚਾਹੀਦਾ ਹੈ।


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans




## NC, SC, GA, FL, AL, LA, MS to CA, AZ, NV, CA, AZ, NV to NC, SC, GA, FL, AL, LA, MS

- ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਅਮਰੀਕਾ 5 ਲੱਖ 30 ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੂੰ ਦੇਵੇਗਾ ਝਟਕਾ




ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ 5 ਲੱਖ 30 ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੂੰ ਅਸਥਾਈ ਕਾਨੂੰਨੀ ਦਰਜੇ ਤੋਂ ਵਾਂਝਾ ਕਰਨ ਜਾ ਰਿਹਾ ਹੈ। ਜੇਕਰ ਇਸ ਪਹਿਲਕਦਮੀ ਨੂੰ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਦੇਸ਼ ਵਿੱਚ ਉਨ੍ਹਾਂ ਦੇ ਅਸਥਾਈ ਠਹਿਰਨ ਦੇ ਪ੍ਰੋਗਰਾਮ 24 ਅਪ੍ਰੈਲ ਨੂੰ ਖ਼ਤਮ ਹੋ ਜਾਣਗੇ। 'ਐਨ.ਬੀ.ਸੀ' ਨੇ ਇੱਕ ਦਸਤਾਵੇਜ਼ ਦਾ ਹਵਾਲਾ ਦਿੰਦੇ ਹੋਏ ਇਹ ਜਾਣਕਾਰੀ ਦਿੱਤੀ।

ਚੈਨਲ ਅਨੁਸਾਰ ਇਹ ਸਥਿਤੀ ਉਨ੍ਹਾਂ ਪ੍ਰਵਾਸੀਆਂ ਨੂੰ ਪ੍ਰਭਾਵਿਤ ਕਰਦੀ ਹੈ ਜੋ 2023 ਵਿੱਚ ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੇ ਅਧੀਨ ਸ਼ੁਰੂ ਕੀਤੇ ਗਏ ਇੱਕ ਵਿਸ਼ੇਸ਼ ਪ੍ਰੋਗਰਾਮ ਦੇ ਤਹਿਤ ਦਾਖਲ ਹੁੰਦੇ ਹਨ। ਇਸ ਪ੍ਰੋਗਰਾਮ ਨੇ ਵਿਦੇਸ਼ੀਆਂ ਨੂੰ ਅਮਰੀਕੀ ਸਪਾਂਸਰ ਦੇ ਸਮਰਥਨ ਨਾਲ ਅਮਰੀਕਾ ਵਿੱਚ ਦਾਖਲ ਹੋਣ ਅਤੇ ਦੋ ਸਾਲਾਂ ਤੱਕ ਦੇਸ਼ ਵਿੱਚ ਕੰਮ ਕਰਨ ਦੀ ਆਗਿਆ ਦਿੱਤੀ। ਐਨ.ਬੀ.ਸੀ ਅਨੁਸਾਰ 2024 ਵਿੱਚ ਅਧਿਕਾਰੀਆਂ ਨੇ ਪ੍ਰੋਗਰਾਮ ਦੇ ਤਹਿਤ ਪ੍ਰਵਾਸੀਆਂ ਨੂੰ ਸਵੀਕਾਰ ਕਰਨਾ ਥੋੜ੍ਹੇ ਸਮੇਂ ਲਈ ਰੋਕ ਦਿੱਤਾ ਕਿਉਂਕਿ ਉਹ ਚਿੰਤਤ ਸਨ ਕਿ ਇਸਦੀ ਵਰਤੋਂ ਧੋਖਾਧੜੀ ਵਾਲੇ ਲੈਣ-ਦੇਣ ਲਈ ਕੀਤੀ ਜਾ ਰਹੀ ਹੈ। ਪ੍ਰਸਾਰਕ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਅਮਰੀਕਾ ਵਿੱਚ ਵਿਦੇਸ਼ੀਆਂ ਦੇ ਦਾਖਲੇ ਅਤੇ ਅਸਥਾਈ ਠਹਿਰਨ ਲਈ ਬਾਈਡੇਨ ਦੁਆਰਾ ਸਥਾਪਤ ਪ੍ਰੋਗਰਾਮਾਂ ਤਹਿਤ ਕਿਊਬਾ, ਹੈਤੀ, ਨਿਕਾਰਾਗੁਆ ਅਤੇ ਵੈਨੇਜ਼ੁਏਲਾ ਤੋਂ ਅਮਰੀਕਾ ਪਹੁੰਚੇ 530,000 ਤੋਂ ਵੱਧ ਲੋਕਾਂ ਦੀ ਅਸਥਾਈ ਕਾਨੂੰਨੀ ਸਥਿਤੀ ਨੂੰ ਰੱਦ ਕਰਨ ਦਾ ਇਰਾਦਾ ਰੱਖਦਾ ਹੈ।

# ਅਮਰੀਕਾ 'ਚ ਸੰਘੀ ਸਿੱਖਿਆ ਵਿਭਾਗ ਬੰਦ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਘੀ ਸਿੱਖਿਆ ਵਿਭਾਗ ਖ਼ਤਮ ਕਰਨ ਸਬੰਧੀ ਹੁਕਮ 'ਤੇ ਸਹੀ ਪਾਈ ਹੈ। ਟਰੰਪ ਦੀ ਇਹ ਪੇਸ਼ਕਦਮੀ ਰਿਪਬਲਿਕਨ ਸਮਰਥਕਾਂ ਨਾਲ ਕੀਤੇ ਵਾਅਦੇ ਨੂੰ ਪੂਰਾ ਕਰਨ ਵਜੋਂ ਦੇਖੀ ਜਾ ਰਹੀ ਹੈ। ਟਰੰਪ ਨੇ ਵ੍ਹਾਈਟ ਹਾਊਸ ਦੇ ਈਸਟ ਰੂਮ ਵਿਚ ਸਮਾਗਮ ਦੌਰਾਨ ਕਿਹਾ, 'ਅਸੀਂ ਸਿੱਖਿਆ ਨੂੰ ਮੁੜ ਰਾਜਾਂ ਦੇ ਹੱਥਾਂ ਵਿਚ ਸੌਂਪ ਰਹੇ ਹਾਂ, ਜਿੱਥੇ ਇਸ ਨੂੰ ਅਸਲ ਵਿਚ ਹੋਣਾ ਚਾਹੀਦਾ ਹੈ।" ਇਸ ਮੌਕੇ ਅਮਰੀਕੀ ਸਦਰ ਨਾਲ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਗਰੁੱਪ ਮੌਜੂਦ ਸੀ। ਟਰੰਪ ਨੇ ਜਿਨ੍ਹਾਂ ਸਰਕਾਰੀ ਹੁਕਮਾਂ 'ਤੇ ਸਹੀ ਪਾਈ ਹੈ, ਉਸ ਦਾ ਮੁੱਖ ਮੰਤਵ ਸਿੱਖਿਆ ਨੀਤੀ ਨੂੰ ਲਗਪਗ ਪੂਰੀ ਤਰ੍ਹਾਂ ਨਾਲ ਰਾਜਾਂ ਤੇ ਸਥਾਨਕ ਸਕੂਲ ਬੋਰਡਾਂ ਦੇ ਹਵਾਲੇ ਕਰਨਾ ਹੈ। ਹਾਲਾਂਕਿ ਇਸ ਫੈਸਲੇ ਨਾਲ ਡੈਮੋਕਰੈਟਾਂ ਤੇ ਸਿੱਖਿਆ ਕਾਰਕੁਨਾਂ ਦੇ ਫਿਕਰ ਵਧ ਗਏ ਹਨ।

# ਗਬਾਰਡ ਦੀ ਯਾਤਰਾ ਭਾਰਤ-ਅਮਰੀਕਾ ਦੇ ਮਜ਼ਬੂਤ ਰਿਸ਼ਤਿਆਂ ਦਾ ਸਬੂਤ

## ਹਾਲ ਹੀ 'ਚ ਭਾਰਤ ਦੀ ਯਾਤਰਾ 'ਤੇ ਸੀ ਅਮਰੀਕੀ ਨੈਸ਼ਨਲ ਇੰਟੈਲੀਜੈਂਸ ਡਾਇਰੈਕਟਰ

ਵਾਸ਼ਿੰਗਟਨ : ਅਮਰੀਕੀ ਨੈਸ਼ਨਲ ਇੰਟੈਲੀਜੈਂਸ ਡਾਇਰੈਕਟਰ (ਡੀਐੱਨਆਈ) ਤੁਲਸੀ ਗਬਾਰਡ ਦੀ ਭਾਰਤ ਯਾਤਰਾ ਦਹਾਕਿਆਂ ਤੋਂ ਚੱਲੇ ਆ ਰਹੇ ਮਜ਼ਬੂਤ ਅਮਰੀਕਾ-ਭਾਰਤ ਸਬੰਧਾਂ ਦੀ ਪੈਰਵੀ ਕਰਦੀ ਹੈ ਤੇ ਇਸ ਯਾਤਰਾ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਦੋਸਤੀ ਤੋਂ ਬਲ ਮਿਲਿਆ ਹੈ। ਇਹ ਜਾਣਕਾਰੀ ਡੀਐੱਨਆਈ ਵੱਲੋਂ ਜਾਰੀ ਬਿਆਨ 'ਚ ਦਿੱਤੀ ਗਈ ਹੈ। ਗਬਾਰਡ ਦੀ ਬਤੌਰ ਡੀਐੱਨਆਈ ਇਹ ਹਵਾਈ, ਜਪਾਨ, ਥਾਈਲੈਂਡ, ਭਾਰਤ ਤੇ ਫਰਾਂਸ ਦੀ ਪਹਿਲੀ ਯਾਤਰਾ ਸੀ।

ਡੀਐੱਨਆਈ ਵੱਲੋਂ ਜਾਰੀ ਬਿਆਨ ਅਨੁਸਾਰ, 'ਹਿੰਦ-ਪ੍ਰਸਾਂਤ ਖੇਤਰ 'ਚ ਜਨਮੀ, ਪਲੀ ਤੇ ਵੱਡੀ ਹੋਈ ਡੀਐੱਨਆਈ ਗਬਾਰਡ ਨੇ ਇਸ ਖੇਤਰ ਦੀਆਂ ਅਹਿਮ ਭਾਈਵਾਲੀਆਂ ਤੇ ਗੁੰਝਲਦਾਰ ਚੁਣੌਤੀਆਂ ਬਾਰੇ ਸੂਖਮ ਸਮਝ ਪੇਸ਼ ਕੀਤੀ ਕਿਉਂਕਿ ਉਨ੍ਹਾਂ ਹਿੰਦ-ਪ੍ਰਸ਼ਾਂਤ 'ਚ ਰਾਸ਼ਟਰਪਤੀ ਟਰੰਪ ਦੀ 'ਅਮਰੀਕਾ ਪਹਿਲਾਂ' ਦੀਆਂ ਨੀਤੀਆਂ ਨੂੰ ਅੱਗੇ ਵਧਾਉਣ ਦੇ ਮੌਕਿਆਂ ਦੀ ਭਾਲ ਕੀਤੀ।'



ਗਬਾਰਡ ਨੇ ਭਾਰਤ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਮੁਲਾਕਾਤ ਸਮੇਤ ਹੋਰਾਂ ਨਾਲ ਕਈ ਦੁਵੱਲੀਆਂ ਮੁਲਾਕਾਤਾਂ ਕੀਤੀਆਂ। ਬਿਆਨ 'ਚ ਕਿਹਾ ਗਿਆ, 'ਉਨ੍ਹਾਂ ਦੀ ਯਾਤਰਾ ਦਹਾਕਿਆਂ ਤੋਂ ਚੱਲੇ ਆ ਰਹੇ ਅਮਰੀਕਾ-ਭਾਰਤ ਸਬੰਧਾਂ ਦੀ ਪੈਰਵੀ ਕਰਦੀ ਹੈ, ਜਿਸ ਨੂੰ ਪ੍ਰਧਾਨ ਮੰਤਰੀ ਮੋਦੀ ਤੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਅਗਵਾਈ ਤੇ ਉਨ੍ਹਾਂ ਦੀ ਦੋਸਤੀ ਤੋਂ ਹਮਾਇਤ ਮਿਲੀ ਹੈ।' ਬਿਆਨ 'ਚ ਕਿਹਾ ਗਿਆ ਹੈ, 'ਭਾਰਤ 'ਚ ਗਬਾਰਡ ਦੀਆਂ ਮੀਟਿੰਗਾਂ ਖੁਫੀਆ ਜਾਣਕਾਰੀ ਸਾਂਝੀ ਕਰਨ, ਰੱਖਿਆ ਮਜ਼ਬੂਤ ਕਰਨ, ਅਤਿਵਾਦ ਰੋਕਣ ਅਤੇ ਕੌਮਾਂਤਰੀ ਖਤਰਿਆਂ 'ਤੇ ਕੇਂਦਰਿਤ ਰਹੀ।' ਗਬਾਰਡ ਇੱਥੇ ਰਾਇਸੀਨਾ ਵਾਰਤਾ 'ਚ ਵੀ ਸ਼ਾਮਲ ਹੋਈ, ਜਿੱਥੇ ਉਨ੍ਹਾਂ ਸ਼ਾਂਤੀਪੂਰਨ, ਆਜ਼ਾਦ, ਸੁਰੱਖਿਅਤ ਤੇ ਖੁਸ਼ਹਾਲ ਸਮਾਜ ਲਈ ਟਰੰਪ ਦੇ ਟੀਚਿਆਂ ਵੱਲ ਵਧਣ ਦੀ ਸਮੂਹਿਕ ਕੋਸ਼ਿਸ਼ ਬਾਰੇ ਮੁੱਖ ਭਾਸ਼ਣ ਦਿੱਤਾ।




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

### ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

"ਸਭੋ ਸੂਤਕ ਭਰਮੁ ਹੈ ਦੂਜੇ ਲਗੈ ਜਾਇ॥" (ਮ: ੧, 473) ਗੁਰਮਤਿ ਨੇ ਐਸੇ ਭਰਮ ਵਹਿਮ ਅਤੇ ਕਰਮ ਕਾਂਡ ਤੋਂ ਪੂਰੀ ਤਰ੍ਹਾਂ ਨਿਜਾਤ ਬਖਸ਼ੀ ਹੈ। ਇਸ ਬਾਰੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਸਾਖੀ ਸਿੱਖਾਂ ਦੀ ਭਗਤਮਾਲਾ ਵਿਚ ਅੰਕਤ ਹੈ।

ਪਉੜੀ ਅਠਬੀਸਵੀਂ ਚਲੀ॥2॥ ਸੀਗਾਰੁ ਜੈਤਾ ਪਲਾ ਸੂਰਬੀਰ ਮਨਿ ਪਰਉਪਕਾਰਾ॥ ਜੈਤਾ ਨੰਦਾ ਜਾਣੀਐ ਪੁਰਖੁ ਪਿਆਗਾ ਸਬਦਿ ਆਧਾਰਾ। ਤਾਂ ਬ੍ਰਾਹਮਣਾਂ ਨੇ ਓਨ੍ਹਾਂ ਨੂੰ ਕਹਿਆ ਤੁਸਾਂ ਨਿਤ ਨਮਿਤ ਕਰਮ ਛਡ ਦਿਤੇ ਹੈਨਿ, ਤੁਸੀਂ ਭ੍ਰਿਸ਼ਟ ਹੋਏ ਹੋ। ਤਾਂ ਉਨ੍ਹਾਂ ਸਿੱਖਾਂ ਨੇ ਕਹਿਆ: ਜੋ ਅਸਾਨੂੰ ਪੰਡਤਾਂ ਨੇ ਕਹਿਆ ਹੈ ਜੋ ਜਿਸ ਘਰ ਸੂਤਕ ਕਿ ਮ੍ਰਿਤਕ ਹੁੰਦਾ ਹੈ ਤਿਸਦੇ ਕਰਮ ਲੇਖੇ ਨਹੀਂ ਪਾਉਂਦੇ ਤੇ ਜਿਸ ਦਿਨ ਦੇ ਅਸੀਂ ਸਤਿਗੁਰਾਂ ਨੋ ਮਿਲੇ ਹਾਂ ਅਗਿਆਨ ਜੇਹਾ ਪਿਤਾ ਅਸਾਡਾ ਮ੍ਰਿਤ ਹੋਇਆ ਹੈ ਤੇ ਗਿਆਨ ਸਾਰਖਾ ਪੁਤ੍ਰ ਅਸਾਡੇ ਘਰ ਜਨਮਿਆ ਹੈ। (ਸਿੱਖਾਂ ਦੀ ਭਗਤ ਮਾਲਾ)

ਇਸ ਤਰ੍ਹਾਂ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ :
ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥
(ਮਾਰੂ ਮ: ੫, ੧੦੦੨)

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ : ੨੨)


ਵਿਆਖਿਆ :

ਸ਼ਖਸੀ ਰਹਿਣੀ ਦੇ ਅਧਿਆਇ 2 ਦੀ ਪਹਿਲੀ ਮੱਦ ਜਨਮ ਸੰਸਕਾਰ ਦੀ ਇਹ ਅਖੀਰਲੀ ਮੱਦ ਹੈ। ਇਸ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੁਮਾਲਾ ਸਾਹਿਬ ਤੋਂ ਚੋਲਾ ਬਣਾ ਕੇ ਪਾਉਣ ਨੂੰ ਮਨਮਤ ਕਿਹਾ ਗਿਆ ਹੈ। ਇਹ ਮੱਦ 1936 ਤੋਂ ਹੁਬਹੂ ਇਸੇ ਤਰ੍ਹਾਂ ਹੀ ਹੈ ਅਤੇ ਇਸ ਵਿਚ ਕੋਈ ਵੀ ਤਬਦੀਲੀ ਨਹੀਂ ਕੀਤੀ ਗਈ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਹੋਰ ਕਈ ਇਤਿਹਾਸਕ ਗੁਰਦੁਆਰਿਆਂ ਵਿਚ ਸ਼ਰਧਾ-ਭਾਵਨਾ ਤਹਿਤ ਨਵ-ਜਨਮੇ ਬੱਚੇ ਨੂੰ ਰੁਮਾਲਾ ਸਾਹਿਬ ਦਾ ਚੋਲਾ ਬਣਾ ਕੇ ਪਾਉਣ ਦੀ ਸਥਾਨਕ ਰੀਤ ਪ੍ਰਚਲਤ ਹੈ। ਇਥੇ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪਾਵਨ ਸ਼ਬਦ "ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥" (ਮ. ੫, ਅੰਗ 520) ਪੜ੍ਹਿਆ ਜਾਂਦਾ ਸੀ। ਇਸ ਮੌਕੇ 'ਤੇ ਇਹ ਸ਼ਬਦ ਸਹੀ ਹੈ, ਨਾ ਕਿ ਜਦੋਂ ਕੋਈ ਸ਼ਰਧਾਲੂ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਾ ਸਾਹਿਬ ਅਰਪਣ ਕਰੇ ਤਾਂ ਇਸ ਸ਼ਬਦ ਦਾ ਪੜ੍ਹਿਆ ਜਾਣਾ। ਜੇ ਤਾਂ ਕੋਈ ਇਸ ਰੁਮਾਲੇ ਨੂੰ ਸਿਰੋਪੇ ਦੀ ਤਰ੍ਹਾਂ ਸਤਿਕਾਰ ਅਤੇ ਸਨਮਾਨ ਨਾਲ ਪ੍ਰਾਪਤ ਕਰਦਾ ਹੈ ਤਾਂ ਹੋਰ ਗੱਲ ਹੈ ਪਰ ਜਿਵੇਂ ਮਹਾਰਾਜ ਦੀ ਹਜ਼ੂਰੀ 'ਚੋਂ ਬਖਸ਼ਿਸ਼ ਕੀਤੇ ਸਿਰਪਾਉ ਦੀ ਨਿਰਾਦਰੀ ਹੁੰਦੀ ਵੇਖੀ ਗਈ ਹੈ, ਸ਼ਾਇਦ ਇਸੇ ਭਾਵਨਾ ਤਹਿਤ ਹੀ ਇਹ ਪਾਬੰਦੀ ਰੱਖੀ ਗਈ ਜਾਪਦੀ ਹੈ। ਸ਼ਰਧਾ ਅਤੇ ਮਰਯਾਦਾ ਦੇ ਇਸ ਪੱਖ ਨੂੰ ਪੰਥ ਵਿਚਾਰ ਸਕਦਾ ਹੈ।

2. ਅਨੰਦ ਸੰਸਕਾਰ

ਪਰਿਚੈ

ਸਿੱਖ ਦੀ ਸ਼ਖਸੀਅਤ ਨੂੰ ਸੰਪੂਰਤਨਾ ਬਖਸ਼ਣ ਲਈ ਰਹਿਤ ਮਰਯਾਦਾ ਵਿਚ ਸ਼ਖਸੀ ਰਹਿਣੀ ਦੇ ਤਿੰਨ ਸੰਸਕਾਰਾਂ-ਜਨਮ ਸੰਸਕਾਰ, ਅਨੰਦ ਸੰਸਕਾਰ ਅਤੇ ਅੰਤਿਮ ਸੰਸਕਾਰ ਵਿਚ ਅਨੰਦ ਸੰਸਕਾਰ ਦੂਸਰਾ ਸੰਸਕਾਰ ਹੈ। ਪਹਿਲਾ ਅਤੇ ਅਖ਼ੀਰਲਾ ਜਨਮ ਸੰਸਕਾਰ ਅਤੇ ਮ੍ਰਿਤਕ ਸੰਸਕਾਰ ਉਸ ਦੇ ਆਪਦੇ ਵੱਸ ਨਹੀਂ। ਸਿਰਫ ਇਕ ਅਨੰਦ ਸੰਸਕਾਰ ਹੈ ਜਿਸ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਅਤੇ ਅਧਿਕਾਰ ਉਸ ਕੋਲ ਹੈ। ਸਿੱਖੀ ਜੀਵਲ, ਸੁਖੀ ਜੀਵਨ ਇਹ ਤੱਤ ਹੈ ਗੁਰਮਤਿ ਦਾ। ਅਨੰਦ ਸੰਸਕਾਰ ਸਾਦਗੀ ਅਤੇ ਬਿਨਾਂ ਕਰਮਕਾਂਡ ਦੇ ਗੁਰੂ ਦੀ ਅਸੀਸ ਨਾਲ ਗ੍ਰਹਿਸਤ ਵਿਚ ਪ੍ਰਵੇਸ਼ ਦੀ ਧਾਰਮਿਕ ਰਸਮ ਹੈ। ਜੇਕਰ ਇਸ ਸੰਸਕਾਰ ਨੂੰ ਗੁਰਮਤਿ ਮਰਯਾਦਾ ਅਨੁਸਾਰ ਨਿਭਾਹਿਆ ਜਾਏ ਤਾਂ ਨਿਸਚਿਤ ਤੌਰ 'ਤੇ ਸਿੱਖੀ ਜੀਵਨ ਸੁਖੀ ਜੀਵਨ ਹੋ ਸਕਦਾ ਹੈ।




ਸਤਿਗੁਰ ਸਿਖਨ ਕਉ ਰਾਖਤ ਗ੍ਰਸਤਿ ਮੈ ਸਾਵਧਾਨ
ਆਨ ਦੇਵ ਸੇਵ ਭਾਉ ਦੁਬਿਧਾ ਨਿਵਾਰ॥ ੪੮੦॥
(ਕਬਿੱਤ ਭਾਈ ਗੁਰਦਾਸ ਜੀ)

ਅਨੰਦ ਸੰਸਕਾਰ ਵਿਚ (ੳ) ਤੋਂ (ਠ) ਤੱਕ ਸਤਾਰਾਂ ਨੁਕਤੇ ਹਨ। ਇਨ੍ਹਾਂ ਵਿਚ 1936 ਵਿਚ ਪ੍ਰਵਾਨ ਹੋਈ ਸਿੱਖ ਰਹਿਤ ਮਰਯਾਦਾ ਦੀ ਧਾਰਾ (ਟ) ਵਿਚ ਤਬਦੀਲੀ ਕੀਤੀ ਗਈ ਹੈ। ਇਸ ਵਿਚ 'ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।' ਦੀ ਥਾਵੇਂ 'ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।' ਕੀਤਾ ਗਿਆ ਹੈ।

ਸੰਸਾਰ ਦੀ ਗਤੀਸ਼ੀਲਤਾ ਜਾਰੀ ਰੱਖਣ ਲਈ ਹਰ ਧਰਮ ਵਿਚ ਵਿਆਹ ਅਤੇ ਇਸ ਦੀ ਮਰਯਾਦਾ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੈ। ਹਿੰਦੂ ਮਤ ਵਿਚ ਇਸ ਲਈ 'ਵਿਆਹ' ਅਤੇ ਇਸਲਾਮ ਵਿਚ 'ਨਿਕਾਹ' ਦੀ ਵਿਧੀ ਹੈ। ਹਿੰਦੂ ਅਤੇ ਇਸਲਾਮ ਦੇ ਵਿਪਰੀਤ ਗੁਰਮਤਿ ਵਿਚ ਇਸ ਗਠਬੰਧਨ ਲਈ ਕੇਵਲ 'ਅਨੰਦ ਕਾਰਜ' ਹੀ ਪ੍ਰਵਾਨ ਹੈ। 'ਨਵੀਨ ਪੰਥ ਪ੍ਰਕਾਸ਼' ਵਿਚ ਵੀ ਅੰਕਤ ਹੈ, 'ਬਿਆਹ ਨਿਕਾਹ ਨਾ ਏਹ ਕਰੇ ਹੈਂ। ਭੁਗਤ ਅਨੰਦ ਅਨੰਦ ਪੜੇ ਹੈਂ।' ਜੇ ਕਿਸੇ ਨੇ ਹਿੰਦੂ ਧਰਮ ਦੇ ਨਿਯਮਾਂ ਦੀ ਪਾਲਣਾ ਕਰਨੀ ਹੈ ਤਾਂ ਧਰਮ ਸ਼ਾਸਤਾਂ ਮੁਤਾਬਕ ਜੀਵਨ ਨੂੰ ਚਾਰ ਆਸ਼ਰਮਾਂ (ਟਿਕਾਣਿਆਂ) ਵਿਚ ਵੰਡਿਆ ਗਿਆ ਹੈ-ਬ੍ਰਹਮਚਾਰਜ, ਗ੍ਰਹਿਸਤ, ਬਾਨਪ੍ਰਸਥ ਅਤੇ ਸੰਨਿਆਸ। (ਚਲਦਾ)

# ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵੱਲੋਂ ਗਦਰੀ ਬਾਬਿਆਂ ਨੂੰ ਸਮਰਪਿਤ 23 ਵਾਂ ਮੇਲਾ ਯਾਦਗਾਰੀ ਹੋ ਨਿਬੜਿਆ

## ਡਾ. ਹਰਸਿੰਦਰ ਕੌਰ ਨੇ ਪੰਜਾਬ ਦੇ ਹਲਾਤਾਂ 'ਤੇ ਪ੍ਰਗਟਾਈ ਚਿੰਤਾ






ਫਰਿਜ਼ਨੋ, ਕੈਲੇਫੋਰਨੀਆ (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਸੈਂਟਰਲ ਵੈਲੀ ਕੈਲੇਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੀ ਸਥਾਨਿਕ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਜਿਹੜੀ ਕਿ ਸਮੇਂ-ਸਮੇਂ ਦੇਸ਼ ਭਗਤਾਂ ਦੀ ਯਾਦ ਵਿੱਚ ਸਮਾਗਮ ਕਰਵਾਕੇ ਸਾਡੀ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੀ ਸੋਚ ਤੋਂ ਜਾਣੂ ਕਰਵਾਉਣ ਲਈ ਸਾਰਥਿਕ ਉਪਰਾਲੇ ਕਰਦੀ ਰਹਿੰਦੀ ਹੈ। ਇਸ ਸੰਸਥਾ ਵੱਲੋਂ ਬੀਤੇ ਐਤਵਾਰ ਸ਼ਹੀਦ ਸੁਖਦੇਵ ਥਾਪਰ, ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਸਿਵਰਾਮ ਰਾਜਗੁਰੂ ਨੂੰ ਸਮਰਪਿਤ ਗਦਰੀ ਬਾਬਿਆਂ ਦਾ 23ਵਾਂ ਮੇਲਾ ਸਥਾਨਿਕ ਮੇਲਾ ਸੈਂਟਰਲ ਹਾਈ ਸਕੂਲ ਦੇ ਆਡੋਟੋਰੀਅਮ ਵਿਖੇ ਕਰਵਾਇਆ ਗਿਆ। ਮੇਲੇ ਦੀ ਸ਼ੁਰੂਆਤ ਸਟੇਜਾਂ ਦੀ ਮਲਕਾ ਬੀਬੀ ਆਸ਼ਾ ਸ਼ਰਮਾ ਵੱਲੋ ਸ਼ਹੀਦਾਂ ਦੀ ਯਾਦ ਵਿੱਚ ਸਰਧਾ ਭਰੇ ਸ਼ਬਦਾਂ ਦੁਆਰਾ ਕੀਤੀ ਗਈ। ਉਪਰੰਤ ਸੰਸਥਾ ਦੇ ਸੈਕਟਰੀ ਹਰਜਿੰਦਰ ਢੇਸੀ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਕਹਿਣ ਨਾਲ ਕੀਤਾ। ਸੰਸਥਾ ਮੈਂਬਰ ਅਤੇ ਲੇਖਕ ਇੰਦਰਜੀਤ ਚੁਗਾਵਾਂ ਨੇ ਵੀ ਸਟੇਜ ਤੋਂ ਹਾਜਰੀ ਭਰੀ। ਜਦ ਕਿ ਡਾ. ਅਰਜੁਨ ਜੋਸਨ, ਪਰਗਟ ਸਿੰਘ ਧਾਲੀਵਾਲ ਅਤੇ ਸੈਂਟਰਲ ਵੈਲੀ ਤੇ ਕਾਂਗਰਸਮੈਨ ਜਿੰਮ ਕੌਸਟਾ ਅਤੇ ਹੋਰ ਬੁਲਾਰਿਆਂ ਨੇ ਵੀ ਹਾਜ਼ਰੀਨ ਨੂੰ ਸੰਬੋਧਿਤ ਕੀਤਾ। ਗਾਇਕਾ ਬੀਬੀ ਜੋਤ ਰਣਜੀਤ, ਗਾਇਕਾ ਰੂਬੀ, ਗਾਇਕ ਜੀਤਾ ਗਿੱਲ, ਕਮਲਜੀਤ ਬੈਨੀਪਾਲ ਅਤੇ ਰਾਜ ਬਰਾੜ ਯਮਲਾ ਆਦਿ ਨੇ ਇੱਕ ਇੱਕ ਗੀਤ ਗਾਕੇ ਮੇਲੇ ਵਿੱਚ ਹਾਜਰੀ ਲਵਾਈ।

ਇਸ ਮੌਕੇ ਇੰਡੀਆ ਤੋਂ ਵਿਸ਼ੇਸ਼ ਤੌਰ 'ਤੇ ਡਾ. ਹਰਸਰਨ ਕੌਰ ਬਤੌਰ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਹੋਏ ਸਨ। ਜਿਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਸਮੂੰਹ ਹਾਜ਼ਰੀਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਨ ਤੋਂ ਇਲਾਵਾ ਅੱਜ ਦੇ ਸਮੇਂ ਅੰਦਰ ਪੰਜਾਬ ਲੋਕਾ ਦੀ ਤ੍ਰਾਸਦੀ, ਨਸ਼ਿਆਂ ਦਾ ਹੜ, ਔਰਤਾਂ ਦੀ ਸੁਰੱਖਿਆ ਆਦਿਕ ਬਹੁਤ ਸਾਰੇ ਵਿਸ਼ਿਆਂ ਉੱਤੇ ਵਿਚਾਰਾਂ ਦੀ ਸਾਂਝ ਪਾਈ। ਸੰਸਥਾ ਵੱਲੋਂ ਡਾ. ਹਰਸਿੰਦਰ ਕੌਰ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਜੀ. ਐਚ. ਜੀ. ਡਾਂਸ ਐਂਡ ਸੰਗੀਤ ਅਕੈਡਮੀ ਅਤੇ ਪੰਜਾਬੀ ਸਕੂਲ ਦੇ ਬੱਚਿਆ ਨੇ ਗਿੱਧੇ ਭੰਗੜੇ ਦੀ ਪੇਸ਼ਕਾਰੀ ਕਰਕੇ ਦਰਸ਼ਕਾਂ ਦੀ ਖ਼ੂਬ ਵਾਹ-ਵਾਹ ਖੱਟੀ। ਸੰਸਥਾ ਦੇ ਮੈਂਬਰ ਡਾ. ਹਰਮਨਪ੍ਰੀਤ ਗਿੱਲ ਵੱਲੋ ਬੱਚਿਆਂ ਦੇ ਦਿਲਚਸਪ ਪੇਂਟਿਗ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ 4.0 ਜੀ ਪੀ ਏ ਵਾਲੇ ਬੱਚਿਆਂ ਨੂੰ ਸੰਸਥਾ ਵੱਲੋ ਸਨਮਾਨਿਤ ਕੀਤਾ ਗਿਆ। ਵੀਡੀਓ ਅਤੇ ਫੋਟੋਗ੍ਰਾਫੀ ਦੀ ਸੇਵਾ ਸ਼ਿਆਰਾ ਸਿੰਘ ਢੀਂਡਸਾ 'ਉਮਨੀ ਵੀਡੀਓ' ਬੇਕਰਸ਼ਫੀਲਡ ਨੇ ਕੀਤੀ। ਸਟੇਜ਼ ਸੰਚਾਲਨ ਬੀਬੀ ਆਸ਼ਾ ਸ਼ਰਮਾ ਅਤੇ ਹਰਜਿੰਦਰ ਢੇਸੀ ਨੇ ਬਾਖ਼ੂਬੀ ਕੀਤਾ। ਸਮੁੱਚੇ ਪ੍ਰੋਗਰਾਮ ਦੇ ਪ੍ਰਬੰਧ ਬਹੁਤ ਵਧੀਆ ਤਰੀਕੇ ਨਾਲ ਕੀਤੇ ਹੋਏ ਸਨ। ਸਥਾਨਕ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸੰਸਥਾ ਦੇ ਸਰਗਰਮ ਮੈਂਬਰ ਸੁਰਿੰਦਰ ਸਿੰਘ ਮੰਢਾਲੀ ਨੇ ਸਾਰੇ ਭਾਈਚਾਰੇ ਦਾ ਸਹਿਯੋਗ ਅਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਪ੍ਰਬੰਧਕ ਵਧਾਈ ਦੇ ਪਾਤਰ ਹਨ। ਮੇਲੇ ਦੌਰਾਨ ਹਾਜ਼ਰੀਨ ਲਈ ਚਾਹ ਪਕੌੜਿਆ ਦੇ ਲੰਗਰ ਅਤੁੱਟ ਵਰਤਿਆ। ਅੰਤ ਹਾਜ਼ਰੀਨ ਦੇ ਭਾਰੀ ਇਕੱਠ ਦੌਰਾਨ ਇਹ ਮੇਲਾ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿਬੜਿਆ।

# BASRA

## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

## ਜਦੋਂ ਭਾਰਤ ਦੇ ਲੋਕ ਸਿੱਖਾਂ ਨੂੰ ਜਿਉਂਦੇ ਸਾੜ ਰਹੇ ਸਨ ਤਾਂ ਮਰਦੇ ਸਮੇਂ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਉਹਨਾਂ ਦੀਆਂ ਮਾਵਾਂ ਭੈਣਾਂ ਬੱਚੀਆਂ ਨਾਲ ਬਲਾਤਕਾਰ ਕਰ ਰਹੇ ਸਨ : ਚਸ਼ਮਦੀਦ ਸ੍ਰ. ਹਰਮਿੰਦਰ ਸਿੰਘ ਆਹਲੂਵਾਲੀਆ

# ਨਿਊਯਾਰਕ ਸਟੇਟ ਸੈਨੇਟ ਵਿਚ 1984 ਸਿੱਖ ਨਸਲਕੁਸ਼ੀ ਸਬੰਧੀ ਮਤਾ ਸਰਬਸੰਮਤੀ ਨਾਲ ਪਾਸ

## 1984 ਦੇ ਪੀੜਤਾਂ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ : ਸੈਨੇਟਰ ਜੈਸਿਕਾ ਰੇਮੋਸ











ਨਿਊਯਾਰਕ : 1984 ਵਿੱਚ ਭਾਰਤ ਵਿੱਚ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਦਾ ਸਿੱਖਾਂ ਉਪਰ ਜੁਲਮ ਅਤੇ ਉਸ ਤੋਂ ਬਾਅਦ ਇੱਕ ਵਿਉਂਤਬੰਦ ਤਰੀਕੇ ਨਾਲ ਸਿੱਖਾਂ ਦਾ ਕੀਤਾ ਗਿਆ ਕਤਲੇਆਮ ਜਿਸਨੇ ਮੁਗਲਾਂ ਅਤੇ ਫਰੰਗੀਆਂ ਦੇ ਜੁਲਮ ਨੂੰ ਵੀ ਮਾਤ ਪਾ ਦਿੱਤਾ। ਨਾ ਸਿੱਖਾਂ ਦੇ ਕਾਤਿਲਾਂ ਨੂੰ ਸਜ਼ਾ ਹੋਈ ਉਲਟਾ ਉਹ ਅੱਜ ਵੀ ਵੱਡੇ-ਵੱਡੇ ਅਹੁਦਿਆਂ ਉਪਰ ਤਾਇਨਾਤ ਹਨ। ਭਾਵੇਂ ਇਸ ਜੁਲਮ ਨੂੰ ਦੁਨੀਆ ਤੱਕ ਪਹੁੰਚਾਉਣ ਲਈ ਸਿੱਖਾਂ ਨੂੰ 40 ਸਾਲ ਲੱਗ ਗਏ ਅਤੇ ਇਹ ਲੜਾਈ ਦੁਨੀਆਂ ਭਰ ਵਿੱਚ ਅੱਜ ਵੀ ਜਾਰੀ ਹੈ। ਦੁਨੀਆ ਦੇ ਦੇਸ਼ ਸਿੱਖ ਨਸਲਕੁਸ਼ੀ ਦਾ ਮਤਾ ਪਾਸ ਕਰ ਚੁੱਕੇ ਹਨ ਅਤੇ ਅਮਰੀਕਾ ਵਿੱਚ ਕੈਲੀਫੋਰਨੀਆਂ ਤੋਂ ਬਾਅਦ ਹੋਰ ਕਈ ਸਟੇਟਾਂ ਅਤੇ ਸ਼ਹਿਰਾਂ ਨੇ ਸਿੱਖਾਂ ਉਪਰ ਹੋਏ ਜੁਲਮ ਨੂੰ ਮਨੁੱਖਤਾ ਨਾਲ ਘੋਰ ਅਨਿਆ ਦੱਸਿਆ ਹੈ ਅਤੇ ਸਿੱਖਾਂ ਦੇ ਹੱਕ ’ਚ ਮਤੇ ਪਾਸ ਕੀਤੇ ਹਨ। ਇਸੇ ਹੀ ਸੰਦਰਭ ’ਚ 1984 ਦੇ ਸਿੱਖ ਕਤਲੇਆਮ ਨੂੰ ਲੈ ਕੇ ਨਿਊਯਾਰਕ ਸਟੇਟ ਸੈਨੇਟ ਵਲੋਂ 1984 ਸਿੱਖ ਨਸਲਕੁਸ਼ੀ (ਸਿੱਖ ਜੈਨੋਸਾਈਡ) ਸੰਬੰਧੀ ਸੈਨੇਟ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ। ਅਮਰੀਕਨ ਸਿਆਸਤ ਵਿਚ ਸਰਗਰਮ ਨੌਜਵਾਨ ਸਿੱਖ ਆਗੂ ਸ੍ਰ. ਜਪਨੀਤ ਸਿੰਘ ਦੀ ਸਖ਼ਤ ਮਿਹਨਤ ਤੇ ਸਟੇਟ ਸੈਨੇਟਰ ਜੈਸਿਕਾ ਰੇਮੋਸ ਵਲੋਂ ਸੈਨੇਟ ਵਿਚ ਇਹ ਮਤਾ ਪੇਸ਼ ਕਰਕੇ ਪਾਸ ਕਰਵਾਇਆ ਗਿਆ। ਸੈਨੇਟ ਵਿਚ ਇਹ ਇਤਿਹਾਸਕ ਬਿੱਲ ਪੇਸ਼ ਕਰਨ ਤੋਂ ਪਹਿਲਾਂ ਅਰਦਾਸ ਕੀਤੀ ਗਈ ਤੇ 1984 ਦੇ ਸਮੂਹ ਸ਼ਹੀਦਾਂ ਨੂੰ ਯਾਦ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸੈਨੇਟਰਾਂ ਡੇਵਿਡ ਵੈਪਰਨ ਤੇ ਜੋਹਨ ਲੂਅ ਨੇ ਬੋਲਦੇ ਹੋਏ ਕਿਹਾ ਕਿ 1984 ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ ਜੋ ਅਤਿ ਨਿੰਦਣਯੋਗ ਹੈ। ਅੱਜ ਦੇ ਇਸ ਇਤਿਹਾਸਕ ਮੌਕੇ ਸਦਨ ਵਿਚ ਨਿਊਯਾਰਕ ਸਟੇਟ ਦੀਆਂ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ, ਸਿੱਖ ਜਥੇਬੰਦੀਆਂ ਅਤੇ ਗੁਰੂ ਘਰ ਕਮੇਟੀਆਂ ਦੇ ਨੁਮਾਇੰਦੇ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ। ਇਸ ਸਮੇਂ ਗਵਾਹੀ ਦਿੰਦੇ ਹੋਏ ਅਤੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਚਸ਼ਮਦੀਦ ਸ੍ਰ. ਹਰਮਿੰਦਰ ਸਿੰਘ ਆਹਲੂਵਾਲੀਆ ਨੇ ਦੱਸਿਆ ਕਿ ਕਿਵੇਂ ਜਦੋਂ ਭਾਰਤ ਦੇ ਲੋਕ ਸਿੱਖਾਂ ਨੂੰ ਜਿਉਂਦੇ ਸਾੜ ਰਹੇ ਸਨ ਤਾਂ ਮਰਦੇ ਸਮੇਂ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਉਹਨਾਂ ਦੀਆਂ ਮਾਵਾਂ ਭੈਣਾਂ ਬੱਚੀਆਂ ਨਾਲ ਬਲਾਤਕਾਰ ਕਰ ਰਹੇ ਸਨ ਜਿਸ ਦੇਸ਼ ਨੂੰ ਅਸੀਂ ਆਪਣਾ ਸਮਝਦੇ ਸੀ ਉਸਨੇ ਮੁਗਲਾਂ ਤੇ ਫਰੰਗੀਆਂ ਨੂੰ ਵੀ ਮਾਤ ਪਾ ਦਿੱਤਾ। ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਵਲੋਂ 1984 ਦੇ ਸਿੱਖ ਨਸਲਕੁਸ਼ੀ ਨਾਲ ਸੰਬੰਧਿਤ ਤਸਵੀਰਾਂ ਤੇ ਇਤਿਹਾਸ ਦਰਸਾਉਂਦੀ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸ ਨੂੰ ਸੈਨੇਟਰਾਂ ਸਮੇਤ ਹਾਜ਼ਰ ਲੋਕਾਂ ਨੇ ਬਹੁਤ ਦਿਲਚਸਪੀ ਨਾਲ ਦੇਖਿਆ ਜਦੋਂ ਸੈਨੇਟ ਵਿਚ ਇਹ ਬਿੱਲ ਪੇਸ਼ ਕੀਤਾ ਗਿਆ, ਉਸ ਵੇਲੇ ਮਾਹੌਲ ਬੇਹੱਦ ਭਾਵੁਕ ਹੋ ਗਿਆ। ਸੈਨੇਟ ਵਿਚ ਬਿੱਲ ਪੇਸ਼ ਕਰਨ ਵਾਲੀ ਸੈਨੇਟਰ ਜੈਸਿਕਾ ਰੇਮੋਸ ਨੇ ਕਿਹਾ ਕਿ ਉਸ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਸ ਨੇ ਇਹ ਇਤਿਹਾਸਕ ਬਿੱਲ ਪੇਸ਼ ਕਰਕੇ ਪਾਸ ਕਰਵਾਇਆ। ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਸ੍ਰ. ਹਿੰਮਤ ਸਿੰਘ, ਹਿਊਮਨ ਰਾਈਟਸ ਕਾਊਂਸਲ ਦੇ ਸ੍ਰ. ਹਰਮਿੰਦਰ ਸਿੰਘ ਆਹੂਲਵਾਲੀਆ, ਸ੍ਰ. ਬਲਜੀਤ ਸਿੰਘ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਕੋਆਰਡੀਨੇਟਰ ਸ੍ਰ. ਗੁਰਦੇਵ ਸਿੰਘ ਕੰਗ, ਪ੍ਰਧਾਨ ਸ੍ਰ. ਦਵਿੰਦਰ ਸਿੰਘ ਬੋਪਾਰਾਏ, ਸਕੱਤਰ ਸ੍ਰ. ਬਲਾਕਾ ਸਿੰਘ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਪ੍ਰਧਾਨ ਸ੍ਰ. ਸੁਖਜਿੰਦਰ ਸਿੰਘ ਸੁਭਾਨਪੁਰ, ਫਾਊਂਡਰ ਮਾਸਟਰ ਮਹਿੰਦਰ ਸਿੰਘ, ਸ੍ਰ. ਰਘਬੀਰ ਸਿੰਘ ਸੁਭਾਨਪੁਰ, ਸ੍ਰ. ਕੁਲਦੀਪ ਸਿੰਘ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸ੍ਰ. ਸੁਰਜੀਤ ਸਿੰਘ ਕੁਲਾਰ, ਸ੍ਰ. ਨਰਿੰਦਰ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸੁਸਾਇਟੀ ਦੇ ਸ੍ਰ. ਰਜਿੰਦਰ ਸਿੰਘ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ।
















# ਕੈਨੇਡਾ: ਸੰਸਦੀ ਚੋਣਾਂ 28 ਅਪਰੈਲ ਨੂੰ

ਵਿਨੀਪੈਗ : ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ 28 ਅਪ੍ਰੈਲ ਨੂੰ ਸੰਸਦੀ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਕਾਰਨੀ ਨੇ ਓਟਾਵਾ ਵਿੱਚ ਸੰਸਦ ਭੰਗ ਕਰਨ ਦੀ ਬੇਨਤੀ ਕਰਨ ਲਈ ਗਵਰਨਰ ਜਨਰਲ ਨਾਲ ਮੁਲਾਕਾਤ ਕਰਨ ਤੋਂ ਬਾਅਦ ਕਿਹਾ ਕਿ ਅਸੀਂ ਰਾਸ਼ਟਰਪਤੀ ਟਰੰਪ ਦੀਆਂ ਗੈਰ-ਵਾਜਬ ਵਪਾਰਕ ਕਾਰਵਾਈਆਂ ਕਾਰਨ ਆਪਣੇ ਜੀਵਨ ਕਾਲ ਦੇ ਸਭ ਤੋਂ ਡੂੰਘੇ ਸੰਕਟ ਦਾ ਸਾਹਮਣਾ ਕਰ ਰਹੇ ਹਾਂ। ਉਨ੍ਹਾਂ ਕਿਹਾ, "ਮੈਂ ਕੈਨੇਡੀਅਨ ਨੂੰ ਰਾਸ਼ਟਰਪਤੀ ਟਰੰਪ ਦੀਆਂ ਨੀਤੀਆਂ ਨਾਲ ਨਜਿੱਠਣ ਅਤੇ ਇੱਕ ਨਵੀਂ ਕੈਨੇਡੀਅਨ ਅਰਥਵਿਵਸਥਾ ਬਣਾਉਣ ਲਈ ਇੱਕ ਮਜ਼ਬੂਤ, ਸਕਾਰਾਤਮਕ ਫ਼ਤਵਾ ਦੇਣ ਲੋੜ ਹੈ, ਜੋ ਹਰ ਕਿਸੇ ਲਈ ਕੰਮ ਕਰੇ। ਮੈਨੂੰ ਪਤਾ ਹੈ ਕਿ ਸਾਨੂੰ ਬਦਲਾਅ ਦੀ ਲੋੜ ਹੈ- ਵੱਡਾ ਬਦਲਾਅ, ਸਕਾਰਾਤਮਿਕ ਬਦਲਾਅ।" ਜ਼ਿਕਰਯੋਗ ਹੈ ਕਿ ਪਹਿਲਾਂ ਇਹ ਚੋਣ 20 ਅਕਤੂਬਰ ਤੱਕ ਹੋਣੀ ਸੀ, ਪਰ ਮਾਹਿਰਾਂ ਦਾ ਕਹਿਣਾ ਹੈ ਕਿ ਕਾਰਨੀ ਉਮੀਦ ਕਰ ਰਹੇ ਹਨ



ਕਿ ਜਲਦੀ ਵੋਟਿੰਗ ਉਨ੍ਹਾਂ ਦੀ ਲਿਬਰਲ ਪਾਰਟੀ ਨੂੰ ਲਾਭ ਪਹੁੰਚਾਏਗੀ। ਤਾਜ਼ਾ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਲਿਬਰਲਾਂ ਨੂੰ 37.8 ਫੀਸਦ ਸਮਰਥਨ ਮਿਲਿਆ, ਜੋ ਕੰਜ਼ਰਵੇਟਿਵਾਂ ਤੋਂ ਕੁਝ ਹੀ ਫੀਸਦ (37.2%) ਅੱਗੇ ਹਨ। ਸੰਸਦ ਵਿੱਚ ਪੰਜ ਨਵੀਆਂ ਸੀਟਾਂ ਦੇ ਵਾਧੇ ਨਾਲ ਸੀਟਾਂ ਦੀ ਕੁੱਲ ਗਿਣਤੀ 343 ਸੀਟਾਂ ਕਰ ਦਿੱਤੀਆਂ ਗਈਆਂ ਹਨ। ਲਿਬਰਲ ਪਾਰਟੀ ਨੇ ਪੁਸ਼ਟੀ ਕੀਤੀ ਕਿ ਕਾਰਨੀ ਨੇਪੀਅਨ ਦੇ ਓਟਾਵਾ ਰਾਈਡਿੰਗ ਵਿਚ ਹਾਊਸ ਆਫ਼ ਕਾਮਨਜ਼ ਦੀ ਸੀਟ ਲਈ ਚੋਣ ਲੜਨਗੇ, ਜਿਸ 'ਤੇ ਪਿਛਲੇ ਇਕ ਦਹਾਕੇ ਤੋਂ ਲਿਬਰਲ ਸੰਸਦ ਮੈਂਬਰ ਚੰਦਰ ਆਰੀਆ ਦਾ ਕਬਜ਼ਾ ਹੈ। ਆਰੀਆ ਨੂੰ ਦੋ ਮਹੀਨੇ ਪਹਿਲਾਂ ਦੱਸਿਆ ਗਿਆ ਸੀ ਕਿ ਪਾਰਟੀ ਦੀ ਲੀਡਰਸ਼ਿਪ ਲਈ ਉਨ੍ਹਾਂ ਦੀ ਉਮੀਦਵਾਰੀ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਪਿਛਲੇ ਹਫ਼ਤੇ ਉਨ੍ਹਾਂ ਨਾਮਜ਼ਦਗੀ ਰੱਦ ਕਰ ਦਿੱਤੀ ਗਈ।

# ਬਰੈਂਪਟਨ 'ਚ ਮਕਾਨ ਤੇ ਕਾਰ ਨੂੰ ਅੱਗ ਲਾਉਣ ਵਾਲੇ ਤਿੰਨ ਭਾਰਤੀ ਗ੍ਰਿਫ਼ਤਾਰ

## ਤਿੰਨੇ ਜਣੇ ਸਟੱਡੀ ਵੀਜ਼ੇ 'ਤੇ ਆਏ ਸਨ ਕੈਨੇਡਾ



ਵੈਨਕੂਵਰ : ਬਰੈਂਪਟਨ ਦੀ ਹੁਰਉਂਟਾਰੀਓ ਸਟਰੀਟ ਨੇੜੇ ਵੈਕਸਫੋਰਡ ਰੋਡ ਸਥਿਤ ਇੱਕ ਮਕਾਨ ਅਤੇ ਉਸ ਦੇ ਬਾਹਰ ਖੜ੍ਹੀ ਕਾਰ ਨੂੰ ਅੱਗ ਲਾਉਣ ਦੇ ਮਾਮਲੇ 'ਚ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਇਹ ਖੁਲਾਸਾ ਕਰਦਿਆਂ ਤਿੰਨਾਂ ਦੀਆਂ ਫੋਟੋਆਂ ਵੀ ਜਾਰੀ ਕੀਤੀਆਂ ਹਨ। ਮੁਲਜ਼ਮਾਂ ਦੀ ਪਛਾਣ ਅਵਤਾਰ ਸਿੰਘ (21), ਧਨੰਜੈ (23) ਤੇ ਗੌਰਵ ਕਟਾਰੀਆ (21) ਵਜੋਂ ਦੱਸੀ ਗਈ ਹੈ। ਇਹ ਤਿੰਨੇ ਜਣੇ ਸਟੱਡੀ ਵੀਜ਼ੇ 'ਤੇ ਕੈਨੇਡਾ ਆਏ ਸਨ ਪਰ ਪੜ੍ਹਾਈ ਦੀ ਥਾਂ ਜੁਰਮਾਂ ਵਿੱਚ ਪੈ ਗਏ। ਪੁਲੀਸ ਨੇ ਦੱਸਿਆ ਕਿ ਜਿਵੇਂ ਉਕਤ ਜਗ੍ਹਾ 'ਤੇ ਅੱਗ ਲੱਗਣ ਦੀ ਸੂਚਨਾ ਮਿਲੀ ਤਾਂ ਅੱਗ ਬੁਝਾਊ ਅਮਲਾ ਤੇ ਪੁਲੀਸ ਮੌਕੇ 'ਤੇ ਪਹੁੰਚੀ ਜਿਨ੍ਹਾਂ ਨੇ ਅੱਗ 'ਤੇ ਕਾਬੂ ਪਾਉਂਦਿਆਂ ਮਕਾਨ ਨੂੰ ਸੜਨ ਤੋਂ ਬਚਾ ਲਿਆ ਪਰ ਕਾਰ ਸੜ ਗਈ ਸੀ। ਪੁਲੀਸ ਨੇ ਘਟਨਾ ਸਥਾਨ ਦੇ ਨੇੜੇ ਨੌਜਵਾਨਾਂ ਨੂੰ ਸ਼ੱਕੀ ਹਾਲਤ ਵਿੱਚ ਦੇਖਿਆ ਤੇ ਪੁੱਛ-ਪੜਤਾਲ ਦੌਰਾਨ ਉਨ੍ਹਾਂ ਤੋਂ ਅੱਗ ਲਾਉਣ ਵਾਲਾ ਸਮਾਨ ਬਰਾਮਦ ਹੋ ਗਿਆ। ਤਿੰਨਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੋਂ ਅੱਗ ਲਾਉਣ ਦੇ ਕਾਰਨ ਬਾਰੇ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਗਵਾਂਢ ਰਹਿੰਦੇ ਇੱਕ ਸੂਤਰ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਕਤ ਨੌਜਵਾਨ ਉਸੇ ਘਰ 'ਚ ਕਿਰਾਏ 'ਤੇ ਰਹਿੰਦੇ ਸਨ ਪਰ ਕਿਰਾਇਆ ਨਾ ਦੇਣ ਕਰਕੇ ਮਾਲਕ ਨੇ ਘਰ ਖਾਲੀ ਕਰਵਾ ਲਿਆ ਸੀ।

# ਚੰਦਰ ਆਰੀਆ ਹੱਥੋਂ ਸੰਸਦੀ ਉਮੀਦਵਾਰੀ ਵੀ ਖੁੱਸੀ

ਵੈਨਕੂਵਰ : ਕੈਨੇਡਾ ਦੀ ਲਿਬਰਲ ਪਾਰਟੀ ਨੇ ਆਉਂਦੀਆਂ ਸੰਸਦੀ ਚੋਣਾਂ ਲਈ ਐਲਾਨੇ ਜਾ ਰਹੇ ਉਮੀਦਵਾਰਾਂ ਦੀ ਸੂਚੀ 'ਚੋਂ ਨੇਪੀਅਨ ਹਲਕੇ ਤੋਂ ਮੌਜੂਦਾ ਸੰਸਦ ਮੈਂਬਰ ਚੰਦਰ ਆਰੀਆ ਨੂੰ ਬਾਹਰ ਕਰ ਦਿੱਤਾ ਹੈ। ਜਨਵਰੀ 'ਚ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪਾਰਟੀ ਆਗੂ ਵਜੋਂ ਅਸਤੀਫਾ ਦੇਣ ਤੋਂ ਬਾਅਦ ਚੰਦਰ ਆਰੀਆ ਨੇ ਵੀ ਨਾਮਜ਼ਦਗੀ ਭਰੀ ਸੀ, ਜਿਸ ਨੂੰ ਕਈ ਖਾਮੀਆਂ ਕਾਰਨ ਰੱਦ ਕਰ ਦਿੱਤਾ ਗਿਆ ਸੀ। ਡੇਢ ਸਾਲ ਪਹਿਲਾਂ ਜਦੋਂ ਕੈਨੇਡਾ ਸੰਸਦੀ ਚੋਣਾਂ 'ਚ ਵਿਦੇਸ਼ੀ ਦਖ਼ਲ ਦੀ ਜਾਂਚ ਸ਼ੁਰੂ ਹੋਈ ਤਾਂ ਚੰਦਰ ਆਰੀਆ ਦਾ ਨਾਮ ਵੀ ਇਸ ਵਿੱਚ ਆਉਂਦਾ ਰਿਹਾ ਹੈ। ਉਨ੍ਹਾਂ ਵੱਲੋਂ ਸੰਸਦ 'ਚ ਹਰ ਉਸ ਗੱਲ ਦਾ ਵਿਰੋਧ ਕੀਤਾ ਜਾਂਦਾ ਰਿਹਾ, ਜਿਸ ਵਿੱਚ ਭਾਰਤ ਦਾ ਨਾਂ ਜੁੜਦਾ ਹੋਵੇ। ਪਿਛਲੇ ਸਾਲ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਸੁੱਖ ਧਾਲੀਵਾਲ ਨੇ ਜਦੋਂ 1985 ਦੇ ਕਨਿਸ਼ਕ ਜਹਾਜ਼ ਹਾਦਸੇ ਦੀ ਮੁੜ ਤੋਂ ਜਾਂਚ ਦੀ ਮੰਗ ਕੀਤੀ ਸੀ ਤਾਂ ਚੰਦਰ



ਆਰੀਆ ਨੇ ਇਸ ਦਾ ਵਿਰੋਧ ਕੀਤਾ, ਜਿਸ ਮਗਰੋਂ ਉਹ ਮੁੜ ਸ਼ੱਕ ਦੇ ਘੇਰੇ ਵਿੱਚ ਆ ਗਏ ਸਨ। ਉਨ੍ਹਾਂ ਬਾਰੇ ਪਾਰਟੀ ਦੇ ਅੰਦਰੂਨੀ ਭੇਤ ਜਨਤਕ ਕਰਨ ਦੀ ਚਰਚਾ ਵੀ ਹੁੰਦੀ ਰਹੀ ਹੈ। ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੇ ਕਿਸੇ ਵੇਲੇ ਵੀ ਸੰਸਦ ਭੰਗ ਕਰਵਾ ਕੇ ਗਵਰਨਰ ਜਨਰਲ ਮੈਰੀ ਸਾਈਮਨ ਤੋਂ ਚੋਣਾਂ ਦਾ ਐਲਾਨ ਕਰਵਾ ਸਕਦੇ ਹਨ।

# ਟਰੰਪ ਦੇ ਇਰਾਦੇ ਸਫਲ ਨਹੀਂ ਹੋਣ ਦੇਵਾਂਗੇ : ਮਾਰਕ ਕਾਰਨੀ

ਟੋਰਾਂਟੋ : ਕੈਨੇਡਾ ਵਿੱਚ ਆਮ ਚੋਣਾਂ ਲਈ ਪ੍ਰਚਾਰ ਮੁਹਿੰਮ ਦੀ ਸ਼ੁਰੂਆਤ ਹੋ ਚੁੱਕੀ ਹੈ। ਪ੍ਰਚਾਰ ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਉਨ੍ਹਾਂ ਦੇ ਵਿਰੋਧੀ ਅਤੇ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰੇ ਪੋਇਲੀਵਰੇ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕੈਨੇਡਾ ਦੀ ਪ੍ਰਭੂਸੱਤਾ ਦਾ ਸਨਮਾਨ ਕਰਨਾ ਚਾਹੀਦਾ ਹੈ। ਦੋਵਾਂ ਨੇ ਇਹ ਬਿਆਨ ਟਰੰਪ ਵੱਲੋਂ ਕੈਨੇਡਾ ਦੀ ਪ੍ਰਭੂਸੱਤਾ ਨੂੰ ਦਿੱਤੇ ਖ਼ਤਰੇ ਅਤੇ ਵਪਾਰ ਯੁੱਧ ਦੇ ਡਰ ਦੇ ਪਿਛੋਕੜ ਵਿੱਚ ਦਿੱਤਾ ਹੈ। ਕਾਰਨੀ ਨੇ ਐਲਾਨ ਕੀਤਾ ਕਿ 28 ਅਪ੍ਰੈਲ ਨੂੰ ਵੋਟਿੰਗ ਤੋਂ ਪਹਿਲਾਂ ਚੋਣ ਪ੍ਰਚਾਰ ਪੰਜ ਹਫ਼ਤੇ ਚੱਲੇਗਾ। ਕਾਰਨੀ ਨੇ ਕਿਹਾ, 'ਰਾਸ਼ਟਰਪਤੀ ਟਰੰਪ ਦੀਆਂ ਅਣਉਚਿਤ ਵਪਾਰਕ ਕਾਰਵਾਈਆਂ ਅਤੇ ਸਾਡੀ ਪ੍ਰਭੂਸੱਤਾ ਵਿਰੁੱਧ ਉਨ੍ਹਾਂ ਦੀਆਂ ਧਮਕੀਆਂ ਕਾਰਨ ਅਸੀਂ ਆਪਣੇ ਜੀਵਨ ਦੇ ਸਭ ਤੋਂ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਾਂ।' ਉਨ੍ਹਾਂ ਨੇ ਕਿਹਾ, 'ਰਾਸ਼ਟਰਪਤੀ ਟਰੰਪ ਦਾਅਵਾ ਕਰਦੇ ਹਨ ਕਿ ਕੈਨੇਡਾ ਅਸਲ ਵਿੱਚ ਇੱਕ ਦੇਸ਼ ਨਹੀਂ ਹੈ। ਉਹ ਸਾਨੂੰ ਤੋੜਨਾ ਚਾਹੁੰਦੇ ਹਨ ਤਾਂ ਜੋ ਅਮਰੀਕਾ



ਸਾਡਾ ਮਾਲਕ ਬਣ ਸਕੇ। ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ।' ਲਿਬਰਲ ਪਾਰਟੀ ਨੇ ਸ਼ਨੀਵਾਰ ਨੂੰ ਐਲਾਨ ਕੀਤਾ ਕਿ ਕਾਰਨੀ ਸੰਸਦ ਮੈਂਬਰ ਬਣਨ ਲਈ ਪਹਿਲੀ ਵਾਰ ਓਟਾਵਾ ਦੇ ਉਪਨਗਰ ਨੇਪੀਅਨ ਤੋਂ ਚੋਣ ਲੜਨਗੇ। ਹਾਊਸ ਆਫ਼ ਕਾਮਨਜ਼ ਦੀਆਂ 343 ਸੀਟਾਂ ਜਾਂ ਜ਼ਿਲ੍ਹਿਆਂ ਲਈ ਚੋਣ ਪ੍ਰਚਾਰ 37 ਦਿਨਾਂ ਤੱਕ ਚੱਲੇਗਾ। ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰੇ ਪੋਇਲੀਵਰੇ ਚੋਣ ਵਿੱਚ ਕਾਰਨੀ ਦੇ ਮੁੱਖ ਵਿਰੋਧੀ ਹਨ। ਉਸਨੇ ਕਿਹਾ ਕਿ ਉਹ ਟਰੰਪ ਵਿਰੁੱਧ ਖੜ੍ਹਾ ਹੋਵੇਗਾ। ਪੋਇਲੀਵਰੇ ਨੇ ਕਿਹਾ, 'ਮੈਂ ਜ਼ੋਰ ਦੇਵਾਂਗਾ ਕਿ ਰਾਸ਼ਟਰਪਤੀ (ਟਰੰਪ) ਕੈਨੇਡਾ ਦੀ ਆਜ਼ਾਦੀ ਅਤੇ ਪ੍ਰਭੂਸੱਤਾ ਨੂੰ ਮਾਨਤਾ ਦੇਣ।' ਉਸ ਨੇ ਕਿਹਾ, "ਮੈਂ ਜ਼ੋਰ ਦੇਵਾਂਗਾ ਕਿ ਉਹ ਸਾਡੇ ਦੇਸ਼ 'ਤੇ ਟੈਰਿਫ ਲਗਾਉਣਾ ਬੰਦ ਕਰੇ। ਮੈਂ ਜਾਣਦਾ ਹਾਂ ਕਿ ਬਹੁਤ ਸਾਰੇ ਲੋਕ ਚਿੰਤਤ, ਗੁੱਸੇ ਅਤੇ ਬੇਚੈਨ ਹਨ।" ਸਾਬਕਾ ਕੇਂਦਰੀ ਬੈਂਕਰ ਮਾਰਕ ਕਾਰਨੀ ਨੇ 14 ਮਾਰਚ ਨੂੰ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ। ਕਾਰਨੀ (59) ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਥਾਂ ਲਈ। ਟਰੂਡੋ ਨੇ ਜਨਵਰੀ ਵਿੱਚ ਆਪਣੇ ਅਸਤੀਫ਼ੇ ਦਾ ਐਲਾਨ ਕੀਤਾ ਸੀ। ਇਸ ਸਾਲ ਸੱਤਾਧਾਰੀ ਲਿਬਰਲ ਪਾਰਟੀ ਦੇ ਚੋਣਾਂ ਹਾਰਨ ਦੀ ਉਮੀਦ ਜਤਾਈ ਜਾ ਰਹੀ ਸੀ ਪਰ ਟਰੰਪ ਨੇ ਟੈਰਿਫ ਦੇ ਰੂਪ ਵਿੱਚ 'ਆਰਥਿਕ ਯੁੱਧ' ਦਾ ਐਲਾਨ ਕੀਤਾ ਹੈ ਅਤੇ ਪੂਰੇ ਦੇਸ਼ ਨੂੰ ਸੰਯੁਕਤ ਰਾਜ ਦੇ 51ਵੇਂ ਰਾਜ ਵਜੋਂ ਆਪਣੇ ਨਾਲ ਜੋੜਨ ਦੀ ਧਮਕੀ ਦਿੱਤੀ ਹੈ। ਹੁਣ ਇਨ੍ਹਾਂ ਬਦਲੇ ਹੋਏ ਸਮੀਕਰਨਾਂ ਕਾਰਨ ਦਾਅਵੇ ਕੀਤੇ ਜਾ ਰਹੇ ਹਨ ਕਿ ਲਿਬਰਲ ਪਾਰਟੀ ਚੋਣਾਂ ਵਿੱਚ ਲੀਡ ਹਾਸਲ ਕਰੇਗੀ। ਟਰੰਪ ਨੇ ਕੈਨੇਡੀਅਨ ਸਟੀਲ ਅਤੇ ਐਲੂਮੀਨੀਅਮ 'ਤੇ 25 ਪ੍ਰਤੀਸ਼ਤ ਡਿਊਟੀ ਲਗਾ ਦਿੱਤੀ ਹੈ ਅਤੇ 2 ਅਪ੍ਰੈਲ ਤੋਂ ਸਾਰੇ ਕੈਨੇਡੀਅਨ ਉਤਪਾਦਾਂ 'ਤੇ ਭਾਰੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ।

## ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਨੇ ਅਮਨਪ੍ਰੀਤ ਸਿੰਘ ਗਿੱਲ ਨੂੰ ਹਲਕਾ ਕੈਲਗਰੀ ਸਕਾਈਵਿਊ ਤੋਂ ਉਮੀਦਵਾਰ ਐਲਾਨਿਆ

ਕੈਲਗਰੀ : ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਨੇ ਕੈਲਗਰੀ ਦੀ ਨਾਮਵਰ ਸਖਸ਼ੀਅਤ, ਕਾਰੋਬਾਰੀ ਤੇ ਪੂਰਨ ਗੁਰਸਿੱਖ ਗੁਰੂ ਘਰ ਦੇ ਸਾਬਕਾ ਮੁੱਖ ਸੇਵਾਦਾਰ ਅਮਨਦੀਪ ਸਿੰਘ ਗਿੱਲ ਨੂੰ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ ਪਾਰਲੀਮੈਂਟ ਹਲਕਾ ਕੈਲਗਰੀ ਸਕਾਈਵਿਊ ਤੋਂ ਆਪਣਾ ਉਮੀਦਵਾਰ ਐਲਾਨਿਆ ਹੈ। ਮਿਲੀ ਜਾਣਕਾਰੀ ਮੁਤਾਬਕ ਇਸ ਹਲਕੇ ਤੋਂ ਤਕਰੀਬਨ 10 ਤੋਂ 12 ਉਮੀਦਵਾਰ ਚੋਣ ਮੈਦਾਨ ਵਿਚ ਸਨ। ਜਿਨ੍ਹਾਂ ਵਿਚੋਂ ਅਮਨਪ੍ਰੀਤ ਸਿੰਘ ਗਿੱਲ ਨੂੰ ਉਮੀਦਵਾਰ ਐਲਾਨ ਕੀਤਾ ਗਿਆ ਹੈ। ਅਮਨਪ੍ਰੀਤ ਸਿੰਘ ਗਿੱਲ ਕਰੋਨਾ ਕਾਲ ਸਮੇਂ ਆਪਣੀਆਂ ਵਲੰਟੀਅਰ ਸੇਵਾਵਾਂ ਕਰਕੇ ਦੇਸ਼ ਵਿਚ ਵੱਖਰੀ ਪਹਿਚਾਣ ਨਾਲ ਜਾਣੇ ਜਾਣ ਲੱਗੇ ਸਨ। ਅੱਜ ਹੀ ਫੈਡਰਲ ਚੋਣਾਂ ਦਾ ਐਲਾਨ ਹੋਇਆ ਹੈ ਕਿ 28 ਅਪ੍ਰੈਲ 2025 ਨੂੰ ਹੋਣਗੀਆਂ।



ਅਮਨਪ੍ਰੀਤ ਸਿੰਘ ਗਿੱਲ

# ਕੈਲਗਰੀ ਵਿਖੇ ਅਲਬਰਟਾ ਸਿੱਖ ਖੇਡਾਂ ਅਪ੍ਰੈਲ ਮਹੀਨੇ ਕਰਵਾਈਆਂ ਜਾਣਗੀਆਂ : ਪ੍ਰਬੰਧਕ



ਕੈਲਗਰੀ : ਦਸਮੇਸ਼ ਕਲਚਰ ਸੈਂਟਰ ਨੂੰ ਇਹ ਮਾਣ ਮਿਲਿਆ ਹੈ ਕਿ ਪਹਿਲੀ ਵਾਰ ਅਲਬਰਟਾ ਸਿੱਖ ਖੇਡਾਂ 18, 19 ਤੇ 20 ਅਪ੍ਰੈਲ, 2025 ਨੂੰ ਜੈਨੇਸਿਸ ਸੈਂਟਰ ਕੈਲਗਰੀ ਵਿਖੇ ਕਰਵਾਉਣ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਚੇਅਰਮੈਨ ਗੁਰਜੀਤ ਸਿੰਘ ਸਿੱਧੂ ਤੇ ਜਨਰਲ ਸਕੱਤਰ ਰਵਿੰਦਰ ਸਿੰਘ ਤੱਬੜ ਨੇ ਦੱਸਿਆ ਕਿ ਇਹ ਖੇਡਾਂ, ਭਾਈਚਾਰੇ ਤੇ ਸਿੱਖੀ ਦੀ ਸਥਾਈ ਭਾਵਨਾ ਦਾ ਜਸ਼ਨ ਹੋਣਗੀਆ। ਇਹ ਖੇਡਾਂ ਸਿੱਖੀ ਦੀਆਂ ਮੁੱਖ ਸਿੱਖਿਆਵਾਂ ਦੁਆਰਾ ਸੰਬੰਧਿਤ ਹੋਣਗੀਆਂ। ਇਹ ਸਮਾਨਤਾ, ਅਨੁਸ਼ਾਸਨ, ਨਿਮਰਤਾ, ਏਕਤਾ ਤੇ ਨਿਰਸਵਾਰਥ ਸੇਵਾ ਵਰਗੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਖੇਡਾਂ ਰਾਹੀਂ, ਸਾਡਾ ਉਦੇਸ਼ ਅਗਲੀ ਪੀੜ੍ਹੀ ਨੂੰ ਚਰਿੱਤਰ, ਤਾਕਤ ਤੇ ਹਮਦਰਦੀ ਨਾਲ ਅਗਵਾਈ ਕਰਨ ਲਈ ਪ੍ਰੇਰਿਤ ਕਰਨਾ ਹੈ।ਇਹ ਇਤਿਹਾਸਕ ਸਮਾਗਮ ਸਿੱਖ ਭਾਈਚਾਰੇ, ਸਥਾਨਕ ਖੇਡ ਟੀਮਾਂ, ਸਮਰਪਿਤ ਭਾਗੀਦਾਰਾਂ, ਕਾਰੋਬਾਰਾਂ ਤੇ ਵਚਨਬੱਧ ਮੀਡੀਆ ਸੰਗਠਨਾਂ ਦੇ ਸ਼ਾਨਦਾਰ ਸਮਰਥਨ ਤੋਂ ਬਿਨਾਂ ਸੰਭਵ ਨਹੀਂ ਹੋਵੇਗਾ। ਤੁਹਾਡੇ ਸਹਿਯੋਗ ਤੇ ਉਤਸ਼ਾਹ ਨੇ ਇਸ ਦ੍ਰਿਸ਼ਟੀਕੋਣ ਨੂੰ ਜੀਵਨ ਵਿਚ ਲਿਆਉਣ 'ਚ ਮਦਦ ਕੀਤੀ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਆਓ ਸਾਰੇ ਰਲ ਕੇ ਇਨ੍ਹਾਂ ਖੇਡਾਂ ਨੂੰ ਇਤਿਹਾਸਕ ਖੇਡਾਂ ਦਾ ਦਰਜਾ ਗੌਸ਼ਤ ਕਰੀਏ। ਇਸ ਸਮੇਂ ਗੁਰਮੇਜ ਸਿੰਘ, ਰਣਧੀਰ ਸਿੰਘ ਪਰਮਾਰ, ਰਾਜਦੀਪ ਸਿੰਘ ਗਰੇਵਾਲ, ਗੁਰਲਾਲ ਸਿੰਘ ਧਾਲੀਵਾਲ, ਪਰਦੁਮਨ ਸਿੰਘ ਗਿੱਲ, ਜਸਵਿੰਦਰ ਸਿੰਘ ਮਿੱਠਾ, ਗੁਰਮੀਤ ਸਿੰਘ ਤੇ ਹੋਰ ਹਾਜ਼ਰ ਸਨ।

# ਕੈਨੇਡਾ ਦੀ ਅਬਾਦੀ 4 ਕਰੋੜ 15 ਲੱਖ ਤੋਂ ਟੱਪੀ

## ਤਿੰਨ ਮਹੀਨਿਆਂ 'ਚ 30 ਹਜ਼ਾਰ ਆਰਜ਼ੀ ਵਸਨੀਕ ਵਾਪਸ ਭੇਜਿਆ

ਵੈਨਕੂਵਰ : ਕੈਨੇਡਾ ਦੇ ਅੰਕੜਾ ਵਿਭਾਗ ਵੱਲੋਂ ਜਾਰੀ ਸੂਚਨਾ ਅਨੁਸਾਰ ਲੰਘੀ ਪਹਿਲੀ ਜਨਵਰੀ ਤੱਕ ਕੈਨੇਡਾ ਦੀ ਆਬਾਦੀ 4,15,28,680 ਹੋ ਗਈ ਹੈ, ਪਰ ਆਬਾਦੀ ਦੇ ਵਾਧੇ ਦੀ ਦਰ 1.8 ਤੋਂ ਘੱਟ ਕੇ 1.2 ਫ਼ੀਸਦ ਰਹਿ ਗਈ ਹੈ। ਸਾਲ 2024 ਦੀ ਆਖਰੀ ਤਿਮਾਹੀ ਵਿੱਚ ਜਨਮੇ ਅਤੇ ਪੱਕੇ ਹੋਏ 63,382 ਲੋਕਾਂ ਦੇ ਵਾਧੇ ਦੇ ਬਾਵਜੂਦ, ਇਸੇ ਤਿਮਾਹੀ ਦੌਰਾਨ ਅਸਥਾਈ (ਕੱਚੇ) ਵਾਸੀਆਂ ਦੀ ਗਿਣਤੀ ਵਿੱਚ 28,341 ਦੀ ਗਿਰਾਵਟ ਦਰਜ ਕੀਤੀ ਗਈ। ਸਮਝਿਆ ਜਾਂਦਾ ਹੈ ਕਿ ਜਾਂ ਤਾਂ ਇਹ ਲੋਕ ਸਰਕਾਰੀ ਸਖਤੀ ਕਾਰਨ ਆਪਣੇ ਦੇਸ਼ਾਂ ਨੂੰ ਪਰਤ ਗਏ ਜਾਂ ਸਰਕਾਰ ਵਲੋਂ ਡਿਪੋਰਟ ਕੀਤੇ ਗਏ।



ਦੱਸਣਾ ਬਣਦਾ ਹੈ ਕਿ ਕੈਨੇਡਾ ਦੀ ਆਬਾਦੀ ਜੂਨ 2022 ਦੌਰਾਨ 4 ਕਰੋੜ ਤੋਂ ਟੱਪੀ ਸੀ। ਅੰਕੜਾ ਏਜੰਸੀ ਅਨੁਸਾਰ ਇਹ ਪਿਛਲੇ ਸਾਲ ਦੀ ਆਖਰੀ ਤਿਮਾਹੀ ਦਾ ਵਾਧਾ ਦਰ ਅੰਕੜਾ 2020 ਦੀ ਆਖਰੀ ਤਿਮਾਹੀ ਦੇ ਉਸ ਘੱਟੋ ਘੱਟ ਅੰਕੜੇ ਤੋਂ ਵੀ ਘੱਟ ਹੈ, ਜਦ ਕਰੋਨਾ ਕਾਰਨ ਬਹੁਤ ਘੱਟ ਲੋਕ ਕੈਨੇਡਾ ਆਏ ਸਨ। ਉਂਜ 2024 ਦੇ ਸਾਲ ਦੌਰਾਨ ਆਬਾਦੀ ਦਾ ਸਮੁੱਚਾ ਵਾਧਾ 7,44,324 ਦਰਜ ਕੀਤਾ ਗਿਆ ਹੈ।

# ਗੁੜ ਦੇ 'ਗੁੱਝੇ ਗਿਫਟ' ਦੀ ਗੁੱਥੀ ਇਉਂ ਖੁੱਲ੍ਹੀ!




ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724




ਸ਼ੂਗਰ ਕਾਰਨ ਮੈਂ ਅਮਰੀਕਾ ਤੋਂ ਪਿੰਡ ਆ ਕੇ ਗੁੜ ਵਾਲੀ ਚਾਹ ਪੀ ਲੈਂਦਾ ਹਾਂ। ਕੁੱਝ ਦਿਨ ਪਹਿਲਾਂ ਘਰੇ ਗੁੜ ਮੁੱਕ ਗਿਆ। ਕਹਿੰਦੇ ਸੜ੍ਹਕਾਂ ਕੰਢੇ ਗੁੜ ਬਣਾਉਣ ਵਾਲੇ ਵਿਚ ਖੰਡ ਪਾਈ ਜਾਂਦੇ ਹਨ। ਪਤਾ ਲੱਗਾ ਕਿ ਸਾਡੇ ਲਾਗਲੇ ਪਿੰਡ ਸਹਾਬ ਪੁਰ ਕਈ ਸੱਜਣਾਂ ਨੇ ਵੇਲਣੇ ਲਾਏ ਹੋਏ ਹਨ ਤੇ ਉਹ ਗੁੜ ਵੇਚਦੇ ਹਨ।

ਲੰਘੇ 20 ਮਾਰਚ ਵਾਲੇ ਦਿਨ ਨਵਾਂਸ਼ਹਿਰੋਂ ਪਿੰਡ ਨੂੰ ਆਉਂਦਾ ਹੋਇਆ ਮੈਂ ਸਹਾਬਪੁਰ ਜੋਗੇ ਦਾ ਘਰ ਪੁੱਛ ਕੇ ਗੁੜ ਲੈਣ ਗਿਆ। ਉੱਥੇ ਗੇਟ ਨੂੰ ਜਿੰਦਾ ਵੱਜਾ ਹੋਇਆ ਸੀ। ਗੁਆਂਢੀਆਂ ਨੇ ਦੱਸਿਆ ਕਿ ਉਹ ਤਾਂ ਕਿਤੇ ਗਿਆ ਹੋਇਆ ਐ ਪਰ ਗੁੜ ਤੁਹਾਨੂੰ ਕੈਲੇ ਦੇ ਘਰੋਂ ਮਿਲ ਸਕਦਾ। ਪੁੱਛਦਾ ਪੁਛਾਉਂਦਾ ਕੈਲੇ ਦੇ ਘਰ ਗਿਆ ਤਾਂ ਉਹ ਕਹਿੰਦਾ ਗੁੜ ਸਾਰਾ ਈ ਵਿਕ ਗਿਆ, ਤੁਸੀਂ ਲਖਬੀਰ ਸਿੰਘ ਦੀ ਆਟਾ ਚੱਕੀ ਲਾਗੇ ਚੱਲਦੇ ਵੇਲਣੇ ਤੋਂ ਪਤਾ ਕਰੋ ਉੱਥੋਂ ਮਿਲ ਜਾਣਾ।

ਜਦ ਮੈਂ ਚੱਕੀ ਲਾਗਲੇ ਵੇਲਣੇ 'ਤੇ ਗਿਆ ਤਾਂ ਉੱਥੇ ਸਾਡੇ ਪਿੰਡ ਦਾ ਸਾਬਕਾ ਸਰਪੰਚ ਬੈਠਾ। ਉਹ ਕਹਿੰਦਾ ਮੈਂ ਵੇਲਣੇ ਵਾਲੇ ਨੂੰ ਉਡੀਕ ਰਿਹਾ ਹਾਂ। ਦਸ ਕੁ ਮਿੰਟ ਬਾਅਦ ਇਸ ਵੇਲਣੇ ਦਾ ਮਾਲਕ ਆ ਕੇ ਕਹਿੰਦਾ ਕਿ ਹੁਣ ਤਾਂ ਸਾਡੇ ਕੋਲ ਕਿੱਲੋ ਗੁੜ ਵੀ ਹੈਨੀ ਜੀ। ਪਰਸੋਂ ਨੂੰ ਫੋਨ ਕਰਕੇ ਆਇਉ। ਲਉ ਜੀ, ਅਸੀਂ ਦੁਪਾਲਪੁਰੀਏ ਦੋਵੇਂ 'ਸਾਬਕਾ ਸਰਪੰਚ' ਉੱਥੋਂ ਗੁੜ ਦੀ ਜਗਾਹ 'ਫੋਨ ਨੰਬਰ' ਲੈ ਕੇ ਆਪਣੇ ਪਿੰਡ ਆ ਗਏ!

ਦੂਜੇ ਦਿਨ ਭਾਵ 21 ਮਾਰਚ ਦੁਪਹਿਰੇ ਜਦ ਮੈਂ ਨਵਾਂਸ਼ਹਿਰੋਂ ਘਰੇ ਪਹੁੰਚਾ ਤਾਂ ਆਉਂਦੇ ਨੂੰ ਮੈਨੂੰ ਪੋਤਰਾ ਨੂਰ ਕਹਿੰਦਾ ਬਾਬਾ ਜੀ, ਕਾਰ ਵਿਚ ਆਇਆ ਇਕ ਦੁਮਾਲੇ ਵਾਲਾ ਸਿੰਘ ਸਾਡੇ ਘਰੇ ਗੁੜ ਦੇ ਗਿਆ ਉਹ ਕਹਿੰਦਾ ਸੀ ਕਿ ਮੈਨੂੰ ਬੱਲੀ ਮਾਮਾ ਜੀ ਦੌਲਤਪੁਰ ਵਾਲਿਆਂ ਨੇ ਕਿਹਾ ਸੀ ਕਿ ਦੁਪਾਲ ਪੁਰ ਗੁੜ ਦੇ ਕੇ ਆ!

ਬੱਲੀ ਨਾਂ ਤੋਂ ਮੈਂ ਯਾਦ ਕਰਿਆ ਕਿ ਉਹ ਮੇਰੇ ਸਤਿਕਾਰਯੋਗ ਟੀਚਰ ਸਵਰਗੀ ਤਰਸੇਮ ਸਿੰਘ ਭੁੱਚਰ ਦਾ ਬੇਟਾ ਹੈ ਜੋ ਅਮਰੀਕਾ ਰਹਿੰਦਾ ਹੈ। ਮੈਂ ਸੋਚਿਆ ਕਿ ਉਹ ਪਿੰਡ ਦੌਲਤ ਪੁਰ ਆਇਆ ਹੋਇਆ ਹੋਵੇਗਾ। ਉਸਨੂੰ ਪਤਾ ਲੱਗਾ ਹੋਣਾ ਕਿ ਮੈਂ ਗੁੜ ਦੀ ਤਲਾਸ਼ 'ਚ ਫਿਰ ਰਿਹਾ ਹਾਂ! ਕਿਉਂ ਕਿ ਸਹਾਬ ਪੁਰ ਪਿੰਡ ਦੌਲਤ ਪੁਰ ਤੋਂ ਬਹੁਤੀ ਦੂਰ ਨਹੀਂ! ਇਹ ਸੋਚ ਕੇ ਮੈਂ ਆਪਣੇ ਪਿਆਰੇ ਦੋਸਤ ਬੱਲੀ ਦੇ 'ਵਟਸ-ਐਪ' ਫੋਨ ਰਾਹੀਂ ਬੋਲ ਕੇ ਸੁਨੇਹਾ ਛੱਡਿਆ ਕਿ ਤੁਸੀਂ ਪਿੰਡ ਆਏ ਹੋਏ ਓ ਤੇ ਗੁੜ ਤੁਸੀਂ ਭੇਜਿਆ ਹੈ ਸਾਡੇ ਘਰ?

ਉੱਧਰੋਂ ਕੋਈ ਜਵਾਬ ਨਾ ਆਇਆ। ਮੈਂ ਬਰਫੀ ਦੀਆਂ ਟੁਕੜੀਆਂ ਵਰਗਾ ਗੁੜ ਦੇਣ ਵਾਲੇ ਦਾ ਧੰਨਵਾਦ ਕਰਨ ਲਈ ਕਾਹਲਾ ਪੈ ਰਿਹਾ ਸਾਂ! ਇਸੇ ਕਾਹਲ ਵਿਚ ਮੈਂ ਬਬਰ ਕਰਮ ਸਿੰਘ ਸਕੂਲ ਦੌਲਤ ਪੁਰ ਵਿਖੇ ਬੱਸ ਡਰਾਈਵਰ ਦੀ ਜੌਬ ਕਰਦੇ ਆਪਣੇ ਭਤੀਜ ਰਣਜੀਤ ਸਿੰਘ ਨੂੰ ਫੋਨ ਕਰਕੇ ਪੁੱਛਿਆ ਕਿ ਦੌਲਤ ਪੁਰ ਪਿੰਡ 'ਚ ਕੋਈ ਹੋਰ ਬੱਲੀ ਨਾਂ ਦਾ ਮੁੰਡਾ ਵੀ ਐ? ਉਹ ਕਹਿੰਦਾ ਜੀ ਇੱਕੋ ਹੀ ਬੱਲੀ ਐ ਜੋ ਅਮਰੀਕਾ ਰਹਿੰਦਾ। ਉਹ ਕਈ ਮਹੀਨੇ ਪਹਿਲਾਂ ਆਇਆ ਜਰੂਰ ਸੀ ਪਰ ਛੇਤੀ ਮੁੜ ਗਿਆ ਸੀ। ਰਣਜੀਤ ਕਹਿੰਦਾ ਪਰ ਮੈਂ ਐਧਰੋਂ ਉੱਧਰੋਂ ਪੁੱਛ ਕੇ 'ਗੁੱਝੇ ਗੁੜ ਦੀ ਗੁੱਥੀ' ਖੋਲ੍ਹਣ ਦੀ ਕੋਸ਼ਿਸ਼ ਕਰਦਾਂ ਚਾਚਾ ਜੀ!

ਲਉ ਜੀ ਦਸ ਕੁ ਮਿੰਟ ਬਾਅਦ ਹੀ ਰਣਜੀਤ ਦਾ ਫੋਨ ਆ ਗਿਆ ਕਿ ਤੁਹਾਡੇ ਮਾਸਟਰ ਜੀ ਦੇ ਬੇਟੇ ਬੱਲੀ ਥਾਂਦੀ ਦਾ ਭਾਣਜਾ ਲਗਦਾ ਪਿੰਡ ਕਿਸ਼ਨ ਪੁਰ ਦਾ ਸਨੀ ਸਿੰਘ ਵੇਲਣਾ ਚਲਾਉਂਦਾ ਐ। ਉਹ ਕਹਿੰਦਾ ਕਿ ਮੈਂ ਕੱਲ੍ਹ ਬੱਲੀ ਮਾਮਾ ਜੀ ਨਾਲ ਸਹਿਵਨ ਹੀ ਫੋਨ 'ਤੇ ਅਮਰੀਕਾ ਗੱਲ ਕੀਤੀ ਕਿ ਐਤਕੀਂ ਗੁੜ ਬਹੁਤ ਵਧੀਆ ਕਣ ਵਾਲਾ ਬਣਾ ਰਿਹਾ ਐ! ਮਾਮਾ ਜੀ ਕਹਿੰਦੇ ਪਹਿਲਾਂ ਅੱਜ ਹੀ ਮੇਰੇ ਮਿੱਤਰ ਦੁਪਾਲ ਪੁਰੀ ਨੂੰ ਗੁੜ ਦੇ ਕੇ ਆ, ਉਹ ਪਿੰਡ ਗਏ ਹੋਏ ਆ!! ਲਉ ਜੀ, ਹਾਲੇ ਮੈਂ ਸਨੀ ਸਿੰਘ ਦਾ ਧੰਨਵਾਦ ਕਰ ਹੀ ਰਿਹਾ ਸਾਂ ਕਿ ਯੂਬਾ ਸਿਟੀ ਕੈਲੀਫੋਰਨੀਆਂ ਤੋਂ ਬੱਲੀ ਸਿੰਘ ਥਾਂਦੀ ਦਾ ਫੋਨ ਵੀ ਆ ਗਿਆ। ਜਦ ਮੈਂ ਉਸਨੂੰ ਸਹਾਬਪੁਰ ਗੁੜ ਦੀ ਭਾਲ ਵਾਲੀ ਆਪਣੀ ਤਾਜ਼ੀ ਗੱਲ ਦੱਸੀ ਤਾਂ ਉਹ ਬੜੇ ਮੋਹ ਪਿਆਰ ਨਾਲ ਕਹਿੰਦਾ- "ਦੇਖਿਆ ਭਾਈ ਸਾਹਬ, ਦੂਰ ਦੂਰ ਬੈਠੇ ਦੋ ਮਿੱਤਰਾਂ ਦੇ ਦਿਲੀ ਮੋਹ ਪਿਆਰ ਦੀਆਂ ਤਰੰਗਾਂ ਕਿਵੇਂ ਟੈਲੀਪੈਥੀ ਰਾਹੀਂ ਇਕ ਦੂਜੇ ਕੋਲ ਜਾ ਟੁਣਕਦੀਆਂ ਨੇ? ਘਰੇ ਆਏ ਗੁੜ ਦੇ ਗੁੱਝੇ ਗਿਫਟ ਦੀ ਗੁੱਥੀ ਖੁੱਲ੍ਹਣ ਵਾਲੀ ਇਹ ਵਾਰਤਾ ਪੜ੍ਹਕੇ ਤੁਹਾਡਾ ਵੀ ਮੂੰਹ ਮਿੱਠਾ ਹੋ ਗਿਆ ਹੋਵੇਗਾ!!

# ਰੁਲਦਾ ਸਿੰਘ ਹੱਤਿਆਕਾਂਡ ਮਾਮਲੇ 'ਚ ਭਾਈ ਜਗਤਾਰ ਸਿੰਘ ਤਾਰਾ ਬਰੀ

## 2009 'ਚ ਰੁਲਦਾ ਸਿੰਘ ਦਾ ਪਟਿਆਲਾ 'ਚ ਹੋਇਆ ਸੀ ਕਤਲ



ਪਟਿਆਲਾ : ਪਟਿਆਲਾ ਵਿੱਚ ਸੀਨੀਅਰ ਆਰਐਸਐਸ ਆਗੂ ਰੁਲਦਾ ਸਿੰਘ ਦੇ ਕਤਲ ਕੇਸ ਵਿੱਚ ਪੁਲਿਸ ਨੇ ਜਗਤਾਰ ਸਿੰਘ ਅਤੇ ਰਮਨਦੀਪ ਸਿੰਘ ਗੋਲਡੀ ਨੂੰ ਬਰੀ ਕਰ ਦਿੱਤਾ ਹੈ। ਇਸ ਦੌਰਾਨ, ਜਗਤਾਰ ਸਿੰਘ ਤਾਰਾ ਨੂੰ ਸਜ਼ਾ ਸੁਣਾਉਣ ਤੋਂ ਬਾਅਦ, ਉਸਨੂੰ ਇੱਕ ਹੋਰ ਕੇਸ ਲਈ ਵਾਪਸ ਚੰਡੀਗੜ੍ਹ ਜੇਲ੍ਹ ਭੇਜ ਦਿੱਤਾ ਗਿਆ। ਜਗਤਾਰ ਸਿੰਘ ਤਾਰਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਵੀ ਦੋਸ਼ੀ ਹੈ। ਇਸ ਮਾਮਲੇ ਵਿੱਚ ਪੰਜ ਲੋਕਾਂ ਨੂੰ ਪਹਿਲਾਂ ਹੀ ਬਰੀ ਕੀਤਾ ਜਾ ਚੁੱਕਾ ਹੈ। ਇਹ ਮਾਮਲਾ ਲਗਭਗ 16 ਸਾਲ ਪੁਰਾਣਾ ਹੈ। 28 ਜੁਲਾਈ, 2009 ਦੀ ਸ਼ਾਮ ਨੂੰ, ਜਦੋਂ ਸੀਨੀਅਰ ਆਰਐਸਐਸ ਨੇਤਾ ਰੁਲਦਾ ਸਿੰਘ ਆਪਣੀ ਕਾਰ ਵਿੱਚ ਅਨਾਜ ਮੰਡੀ ਸਰਹਿੰਦ ਰੋਡ ਸਥਿਤ ਆਪਣੇ ਘਰ ਪਹੁੰਚੇ, ਤਾਂ ਤਿੰਨ ਅਣਪਛਾਤੇ ਨੌਜਵਾਨਾਂ ਨੇ ਉਨ੍ਹਾਂ ਦੇ ਘਰ ਦੇ ਸਾਹਮਣੇ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ। ਉਸਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਲਗਭਗ 2 ਹਫ਼ਤਿਆਂ ਬਾਅਦ ਉਸਦੀ ਮੌਤ ਹੋ ਗਈ। ਪੁਲਿਸ ਨੇ ਉਸ ਸਮੇਂ ਚਾਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨ੍ਹਾਂ ਨੂੰ 2015 ਵਿੱਚ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ ਸੀ। ਉਹ ਭਾਰਤੀ ਜਨਤਾ ਪਾਰਟੀ ਦੇ ਐਨਆਰਆਈ ਵਿੰਗ ਦੇ ਮੁਖੀ ਵੀ ਸਨ।

ਪਟਿਆਲਾ ਪੁਲਿਸ ਨੇ ਇਸ ਮਾਮਲੇ ਵਿੱਚ ਕੁੱਲ 18 ਲੋਕਾਂ ਨੂੰ ਨਾਮਜ਼ਦ ਕੀਤਾ ਸੀ, ਜਿਨ੍ਹਾਂ ਵਿੱਚ ਇਹ ਤਿੰਨ ਬ੍ਰਿਟਿਸ਼ ਨਾਗਰਿਕ ਵੀ ਸ਼ਾਮਲ ਸਨ। 2015 ਵਿੱਚ, ਦਰਸ਼ਨ ਸਿੰਘ ਮਕਰੋਪੁਰ, ਜਗਮੋਹਨ ਸਿੰਘ, ਦਲ ਸਿੰਘ, ਗੁਰਜੰਟ ਸਿੰਘ ਅਤੇ ਅਮਰਜੀਤ ਸਿੰਘ ਨੂੰ ਪਟਿਆਲਾ ਦੀ ਇੱਕ ਸਥਾਨਕ ਅਦਾਲਤ ਨੇ ਇਸ ਮਾਮਲੇ ਵਿੱਚ ਬਰੀ ਕਰ ਦਿੱਤਾ ਸੀ, ਜਦੋਂ ਕਿ ਜਗਤਾਰ ਸਿੰਘ ਤਾਰਾ ਅਤੇ ਟਾਈਗਰਜ਼ ਫੋਰਸ ਨਾਲ ਜੁੜੇ ਇੱਕ ਹੋਰ ਕਥਿਤ ਦੋਸ਼ੀ ਰਮਨਦੀਪ ਸਿੰਘ ਗੋਲਡੀ ਵਿਰੁੱਧ ਮੁਕੱਦਮਾ ਚੱਲ ਰਿਹਾ ਸੀ। ਬਾਅਦ ਵਿੱਚ ਉਸਨੂੰ ਮਾਮਲੇ ਵਿੱਚ ਸ਼ਾਮਲ ਕਰ ਲਿਆ ਗਿਆ। ਜਿਸ ਵਿੱਚ ਅੱਜ ਇਹ ਫੈਸਲਾ ਆਇਆ ਹੈ।

# 40 ਤੋਂ ਵੱਧ ਐਸਜੀਪੀਸੀ ਮੈਂਬਰਾਂ ਨੇ ਪੰਥ ਵਿਰੋਧੀ ਮਤੇ ਰੱਦ ਕਰਨ ਲਈ ਮਤਾ ਲਿਆਉਣ ਲਈ ਦਿੱਤੀ ਦਰਖਾਸਤ : ਕਿਰਨਜੋਤ ਕੌਰ

## ਸਿੰਘ ਸਾਹਿਬਾਨ ਨੂੰ ਹਟਾਏ ਜਾਣ ਵਾਲੇ ਮਤੇ ਰੱਦ ਕਰੋ, ਪੂਰੇ ਸਿੱਖ ਭਾਈਚਾਰੇ ਦੀ ਤਰਜ਼ਮਾਨੀ ਕਰਦਾ ਮਤਾ ਐਸਜੀਪੀਸੀ ਦਫਤਰ ਦਿੱਤਾ ਗਿਆ



ਸ੍ਰੀ ਅੰਮ੍ਰਿਤਸਰ ਸਾਹਿਬ: ਪਿਛਲੇ ਦਿਨੀਂ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਪਾਸ ਹੋਏ ਪੰਥ ਵਿਰੋਧੀ ਮਤਿਆਂ ਨੂੰ ਰੱਦ ਕਰਨ ਲਈ ਮਤਾ ਲਿਆਉਣ ਲਈ 40 ਤੋਂ ਵੱਧ ਐਸਜੀਪੀਸੀ ਮੈਂਬਰਾਂ ਦੇ ਦਸਤਖਤਾਂ ਹੇਠ ਦਰਖਾਸਤ ਦਿੱਤੀ ਗਈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਰਘੁਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਗਿਆਨੀ ਸੁਲਤਾਨ ਸਿੰਘ ਜੀ ਨੂੰ ਜਲੀਲ ਕਰਕੇ ਹਟਾਉਣ ਵਾਲੇ ਮਤਿਆਂ ਨੂੰ ਰੱਦ ਕਰਨ ਲਈ, ਮਤਾ ਲਿਆਉਣ ਲਈ 40 ਤੋਂ ਵੱਧ ਐਸਜੀਪੀਸੀ ਮੈਂਬਰਾਂ ਦੇ ਦਸਤਖਤਾਂ ਹੇਠ ਦਰਖਾਸਤ ਸੌਂਪ ਕੇ ਐਸਜੀਪੀਸੀ ਦੇ ਦਫ਼ਤਰ ਤੋਂ ਰਸੀਵਿੰਗ ਨੰਬਰ ਲਿਆ ਗਿਆ। ਤਿੰਨ ਮੈਂਬਰੀ ਐਸਜੀਪੀਸੀ ਵਫ਼ਦ, ਜਿਹਨਾ ਵਿੱਚ ਬੀਬੀ ਕਿਰਨਜੋਤ ਕੌਰ, ਭਾਈ ਮਨਜੀਤ ਸਿੰਘ ਅਤੇ ਅਮਰੀਕ ਸਿੰਘ ਸ਼ਾਹਪੁਰ ਸ਼ਾਮਿਲ ਸਨ, ਨੇ ਐਸਜੀਪੀਸੀ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੂੰ ਦਰਖਾਸਤ ਸੌਂਪੀ। ਤਿੰਨ ਮੈਂਬਰੀ ਐਸਜੀਪੀਸੀ ਵਫ਼ਦ ਨੇ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਦਰਖਾਸਤ ਨੂੰ ਸੌਂਪਣ ਤੋਂ ਬਾਅਦ ਕਿਹਾ ਕਿ, ਸਿੰਘ ਸਾਹਿਬਾਨ ਨੂੰ ਜਲੀਲ ਕਰਕੇ ਹਟਾਏ ਜਾਣ ਦਾ ਰੋਸ ਅਤੇ ਗੁੱਸਾ ਪੂਰੀ ਦੁਨੀਆਂ ਵਿੱਚ ਬੈਠੇ ਹਰ ਸਿੱਖ ਵਿੱਚ ਹੈ। ਬੀਬੀ ਕਿਰਨਜੋਤ ਕੌਰ ਸਾਬਕਾ ਜਨਰਲ ਸਕੱਤਰ ਨੇ ਕਿਹਾ ਕਿ, ਦਰਖਾਸਤ ਜਰੀਏ ਅਵਾਜ਼ ਉਠਾਈ ਗਈ ਹੈ ਕਿ ਅੰਤ੍ਰਿੰਗ ਕਮੇਟੀ ਦੇ ਕੌਮ ਵਿਰੋਧੀ ਮਤਿਆਂ ਨੂੰ ਰੱਦ ਕਰਦੇ ਹੋਏ, ਹਟਾਏ ਗਏ ਸਿੰਘ ਸਾਹਿਬਾਨ ਦੀਆਂ ਸੇਵਾਵਾਂ ਬਹਾਲ ਕੀਤੀਆਂ ਜਾਣ। ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ, ਇਤਿਹਾਸ ਚ ਪਹਿਲੀ ਹੋਇਆ ਹੈ ਕਿ ਵਾਰੀ ਇੰਨੀ ਵੱਡੀ ਗਿਣਤੀ ਵਿੱਚ ਮੈਂਬਰਾਂ ਵੱਲੋਂ ਦਸਤਖ਼ਤ ਕਰਕੇ ਅੰਤ੍ਰਿੰਗ ਕਮੇਟੀ ਦੇ ਫੈਸਲੇ ਨੂੰ ਰੱਦ ਕਰਨ ਲਈ ਦਰਖਾਸਤ ਦਿੱਤੀ ਹੋਵੇ। ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਇਸ ਦਰਖਾਸਤ ਉਪਰ ਆਪ ਮੁਹਾਰੇ 40 ਤੋਂ ਵੱਧ ਐਸਜੀਪੀਸੀ ਮੈਂਬਰਾਂ ਨੇ ਦਸਤਖ਼ਤ ਕੀਤੇ ਹਨ, ਅਤੇ ਸੌ ਫ਼ੀਸਦ ਮੈਂਬਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਢਹਿ ਢੇਰੀ ਕਰਨ ਵਾਲੇ ਮਤਿਆਂ ਦੇ ਖਿਲਾਫ ਹਨ ਤੇ ਯਕੀਨਣ ਰੂਪ ਵਿੱਚ ਜਨਰਲ ਇਜਲਾਸ ਮੌਕੇ ਪੰਥ ਵਿਰੋਧੀ ਮਤੇ ਸਰਵ ਸੰਮਤੀ ਨਾਲ ਰੱਦ ਹੋਣਗੇ, ਕਿਉਂਕਿ ਗੁਰੂ ਦੇ ਸੇਵਾਦਾਰ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਐਸਜੀਪੀਸੀ ਮੈਂਬਰਾਂ ਦਾ ਮੁਢਲਾ ਫਰਜ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਹਿਬਾਨ ਦੀ ਮਾਣ ਮਰਿਆਦਾ ਬਹਾਲ ਕੀਤੀ ਜਾਵੇ। ਬੀਬੀ ਕਿਰਨਜੋਤ ਕੌਰ ਨੇ ਕਿਹਾ ਇਹ ਇਤਿਹਾਸਿਕ ਤੌਰ ਤੇ ਆਪਣੇ ਆਪ ਵਿੱਚ ਪੰਥਕ ਸ਼ਕਤੀ ਅਤੇ ਏਕਤਾ ਦੀ ਮੂੰਹ ਬੋਲਦੀ ਤਸਵੀਰ ਹੈ ਕਿ, ਚਾਹੇ ਪ੍ਰਧਾਨ ਦੀ ਚੋਣ ਵੇਲੇ ਕਿਸੇ ਵੀ ਮੈਂਬਰ ਨੇ ਕਿੱਥੇ ਵੀ ਆਪਣੀ ਵੋਟ ਪਾਈ ਹੋਵੇ, ਪਰ ਪੰਥ ਵਿਰੋਧੀ ਮਤਿਆਂ ਖਿਲਾਫ ਸਭ ਲਾਈਨ ਖਿੱਚ ਕੇ ਖੜੇ ਹੋਏ ਹਨ।

ਵਫ਼ਦ ਦੇ ਰੂਪ ਵਿੱਚ ਹਾਜਰ ਰਹੇ ਮੈਂਬਰਾਂ ਨੇ ਕਿਹਾ ਸਿੰਘ ਸਾਹਿਬਾਨ ਨੂੰ ਸੇਵਾ ਦੇਣ ਅਤੇ ਸੇਵਾ ਮੁਕਤ ਕਰਨ ਲਈ ਪਹਿਲਾਂ ਹੀ ਦੋ ਸਬ ਕਮੇਟੀ ਦੀਆਂ ਸਿਫਾਰਸ਼ਾਂ ਵਾਲੀ ਰਿਪੋਰਟ ਐਸਜੀਪੀਸੀ ਦਫਤਰ ਮੌਜੂਦ ਹੈ, ਇਸ ਕਰਕੇ ਕਮੇਟੀ ਬਣਾਉਣ ਦੀ ਬਜਾਏ ਓਹਨਾ ਸੁਝਾਂਵਾ ਉਪਰ ਗੌਰ ਫੁਰਮਾ ਕੇ ਵਿਧੀ ਵਿਧਾਨ ਦਾ ਕਾਰਜ ਕੀਤਾ ਜਾ ਸਕਦਾ ਹੈ। ਇਸ ਲਈ ਸਿਰਫ ਕਮੇਟੀ ਬਣਾਉਣ ਵਾਲਾ ਪ੍ਰਸਤਾਵ ਕਿਸੇ ਸਿੱਖ ਨੂੰ ਪ੍ਰਵਾਨ ਨਹੀਂ ਹੈ, ਜਨਰਲ ਇਜਲਾਸ ਵਿੱਚ ਵਿਧੀ ਵਿਧਾਨ ਪ੍ਰਵਾਨ ਕਰਨਾ ਪ੍ਰਵਾਨ ਚਾਹੀਦਾ ਹੈ।

# ਅਮਰੀਕਾ ਵਿੱਚ ਲਾਪਤਾ ਆਂਧਰਾ ਪ੍ਰਦੇਸ਼ ਦੇ ਭਾਰਤੀ ਵਿਅਕਤੀ ਦੀ ਲਾਸ਼ ਮਿਲੀ



ਨਿਊਯਾਰਕ, (ਰਾਜ ਗੋਗਨਾ) : ਅਮਰੀਕਾ ਦੇ ਟੈਕਸਾਸ ਰਾਜ ਦੇ ਸ਼ਹਿਰ ਪ੍ਰਿੰਸਟਨ ਵਿੱਚ ਬੀਤੇ ਐਤਵਾਰ ਨੂੰ ਲਾਪਤਾ ਹੋਏ ਇੱਕ ਭਾਰਤੀ ਮੂਲ ਦੇ ਵਿਅਕਤੀ ਦੀ ਮੌਤ ਹੋ ਗਈ ਹੈ। ਸਥਾਨਕ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ, ਜਿਸ ਨੂੰ ਸ਼ੱਕ ਹੈ ਕਿ ਉਸ ਨੇ ਖੁਦਕੁਸ਼ੀ ਕੀਤੀ ਹੈ। ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਕ੍ਰਿਸ਼ਨਾ ਜ਼ਿਲ੍ਹੇ ਦੇ ਗੁਡੀਵਾੜਾ ਦਾ ਰਹਿਣ ਵਾਲਾ ਸੀ। ਜਿਸ ਦਾ ਨਾਂ ਅਭਿਸ਼ੇਕ ਕੋਲੀ ਉਮਰ (30) ਸਾਲ ਦੱਸੀ ਗਈ ਹੈ। ਜੋ ਆਪਣੀ ਪਤਨੀ ਨਾਲ ਪਹਿਲੇ ਅਮਰੀਕਾ ਦੇ ਫੀਨਿਕਸ ਵਿੱਚ ਰਹਿੰਦਾ ਸੀ।

ਮ੍ਰਿਤਕ ਅਭਿਸ਼ੇਕ ਕੋਲੀ ਦੇ ਵਿਆਹ ਨੂੰ ਸਿਰਫ਼ ਇੱਕ ਸਾਲ ਹੋਇਆ ਸੀ। ਹਾਲ ਹੀ ਵਿੱਚ ਉਹ ਟੈਕਸਾਸ ਰਾਜ ਦੇ ਸ਼ਹਿਰ ਪ੍ਰਿੰਸਟਨ ਚਲਾ ਗਿਆ ਸੀ। ਅਭਿਸ਼ੇਕ ਦੇ ਜੁੜਵਾਂ ਭਰਾ ਅਰਵਿੰਦ ਕੋਲੀ ਨੇ ਦੱਸਿਆ ਕਿ ਉਹ ਪਿਛਲੇ ਛੇ ਕੁ ਮਹੀਨਿਆਂ ਤੋਂ ਬੇਰੁਜ਼ਗਾਰੀ ਦੇ ਨਾਲ-ਨਾਲ ਵਿੱਤੀ ਮੁਸ਼ਕਲਾਂ ਕਾਰਨ ਗੰਭੀਰ ਮਾਨਸਿਕ ਤਣਾਅ ਦਾ ਸਾਹਮਣਾ ਕਰ ਰਿਹਾ ਸੀ। ਹਾਲਾਂਕਿ, ਲੰਘੇ ਐਤਵਾਰ ਤੋਂ ਲਾਪਤਾ ਹੋਣ ਤੋਂ ਬਾਅਦ, ਸਥਾਨਕ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਗਈ ਸੀ। ਪੁਲਿਸ ਨੂੰ ਉਸ ਦੀ ਲਾਸ਼ ਉਸ ਨੂੰ ਇਕ ਨਦੀ ਵਿੱਚੋਂ ਮਿਲੀ ਹੈ।ਮ੍ਰਿਤਕ ਅਭਿਸ਼ੇਕ ਦੇ ਭਰਾ ਅਰਵਿੰਦ ਨੇ ਕਿਹਾ ਕਿ ਗੌਫੰਡਮੀ ਨਾਮਕ ਇੱਕ ਐਨਜੀਓ ਦੀ ਸਹਾਇਤਾ ਦੇ ਨਾਲ ਅਭਿਸ਼ੇਕ ਦੀ ਲਾਸ਼ ਨੂੰ ਭਾਰਤ ਵਾਪਸ ਲਿਆਉਣ ਅਤੇ ਅੰਤਿਮ ਸੰਸਕਾਰ ਦਾ ਪ੍ਰਬੰਧ ਕਰਨ ਲਈ ਦਾਨ ਇਕੱਠਾ ਕੀਤਾ ਜਾ ਰਿਹਾ ਹੈ। ਉਸ ਨੇ ਦੱਸਿਆ ਕਿ 24 ਘੰਟਿਆਂ ਵਿੱਚ 59 ਹਜ਼ਾਰ ਡਾਲਰ ਇਕੱਠੇ ਕੀਤੇ ਗਏ। ਅਰਵਿੰਦ ਨੇ ਕਿਹਾ ਕਿ ਅਮਰੀਕਾ ਵਿੱਚ ਤੇਲਗੂ ਭਾਈਚਾਰਾ ਉਸ ਦੀ ਲਾਸ਼ ਭਾਰਤ ਪਚਾਉਣ ਲਈ ਵਿੱਤੀ ਸਹਾਇਤਾ ਕਰ ਰਿਹਾ ਹੈ।

# ਉਂਟਾਰੀਓ ਖਾਲਸਾ ਦਰਬਾਰ ਗੁਰੂਘਰ ਦੇ ਡਾਇਰੈਕਟਰਾਂ ਦੀ ਸਰਬਸੰਮਤੀ ਨਾਲ ਚੋਣ ਹੋਈ



ਟੋਰਾਂਟੋ : ਉਂਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਮਿਸੀਸਾਗਾ (ਕਨੇਡਾ) ਗੁਰੂਘਰ ਦੀ ਪ੍ਰਬੰਧਕੀ ਕਮੇਟੀ ਦੇ ਡਾਇਰੈਕਟਰਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ, ਜਿਨ੍ਹਾਂ ਵਿਚ ਦਵਿੰਦਰ ਸਿੰਘ ਧਾਲੀਵਾਲ, ਸਰਦਾਰਾ ਸਿੰਘ, ਸਰਬਜੀਤ ਸਿੰਘ, ਜਸਵਿੰਦਰ ਸਿੰਘ, ਗੁਰਿੰਦਰਜੀਤ ਸਿੰਘ ਭੁੱਲਰ, ਹਰਪਾਲ ਸਿੰਘ, ਨਵਜੀਤ ਸਿੰਘ, ਭੁਪਿੰਦਰ ਸਿੰਘ ਬਾਠ, ਪਰਮਜੀਤ ਸਿੰਘ ਗਿੱਲ, ਬਲਜੀਤ ਸਿੰਘ ਪੰਡੋਰੀ, ਗੁਰਦੇਵ ਸਿੰਘ ਨਾਹਲ ਦੇ ਨਾਮ ਸ਼ਾਮਿਲ ਹਨ। ਇਸ ਮੌਕੇ ਇਲੈਕਸ਼ਨ ਕਮਿਸ਼ਨ ਦੇ ਤੌਰ 'ਤੇ ਲਖਵਿੰਦਰ ਸਿੰਘ ਸੰਧੂ, ਬਲਜੀਤ ਸਿੰਘ ਮੋਰ ਤੇ ਰੂਪੀ ਕੌਰ ਸ਼ਾਮਿਲ ਹੋਏ ਜਿਨ੍ਹਾਂ ਨੇ ਸੰਗਤਾਂ ਵਿਚ ਨਵ-ਨਿਯੁਕਤ ਡਾਇਰੈਕਟਰਾਂ ਦੇ ਨਾਵਾਂ ਦਾ ਐਲਾਨ ਕੀਤਾ ਜਿੱਥੇ ਬੋਲਦਿਆਂ ਇਨ੍ਹਾਂ ਅਹੁਦੇਦਾਰਾਂ ਨੇ ਆਪੋ-ਆਪਣੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ ਦਾ ਪ੍ਰਣ ਵੀ ਕੀਤਾ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

332- The Executive Committee of the S.G.P.C expresses its heartfelt and deep sorrow at the untimely and tragic death of Dr. M.A.Ansari in whose death the country loses a great patriot and conveys its sympathies with the members of the bereaved family on their sad bereavement.

335- ਗੁਰਦੁਆਰਾ ਕਮੇਟੀ ਲਾਹੌਰ ਦਾ ਸਾਲ 1936-37 ਦਾ ਬਜਟ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਗੁਰਦੁਆਰਾ ਐਕਟ ਦੀ ਦਫ਼ਾ 123 (2) ਅਨੁਸਾਰ ਉਕਤ ਕਮੇਟੀ ਨੂੰ ਲਿਖਿਆ ਜਾਵੇ ਕਿ ਉਹ 31-5-36 ਤੱਕ ਬਜਟ ਵਿਚ ਹੇਠ ਲਿਖੇ ਅਨੁਸਾਰ ਦਰੁਸਤੀਆਂ ਕਰ ਭੇਜਣ ਅਤੇ ਅੱਗੋਂ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਬਜਟ ਨੀਅਤ ਮਿਆਦ ਦੇ ਅੰਦਰ ਅੰਦਰ ਭੇਜਿਆ ਕਰਨ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (61) ਮਈ 1936

1. ਪ੍ਰਚਾਰ, ਜਲ ਪਾਣੀ, ਲਾਇਬ੍ਰੇਰੀ, ਸਹਾਇਤਾ ਅਤੇ ਜਾਗੀਰ ਖਾਤੇ ਰੱਖੇ ਗਏ ਖਰਚ ਬੇਲੋੜੇ ਅਥਵਾ ਗੁਰਦੁਆਰਾ ਐਕਟ ਦੀ ਦਫ਼ਾ 106 (2) ਦੇ ਵਿਰੁੱਧ ਹੋਣ ਕਰਕੇ ਕੱਟ ਦਿੱਤੇ ਜਾਣ।

2. ਸ਼੍ਰੋਮਣੀ ਕਮੇਟੀ ਨੂੰ ਅਦਾ ਹੋਣ ਵਾਲੇ ਦਸਵੰਧ ਦੀ ਰਕਮ ਵਿਚੋਂ ਘੱਟੋ-ਘੱਟ 5000/- ਰੁਪਏ ਬਜਟ ਵਿਚ ਦਰਜ ਕੀਤਾ ਜਾਵੇ ਅਤੇ ਬਕਾਏ ਦੀ ਬਾਅਦ ਵਿਚ ਅਦਾਇਗੀ ਲਈ ਕਮੇਟੀ ਵਲੋਂ ਮਤਾ ਪਾਸ ਕੀਤਾ ਜਾਵੇ।

3. ਕਰਜ਼ਾ ਅਦਾ ਕਰਨ ਲਈ ਜੋ ਰਕਮ ਦਰਜ ਕੀਤੀ ਗਈ ਹੈ ਉਹ ਜ਼ਿਆਦਾ ਕੀਤੀ ਜਾਵੇ ਤਾਂ ਕਿ ਸ਼੍ਰੋਮਣੀ ਕਮੇਟੀ ਪਾਸੋਂ ਹਿਸ ਸਾਲੇ ਲਏ ਗਹੇ ਕਰਜ਼ੇ ਅਤੇ ਉਸ ਨੂੰ ਮੁਕੱਦਮਿਆਂ ਦੇ ਖਰਚ ਵਜੋਂ ਦਿੱਤੀ ਜਾਣ ਵਾਲੀ ਪੁਰਾਣੀ ਰਕਮ ਅਦਾ ਹੋ ਸਕੇ।

4. ਇਕ ਟੈਲੀਫੋਨ ਦਾ ਖਰਚ ਦਫ਼ਤਰ ਖਾਤੇ ਅਤੇ ਦੂਜੇ ਦਾ ਸ਼ਹੀਦ ਗੰਜ ਫ਼ਡ ਵਿਚ ਪਾਇਆ ਜਾਵੇ।

5. ਰੁਪਏ 400/- ਦੀ ਜੋ ਰਕਮ




ਅਲਾਉਂਸ ਲਈ ਦਰਜ ਕੀਤੀ ਗਈ ਹੈ ਉਹ ਤਨਖਾਹ ਖਾਤੇ ਵਿਚ ਆ ਚੁੱਕਣ ਕਰਕੇ ਕੱਟ ਦਿੱਤੀ ਜਾਵੇ।

ਨੋਟ : ਇਨ੍ਹਾਂ ਇਤਰਾਜ਼ਾਂ ਤੋਂ ਛੁਟ ਬਾਕੀ ਬਜਟ ਪ੍ਰਵਾਨ ਸਮਝਿਆ ਜਾਵੇ।

ਪ੍ਰਚਾਰ ਹਫ਼ਤਾ ਕਿਸ ਤਰ੍ਹਾਂ ਮਨਾਇਆ ਜਾਵੇ ?

ਸਰਬ-ਹਿੰਦ ਸ਼੍ਰੋਮਣੀ ਸਿੱਖ ਪ੍ਰਚਾਰ ਕਾਨਫਰੰਸ ਦੇ ਇਤਿਹਾਸਕ ਇਜਲਾਸ ਵਿਚ ਇਹ ਗੁਰਮਤਾ ਸਰਬ ਸੰਮਤੀ ਨਾਲ ਪਾਸ ਹੋਇਆ ਹੈ ਕਿ ਸਰਬ-ਹਿੰਦ ਸਿੱਖ ਮਿਸ਼ਨ ਦੇ ਕੰਮ ਵੱਲ ਪੰਥ ਦਾ ਚੰਗੀ ਤਰ੍ਹਾਂ ਧਿਆਨ ਦਿਵਾਉਣ ਅਤੇ ਸ਼੍ਰੋਮਣੀ ਕਮੇਟੀ ਵਲੋਂ ਅਖੌਤੀ ਅਛੂਤਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਅਰੰਭੇ ਗਏ ਨੂੰ ਵੱਧ ਤੇਜ਼ੀ ਨਾਲ ਚਲਾਉਣ ਲਈ 8 ਜੂਨ 1936 ਤੋਂ ਸ਼ੁਰੂ ਹੋਣ ਵਾਲਾ ਹਫ਼ਤਾ 'ਪ੍ਰਚਾਰ ਹਫ਼ਤਾ' ਮਨਾਇਆ ਜਾਵੇ ਅਤੇ ਇਸ ਹਫ਼ਤੇ ਵਿਚ ਮਿਸ਼ਨ ਦੇ ਮਨੋਰਥਾਂ ਨੂੰ ਸਿਰੇ ਚਾੜ੍ਹਨ ਲਈ ਪੂਰਾ-ਪੂਰਾ ਯਤਨ ਕੀਤਾ ਜਾਵੇ।

ਸਰਬ-ਹਿੰਦ ਸ਼੍ਰੋਮਣੀ ਸਿੱਖ ਪ੍ਰਚਾਰ ਕਾਨਫਰੰਸ ਦੀ ਸ਼ਾਨਦਾਰ ਕਾਮਯਾਬੀ ਨੇ ਇਹ ਗੱਲ ਪ੍ਰਗਟ ਕਰ ਦਿੱਤੀ ਹੈ ਕਿ ਇਸ ਪਵਿੱਤਰ ਕਾਰਜ ਲਈ ਪੰਥ ਵਿਚ ਕਿਤਨਾ ਉਤਸ਼ਾਹ ਹੈ। ਕਾਨਫਰੰਸ ਤੋਂ ਉਪਰੰਤ ਸੰਗਤਾਂ ਇਸ ਉਡੀਕ ਵਿਚ ਹੋਣਗੀਆਂ ਕਿ ਉਨ੍ਹਾਂ ਨੂੰ ਇਸ ਬਾਰੇ ਕਿਸੇ ਨਿੱਗਰ ਪ੍ਰੋਗਰਾਮ ਦਾ ਪਤਾ ਲੱਗੇ ਅਤੇ ਥਾਉਂ ਥਾਈਂ 'ਪ੍ਰਚਾਰ ਹਫ਼ਤਾ' ਮਨਾਉਣ ਦੇ ਉਦਮ ਲਈ ਵੀ ਸੰਗਤਾਂ ਵਿਚਾਰ ਕਰ ਰਹੀਆਂ ਹੋਣਗੀਆਂ। (ਗੁਰਦੁਆਰਾ ਗਜ਼ਟ ਅੰਮ੍ਰਿਤਸਰ (62) ਮਈ 1936) ਅਖੌਤੀ ਅਛੂਤਾਂ ਵਿਚ ਧਰਮ ਪ੍ਰਚਾਰ ਦਾ ਕੰਮ ਭਾਵੇਂ ਕੁਝ ਕੁਝ ਪਹਿਲਾਂ ਹੀ ਸੀ ਪਰ ਹੁਣ ਵਿਸਾਖੀ ਤੋਂ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਕਾਰਜ ਲਈ ਬਹੁਤ ਸਾਰੀਆਂ ਸਕੀਮਾਂ ਤਿਆਰ ਹੋ ਚੁੱਕੀਆਂ ਹਨ ਅਤੇ ਨਾਲ-ਨਾਲ ਅਮਲ ਕਰਨਾ ਵੀ ਸ਼ੁਰੂ ਕਰ ਦਿੱਤਾ ਗਿਆ ਹੈ। 'ਸਰਬ-ਹਿੰਦ ਸ਼੍ਰੋਮਣੀ ਸਿੱਖ ਪ੍ਰਚਾਰ ਕਾਨਫਰੰਸ' ਦੀ ਕਾਮਯਾਬੀ ਦਾ ਮਾਨਯੋਗ ਅਛੂਤ ਆਗੂਆਂ 'ਤੇ ਬੜਾ ਅਸਰ ਹੋਇਟਾ ਹੈ।

**(ਚਲਦਾ)**





ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

6. ਖ਼ਾਰਸ਼ ਲਈ ਕੈਲੇਮਾਈਨ ਲੋਸ਼ਨ।
7. ਰੈਸ਼ ਲਈ ਹਾਈਡ੍ਰੋਕੌਰਟੀਸੋਨ ਕਰੀਮ।
8. ਐਲਰਜੀ ਦੀ ਦਵਾਈ।
9. ਰੀ-ਹਾਈਡ੍ਰੇਸ਼ਨ ਪੈਕੇਟ (ਸਰੀਰ ਵਿੱਚ ਪਾਣੀ ਦੀ ਘਾਟ ਯ ਪੂਰਾ ਕਰਨ ਲਈ)।

**ਸਪਲਾਈ :**

1. ਐਂਟੀਸੈਪਟਿਕ ਵਾਈਪ (ਜ਼ਖ਼ਮ ਸਾਫ਼ ਕਰਨ ਲਈ)।
2. ਪੱਟੀਆਂ ਅਤੇ ਰੂੰਈ ਦੇ ਫੰਬੇ।
3. ਦਸਤਾਨੇ (ਗਲਵਜ਼)।
4. ਸਪ੍ਰੇਨ/ਸਟ੍ਰੇਨ (ਖਿਚਾਓ/ਮੋਚ) ਦੇ ਲਈ ਇਲਾਸਟਿਕ ਦੀ ਪੱਟੀ (ਕਰੇਪ ਬੈਂਡੇਜ਼)।
5. ਹੈਂਡ ਸੈਨੇਟਾਈਜ਼ਰ (ਹੱਥਾਂ ਦੀ ਸਫ਼ਾਈ ਲਈ)।
6. ਕੀੜੇ-ਮਕੌੜੇ ਅਤੇ ਮੱਛਰ ਮਾਰਨ ਵਾਲੇ ਸਪਰੇਅ।
7. ਸੂਰਜ ਦੀ ਧੁੱਪ ਤੋਂ ਚਮੜੀ ਦੇ ਬਚਾਓ ਲਈ ਲੋਸ਼ਨ।

**ਔਜ਼ਾਰ :**

1. ਟੌਰਚ।
2. ਕੈਂਚੀ।
3. ਥਰਮਾਮੀਟਰ।
4. ਮੋਚਣਾ (ਕੰਡੇ ਵਗ਼ੈਰਾ ਕੱਢਣ ਲਈ)।
5. ਬਕਸੂਏ (ਸੇਫ਼ਟੀ ਪਿੰਨ)।

**ਸੀ.ਪੀ.ਆਰ.**

**ਕਾਰਡੀਓ ਪਲਮੋਨਰੀ ਰਿਸੱਸੀਟੇਸ਼ਨ)**

ਸੀ.ਪੀ.ਆਰ. ਜ਼ਿੰਦਗੀ ਬਚਾਉਣ ਦੀ ਇੱਕ ਵਿਧੀ ਹੈ, ਜੋ ਸਮੇਂ ਸਿਰ ਅਤੇ ਠੀਕ ਤਰੀਕੇ ਅਨੁਸਾਰ ਵਰਤਣ ਨਾਲ ਜੀਵਨਦਾਇਕ ਸਿੱਧ ਹੋ ਸਕਦੀ ਹੈ।

ਸੀ.ਪੀ.ਆਰ. ਦੀ ਲੋੜ ਉਸ ਸਮੇਂ ਪੈਂਦੀ ਹੈ, ਜਦੋਂ ਦਿਲ




ਦੀ ਧੜਕਣ ਬੰਦ ਹੋ ਜਾਂਦੀ ਹੈ ਜਾਂ ਸਾਹ ਆਉਣਾ ਬੰਦ ਹੋਣ ਲੱਗਦਾ ਹੈ ਅਤੇ ਵਿਅਕਤੀ ਬੇਹੋਸ਼ੀ ਦੀ ਹਾਲਤ ਵਿੱਚ ਹੁੰਦਾ ਹੈ।

ਸੀ.ਪੀ.ਆਰ. ਉਦੋਂ ਸ਼ੁਰੂ ਕਰੋ ਜਦੋਂ ਨਬਜ਼ ਬੰਦ ਹੋ ਜਾਵੇ ਜਾਂ ਸਾਹ ਔਖਿਆਈ ਨਾਲ ਆਵੇ, ਸਰੀਰ ਵਿੱਚ ਕੋਈ ਹਰਕਤ ਨਾ ਹੋਵੇ, ਅਤੇ ਛੂਹਣ ਜਾਂ ਆਵਾਜ਼ ਮਾਰਨ ਨਾਲ ਕੋਈ ਹੁੰਗਾਰਾ ਨਾ ਆਵੇ।

ਸੀ.ਪੀ.ਆਰ. ਦੀ ਆਮ ਤੌਰ 'ਤੇ ਦਿਲ ਦੇ ਦੌਰੇ ਤੋਂ ਬਾਅਦ, ਸਟ੍ਰੋਕ ਤੋਂ ਬਾਅਦ, ਡੁੱਬਣ, ਜ਼ਹਿਰ ਖਾਣ ਜਾਂ ਗੰਭੀਰ ਸੱਟ ਤੋਂ ਬਾਅਦ ਲੋੜ ਪੈਂਦੀ ਹੈ।

ਸੀ.ਪੀ.ਆਰ. ਇੱਕਦਮ ਸ਼ੁਰੂ ਕਰ ਦੇਵੋ ਅਤੇ ਲਗਾਤਾਰ ਕਰਦੇ ਰਹੋ, ਜਦੋਂ ਤੱਕ ਮੈਡੀਕਲ ਸਹਾਇਤਾ ਨਾ ਪਹੁੰਚ ਜਾਵੇ ਜਾਂ ਤੁਸਲ ਬਹੁਤ ਜ਼ਿਆਦਾ ਥੱਕ ਨਾ ਜਾਓ।

**ਸੀ.ਪੀ.ਆਰ. ਦੀ ਵਿਧੀ :**

1. ਸੀ.ਪੀ.ਆਰ. ਤੋਂ ਪਹਿਲਾਂ ਜਗ੍ਹਾ ਦੀ ਸੁਰੱਖਿਅਤਾ ਜਾਂਚ ਲਵੋ।
2. ਇਹ ਚੈੱਕ ਕਰੋ ਕਿ ਕੀ ਵਿਅਕਤੀ ਜ਼ਿੰਦਾ ਹੈ? ਮੋਢੇ ਨੂੰ ਥੱਪਥਪਾਓ ਅਤੇ ਪੁੱਛੋ, "ਕੀ ਤੁਸੀਂ ਠੀਕ ਹੋ?"
3. ਸਾਹ ਚੈੱਕ ਕਰੋ (ਪੀੜਤ ਦੇ ਮੂੰਹ ਅਤੇ ਨੱਕ ਦੇ ਕੋਲ ਆਪਣਾ ਪੁੱਠਾ ਹੱਥ ਕਰ ਕੇ)।
4. ਐਮਰਜੈਂਸੀ ਮੈਡੀਕਲ ਸਹਾਇਤਾ ਬੁਲਾਓ (911 ਯੂ.ਐਸ.ਏ. ਲਈ ਅਤੇ 108 ਇੰਡੀਆ ਲਈ), ਅਤੇ ਆਲੇ-ਦੁਆਲੇ ਦੇ ਹੋਰ ਲੋਕਾਂ ਨੂੰ ਲੋੜ ਅਨੁਸਾਰ ਬੁਲਾਓ।
5. ਪੀੜਤ ਦੇ ਚੇਹਰੇ ਨੂੰ ਉੱਪਰ ਵੱਲ ਕਰ ਕੇ, ਉਸ ਨੂੰ ਸਖ਼ਤ ਅਤੇ ਪੱਧਰੀ ਜਗ੍ਹਾ 'ਤੇ ਲਿਟਾਓ।
6. ਸੀ.ਪੀ.ਆਰ. ਕਰਨ ਲਈ ਸੀ-ਏ-ਬੀ ਸਟੈੱਪ ਸ਼ੁਰੂ ਕਰੋ।
7. ਸੀ.ਕੰਮਪ੍ਰੈਸ਼ਨ (ਦਬਾਓ)

ਆਪਣੇ ਹੱਥ (ਇੱਕ ਦੂਜੇ ਦੇ ਉੱਤੇ), ਕੂਹਣੀ ਨੂੰ ਸਿੱਧੇ ਰੱਖਦਿਆਂ ਛਾਤੀ ਦੇ ਵਿਚਕਾਰ ਅਤੇ ਹੇਠਲੇ ਹਿੱਸੇ 'ਤੇ ਰੱਖੋ।

- 30 ਵਾਰ ਛਾਤੀ ਯ ਦਬਾਓ (100 ਪ੍ਰਤੀ ਮਿੰਟ ਦੀ ਦਰ ਨਾਲ)।
- ਜ਼ੋਰ ਨਾਲ ਅਤੇ ਤੇਜ਼ੀ ਨਾਲ ਛਾਤੀ ਨੂੰ ਦਬਾਓ।
- 2 ਇੰਚ ਤੱਕ ਛਾਤੀ ਨੂੰ ਦਬਾਅ ਸਕਦੇ ਹੋ।
- ਹਰ ਦਬਾਅ ਤੋਂ ਬਾਅਦ ਛਾਤੀ ਨੂੰ ਆਪਣੀ ਸਥਿਤੀ ਵਿੱਚ ਆਉਣ ਲਈ ਸਮਾਂ ਦਿਓ।

ਏ.ਏਅਰ-ਵੇਅ (ਸਾਹ ਦਾ ਰਸਤਾ)

- ਸਿਰ ਨੂੰ ਪਿੱਛੇ ਕਰ ਕੇ ਅਤੇ ਠੋਡੀ ਨੂੰ ਉੱਪਰ ਚੁੱਕ ਕੇ ਸਾਹ ਦੇ ਆਉਣ ਜਾਣ ਦੇ ਰਸਤੇ ਨੂੰ ਖੁੱਲ੍ਹਾ ਰੱਖੋ।

ਬੀ.ਬਰੀਦਿੰਗ (ਸਾਹ ਦੇਣਾ)

- ਮੂੰਹ ਤੋਂ ਮੂੰਹ ਨਾਲ ਜਾਂ ਫੇਸ ਮਾਸਕ (ਮੁਖੌਟੇ) ਦੀ ਵਰਤੋਂ ਕਰ ਕੇ ਦੋ ਵਾਰ ਸਾਹ ਦਿਓ। ਸਾਹ ਨਾਲ ਹਰ ਵਾਰ ਛਾਤੀ ਫੁੱਲਣੀ ਚਾਹੀਦੀ ਹੈ।

9. 30 ਵਾਰ ਦਬਾਉਣ ਅਤੇ 2 ਵਾਰੀ ਸਾਹ ਦੇਣ ਦੀ ਪ੍ਰਕਿਰਿਆ ਨੂੰ ਉਦੋਂ ਤੱਕ ਲਗਾਤਾਰ ਦੁਹਰਾਉਂਦੇ ਰਹੋ, ਜਦੋਂ ਤੱਕ ਕਿ ਵਿਅਕਤੀ ਹੋਸ਼ ਵਿੱਚ ਨਹੀਂ ਆ ਜਾਂਦਾ ਜਾਂ ਮੈਡੀਕਲ ਸਹਾਇਤਾ ਨਹੀਂ ਪਹੁੰਚ ਜਾਂਦੀ।

9. ਜੇਕਰ ਵਿਅਕਤੀ ਅਜੇ ਵੀ ਬੇਹੋਸ਼ ਹੈ, ਪਰ ਸਾਹ ਆਮ ਵਾਂਗ ਲੈ ਰਿਹਾ ਹੈ, ਤਾਂ ਵਿਅਕਤੀ ਨੂੰ ਰਿਕਵਰੀ ਦੀ ਹਾਲਤ ਵਿੱਚ ਰੱਖੋ (ਪਾਸਾ ਦਿਵਾ ਕੇ) ਅਤੇ ਨੇੜੇ ਬੈਠ ਕੇ ਧਿਆਨ ਰੱਖੋ।

**ਬੱਚਿਆਂ ਲਈ ਸੀ.ਪੀ.ਆਰ. (1-8 ਸਾਲ ਦੀ ਉਮਰ)**

ਛਾਤੀ ਨੂੰ ਦਬਾਉਣ ਸਮੇਂ ਦੋ ਹੱਥਾਂ ਦੀ ਬਜਾਏ ਇੱਕ ਹੱਥ ਦਾ ਇਸਤੇਮਾਲ ਕਰੋ।

ਨਵ-ਜੰਮੇ ਬੱਚੇ ਲਈ ਸੀ.ਪੀ.ਆਰ. (1 ਸਾਲ ਦੀ ਉਮਰ ਤੋਂ ਘੱਟ) ਛਾਤੀ ਨੂੰ ਦਬਾਉਣ ਸਮੇਂ ਦੋ ਉਂਗਲਾਂ ਦਾ ਇਸਤੇਮਾਲ ਕਰੋ।

**ਕੁੱਤੇ ਦਾ ਵੱਢਣਾ**

ਕੁੱਤੇ ਦੇ ਕੱਟਣ ਤੋਂ ਬਾਅਦ ਇਹ ਪਤਾ ਕਰਨਾ ਸਭ ਤੋਂ ਜ਼ਰੂਰੀ ਹੈ ਕਿ ਕੀ ਤੁਹਾਨੂੰ ਰੇਬੀਜ਼ ਦੇ ਟੀਕੇ ਦੀ ਜ਼ਰੂਰਤ ਹੈ ਜਾਂ ਨਹੀਂ।

**(ਚਲਦਾ)**

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਗੁਰੂ ਤੇਗ ਬਹਾਦਰ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਸਬ-ਕਮੇਟੀ ਦੀ ਇਕੱਤਰਤਾ

### ਨੌਵੇਂ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਮੌਕੇ 18 ਨੂੰ ਅੰਮ੍ਰਿਤਸਰ ਤੋਂ ਹੋਵੇਗੀ ਸ਼ਤਾਬਦੀ ਸਮਾਗਮਾਂ ਦੀ ਆਰੰਭਤਾ



ਸ੍ਰੀ ਆਨੰਦਪੁਰ ਸਾਹਿਬ : ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਦੇ ਸਮਾਗਮਾਂ ਦੀ ਰੂਪ ਰੇਖਾ ਉਲੀਕਣ ਸਬੰਧੀ ਅੱਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਬਲਦੇਵ ਸਿੰਘ ਮਾਹਿਲਪੁਰੀ ਮੀਟਿੰਗ ਹਾਲ ਵਿੱਚ ਸ਼ ?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ਼ਤਾਬਦੀ ਸਬੰਧੀ ਬਣਾਈ ਗਈ ਸਬ-ਕਮੇਟੀ ਦੀ ਇਕੱਤਰਤਾ ਹੋਈ। ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਸ਼ ?ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼ਤਾਬਦੀ ਸਮਾਗਮਾਂ ਦੀ ਸ਼ੁਰੂਆਤ ਗੁਰੂ ਤੇਗ ਬਹਾਦਰ ਦੇ ਪ੍ਰਕਾਸ਼ ਪੁਰਬ ਮੌਕੇ 18 ਅਪਰੈਲ ਨੂੰ ਗੁਰਦੁਆਰਾ ਗੁਰੂ ਕੇ ਮਹਿਲ ਅੰਮ੍ਰਿਤਸਰ ਤੋਂ ਹੋਵੇਗੀ। ਇਸ ਮਗਰੋਂ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸ਼ਹਾਦਤ ਨਾਲ ਜੁੜੇ ਇਤਿਹਾਸਕ ਅਸਥਾਨਾਂ ਜਿਵੇਂ ਕਿ ਗੁਰਦੁਆਰਾ ਗੁਰੂ ਤੇਗ ਬਹਾਦਰ ਜੀ ਬਾਬਾ ਬਕਾਲਾ ਸਾਹਿਬ, ਗੁਰਦੁਆਰਾ ਗੰਗਸਰ ਸਾਹਿਬ ਕਰਤਾਰਪੁਰ, ਗੁਰਦੁਆਰਾ ਮੋਤੀ ਬਾਗ ਪਟਿਆਲਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਗੁਰਦੁਆਰਾ ਸੀਸ ਗੰਜ ਸਾਹਿਬ (ਦਿੱਲੀ) ਸਣੇ ਦੇਸ਼ ਦੇ ਹੋਰ ਵੱਖ-ਵੱਖ ਥਾਵਾਂ 'ਤੇ ਗੁਰਮਤਿ ਸਮਾਗਮ ਕੀਤੇ ਜਾਣਗੇ। ਸ੍ਰੀ ਮੰਨਣ ਨੇ ਦੱਸਿਆ ਕਿ ਸ਼ਤਾਬਦੀ ਸਬੰਧੀ ਮੁੱਖ ਸਮਾਗਮ 21 ਨਵੰਬਰ ਤੋਂ 29 ਨਵੰਬਰ ਦੌਰਾਨ ਸ੍ਰੀ ਆਨੰਦਪੁਰ ਸਾਹਿਬ ਵਿੱਚ ਹੋਣਗੇ। ਇਸ ਦੌਰਾਨ 21 ਤੋਂ 23 ਨਵੰਬਰ ਨੂੰ ਗੁਰੂ ਗੋਬਿੰਦ ਸਿੰਘ ਦੇ ਗੁਰਤਾਗੱਦੀ ਦਿਵਸ ਸਬੰਧੀ ਸਮਾਗਮ ਹੋਵੇਗਾ ਅਤੇ 24 ਤੋਂ 29 ਨਵੰਬਰ ਤੱਕ ਗੁਰੂ ਤੇਗ ਬਹਾਦਰ ਜੀ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸਮਾਗਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਅਸਾਮ, ਮਟਨ ਜੰਮੂ ਕਸ਼ਮੀਰ ਅਤੇ ਦਿੱਲੀ ਸਣੇ ਹੋਰ ਥਾਵਾਂ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੱਕ ਨਗਰ ਕੀਰਤਨ ਸਜਾਏ ਜਾਣਗੇ। ਮੀਟਿੰਗ ਵਿਚ ਸੰਗਤਾਂ ਨੂੰ ਗੁਰੂ ਸਾਹਿਬ ਦੇ ਸੰਦੇਸ਼ ਨਾਲ ਜੋੜਨ ਲਈ ਸੈਮੀਨਾਰ, ਪ੍ਰਦਰਸ਼ਨੀਆਂ ਅਤੇ ਨੌਜਵਾਨਾਂ ਲਈ ਗੁਰਮਤਿ ਸਿੱਖਿਆ ਕੈਂਪ ਲਾਉਣ ਬਾਰੇ ਵਿਚਾਰ ਕੀਤਾ ਗਿਆ। ਇਕੱਤਰਤਾ ਵਿੱਚ ਸ਼ ?ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਸੁਰਜੀਤ ਸਿੰਘ ਭਿੱਟੇਵੱਢ, ਭਾਈ ਰਾਮ ਸਿੰਘ, ਭਾਈ ਗੁਰਬਖਸ਼ ਸਿੰਘ ਖਾਲਸਾ ਆਦਿ ਹਾਜਰ ਸਨ।

# ਸਿੱਖ ਕੌਮ ਦੀਆਂ ਸ਼ਹਾਦਤਾਂ, ਬਹਾਦਰੀ, ਕੁਰਬਾਨੀਆਂ ਅਤੇ ਹੌਸਲੇ ਨੂੰ ਪਰਦੇ ਤੇ ਪੇਸ਼ ਕਰੇਗੀ ਗਿੱਪੀ ਗਰੇਵਾਲ ਦੀ ਨਵੀਂ ਫ਼ਿਲਮ 'ਅਕਾਲ'

ਲੁਧਿਆਣਾ : ਸਿੱਖ ਕੌਮ ਦੀਆਂ ਸ਼ਹਾਦਤਾਂ, ਬਹਾਦਰੀ, ਕੁਰਬਾਨੀ ਅਤੇ ਹੌਂਸਲੇ ਨੂੰ ਪਰਦੇ ਤੇ ਪੇਸ਼ ਕਰਦੀ ਗਿੱਪੀ ਗਰੇਵਾਲ ਦੀ ਨਵੀਂ ਫਿਲਮ 'ਅਕਾਲ' ਆਗਾਮੀ 10 ਅਪ੍ਰੈਲ ਨੂੰ ਵਿਸ਼ਵ ਪੱਧਰੀ ਰਿਲੀਜ਼ ਹੋਣ ਜਾ ਰਹੀ ਹੈ। ਜੋ ਕਿ ਪਿਛਲੇ ਕਈ ਦਿਨਾਂ ਤੋਂ ਆਪਣੇ ਧਾਰਮਿਕ ਵਿਸ਼ੇ ਅਤੇ ਰੂਹਾਨੀਅਤ ਭਰੇ ਗੀਤ ਸੰਗੀਤ ਨਾਲ ਚਰਚਾ ਵਿੱਚ ਨਜ਼ਰ ਆ ਰਹੀ ਹੈ। ਇਸ ਫ਼ਿਲਮ ਦਾ ਟਰੇਲਰ ਹਾਲ ਹੀ ਚ 'ਧਰਮਾ ਪ੍ਰੋਡਕਸ਼ਨਸ' ਅਤੇ 'ਹੰਬਲ ਮੋਸ਼ਨ ਪਿਕਚਰਸ' ਵਲੋਂ ਬੰਬੇ ਚ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ, ਜਿਸ ਨੂੰ ਦਰਸ਼ਕਾਂ ਵਲੋਂ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਇਸ ਮੌਕੇ ਬਾਲੀਵੁੱਡ ਦੇ ਨਾਮੀ ਨਿਰਦੇਸ਼ਕ ਅਤੇ ਫ਼ਿਲਮ ਨਿਰਮਾਤਾ ਕਰਨ ਜੌਹਰ, ਗਿੱਪੀ ਗਰੇਵਾਲ, ਨਿਕਿਤਿਨ ਧੀਰ,ਅਦਾਕਾਰਾ ਨਿਮਰਤ ਖਹਿਰਾ, ਗੁਰਪ੍ਰੀਤ ਘੁੱਗੀ, ਮੀਤਾ ਵਸ਼ਿਸ਼ਠ, ਭਾਨਾ ਐਲ ਏ ਅਤੇ ਸ਼ਿੰਦਾ ਗਰੇਵਾਲ ਆਦਿ ਵੀ ਮੌਜੂਦ ਰਹੇ। ਦੱਸ ਦਈਏ ਕਿ ਫ਼ਿਲਮ ਦੇ ਟਰੇਲਰ ਵਿੱਚ ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਅਤੇ ਯੋਧਿਆਂ ਦੀ ਵੀਰਤਾ ਨੂੰ ਜਜ਼ਬੇ ਨੂੰ ਦਿਖਾਇਆ ਗਿਆ ਹੈ। ਫਿਲਮ ਦੇ ਟਰੇਲਰ ਤੋਂ ਪਤਾ ਚਲਦਾ ਹੈ ਕਿ ਇਹ ਫ਼ਿਲਮ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਹੈ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇਸ਼ ਤੇ ਕੌਮ ਲਈ ਵਾਰ ਦਿੱਤੀ ਸੀ। ਇਹ ਫ਼ਿਲਮ ਪਿਆਰ, ਬਹਾਦਰੀ ਅਤੇ ਕੁਰਬਾਨੀ ਦੀ ਗਾਥਾ ਹੈ। ਜ਼ਿਕਰਯੋਗ ਹੈ ਕਿ ਪੰਜਾਬੀ ਗਾਇਕ, ਅਦਾਕਾਰ, ਨਿਰਦੇਸ਼ਕ ਅਤੇ ਨਿਰਮਾਤਾ ਗਿੱਪੀ ਗਰੇਵਾਲ ਵਲੋਂ ਪੰਜਾਬੀ ਸਿਨੇਮਾ ਚ ਪੰਜਾਬ, ਪੰਜਾਬੀਅਤ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ, ਚੰਗੀ ਸੇਧ ਦੇਣ ਵਾਲੀਆਂ ਅਤੇ ਜ਼ਿੰਦਗੀ ਦੀਆਂ ਸੱਚਾਈਆਂ



ਨਾਲ ਜੁੜੀਆਂ ਅਰਥ ਭਰਪੂਰ ਫ਼ਿਲਮਾਂ ਦੀ ਪੇਸ਼ਕਾਰੀ ਲਈ ਹਮੇਸ਼ਾਂ ਹੀ ਮੋਹਰੀ ਰਹਿੰਦੇ ਹਨ। ਇਸ ਫ਼ਿਲਮ ਦੀ ਕਹਾਣੀ ਗਿੱਪੀ ਗਰੇਵਾਲ ਵਲੋਂ ਖੁਦ ਲਿਖੀ ਗਈ ਹੈ ਤੇ ਇਸ ਦਾ ਨਿਰਦੇਸ਼ਨ ਵੀ ਖ਼ੁਦ ਗਿੱਪੀ ਗਰੇਵਾਲ ਨੇ ਹੀ ਕੀਤਾ ਹੈ। ਇਸ ਫ਼ਿਲਮ ਦੀ ਸਿਨੇਮਾਟੋਗ੍ਰਾਫੀ ਬਲਜੀਤ ਸਿੰਘ ਦਿਓ ਵਲੋਂ ਕੀਤੀ ਗਈ ਹੈ। ਇਹ ਫ਼ਿਲਮ 'ਹੰਬਲ ਮੋਸ਼ਨ ਪਿਕਚਰਸ' ਅਤੇ 'ਫਜ਼ਕੋ' ਦੀ ਸਾਂਝੀ ਪੇਸ਼ਕਸ਼ ਹੈ ਜਿਸ ਦੇ ਨਿਰਮਾਤਾ ਖੁਦ ਗਿੱਪੀ ਗਰੇਵਾਲ ਅਤੇ ਉਨ੍ਹਾਂ ਦੀ ਧਰਮਪਤਨੀ ਰਵਨੀਤ ਕੌਰ ਗਰੇਵਾਲ ਹੈ, ਜਦਕਿ ਸਹਿ ਨਿਰਮਾਤਾ ਭਾਨਾ ਐੱਲ. ਏ. ਅਤੇ ਕਾਰਜਕਾਰੀ ਨਿਰਮਾਤਾ ਹਰਦੀਪ ਦੁੱਲਟ ਹਨ। ਇਸ ਫਿਲਮ ਰਾਹੀਂ ਬਾਲੀਵੁੱਡ ਅਦਾਕਾਰ ਨਿਕਿਤਿਨ ਧੀਰ ਪਾਲੀਵੁੱਡ ਵਿੱਚ ਆਪਣਾ ਡੈਬਿਊ ਕਰਨ ਜਾ ਰਹੇ ਹਨ ਜੋ ਕਿ ਇੱਕ ਪ੍ਰਭਾਸ਼ਾਲੀ ਤੇ ਦਮਦਾਰ ਕਿਰਦਾਰ 'ਚ ਨਜ਼ਰ ਆਉਣਗੇ। ਇਹ ਫਿਲਮ ਪੰਜਾਬੀ ਸਿਨੇਮਾ 'ਚ ਹੀ ਨਹੀਂ ਬਲਕਿ ਹਿੰਦੀ ਸਿਨੇਮਾ ਯਾਨੀ ਕਿ ਬਾਲੀਵੁੱਡ ਚ ਵੀ ਰਿਲੀਜ਼ ਹੋਵੇਗੀ ਜਿਸ ਨੂੰ ਬਾਲੀਵੁੱਡ ਦੇ ਨਾਮੀ ਨਿਰਦੇਸ਼ਕ ਅਤੇ ਫ਼ਿਲਮ ਨਿਰਮਾਤਾ ਕਰਨ ਜੌਹਰ ਦੀ ਪ੍ਰੋਡਕਸ਼ਨ ਕੰਪਨੀ 'ਧਰਮਾ ਪ੍ਰੋਡਕਸ਼ਨਸ' ਹੇਠ ਹਿੰਦੀ ਸਿਨੇਮਾ ਚ ਰਿਲੀਜ਼ ਕੀਤਾ ਜਾਵੇਗਾ ਜੋ ਕਿ ਪੰਜਾਬੀ ਫਿਲਮ ਇੰਡਸਟਰੀ ਲਈ ਮਾਣ ਵਾਲੀ ਗੱਲ ਹੈ ਅਤੇ ਇਸ ਮਿਲਾਪ ਨਾਲ ਪੰਜਾਬੀ ਇੰਡਸਟਰੀ ਦਾ ਕੱਦ ਹੋਰ ਵੱਡਾ ਹੋਵੇਗਾ। ਫਿਲਮ ਉਨ੍ਹਾਂ ਥਾਵਾਂ 'ਤੇ ਵੀ ਰਿਲੀਜ਼ ਕੀਤੀ ਜਾਵੇਗੀ, ਜਿੱਥੇ ਹੁਣ ਤੱਕ ਪੰਜਾਬੀ ਫ਼ਿਲਮਾਂ ਰਿਲੀਜ਼ ਨਹੀਂ ਹੁੰਦੀਆਂ ਸਨ। ਕਰਨ ਜੌਹਰ ਨੂੰ ਬਾਲੀਵੁੱਡ 'ਚ ਵੱਡੀਆਂ ਫ਼ਿਲਮਾਂ ਦੇਣ ਲਈ ਹੀ ਜਾਣਿਆ ਜਾਂਦਾ ਹੈ। ਫਿਲਮ ਦਾ ਸੰਗੀਤ ਸ਼ੰਕਰ-ਅਹਿਸਾਨ ਲੋਏ ਨੇ ਦਿੱਤਾ ਹੈ ਅਤੇ ਗੀਤ ਹੈਪੀ ਰਾਏਕੋਟੀ ਨੇ ਲਿਖੇ ਹਨ। ਇਸ ਫਿਲਮ ਚ ਗਿੱਪੀ ਗਰੇਵਾਲ ਤੋਂ ਇਲਾਵਾ ਅਦਾਕਾਰਾ ਨਿਮਰਤ ਖਹਿਰਾ, ਗੁਰਪ੍ਰੀਤ ਘੁੱਗੀ, ਮੀਤਾ ਵਸ਼ਿਸ਼ਠ, ਜੱਗੀ ਸਿੰਘ, ਭਾਨਾ ਐਲ ਏ, ਪ੍ਰਿੰਸ ਕੰਵਲਜੀਤ ਸਿੰਘ, ਜਰਨੈਲ ਸਿੰਘ, ਅਸ਼ੀਸ਼ ਦੁੱਗਲ, ਹਰਿੰਦਰ ਭੁੱਲਰ, ਸ਼ਿੰਦਾ ਗਰੇਵਾਲ ਅਤੇ ਏਕਮ ਗਰੇਵਾਲ ਆਦਿ ਕਲਾਕਾਰ ਅਹਿਮ ਕਿਰਦਾਰਾਂ ਚ ਨਜ਼ਰ ਆਉਣਗੇ।




# ਖਾਲਸਾ ਪੰਥ ਦੀ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ

# 26ਵੇਂ ਮਹਾਨ ਨਗਰ ਕੀਰਤਨ

## 20 ਅਪ੍ਰੈਲ 2025, ਦਿਨ ਐਤਵਾਰ

## ਅਤੇ ਸਲਾਨਾ ਮਹਾਨ ਕਥਾ ਕੀਰਤਨ ਸਮਾਗਮ 6 ਤੋਂ 20 ਅਪ੍ਰੈਲ 5 ਤੋਂ 9 ਵਜੇ ਤੱਕ

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 20 ਅਪ੍ਰੈਲ 2026 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 326ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਕੀਰਤਨ ਯਾਤਰਾ ਪਿਛੋਂ ਗੁਰੂ ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੱਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਗਿਆਨੀ ਪ੍ਰਿੰਦਰਪਾਲ ਸਿੰਘ ਜੀ



ਭਾਈ ਪਰਮਜੀਤ ਸਿੰਘ ਜੀ ਖਾਲਸਾ
ਸ੍ਰੀ ਆਨੰਦਪੁਰ ਸਾਹਿਬ ਵਾਲੇ
ਅਪ੍ਰੈਲ 3 ਤੋਂ 9 ਤੱਕ ਰੋਜ਼ਾਨਾ ਕਥਾ ਕਰਨਗੇ।



ਭਾਈ ਗੁਰਕੀਰਤ ਸਿੰਘ ਜੀ
ਹਜ਼ੂਰੀ ਰਾਗੀ



ਭਾਈ ਬਲਵਿੰਦਰ ਸਿੰਘ ਜੀ
ਲੋਪੋਕੇ, ਹਜ਼ੂਰੀ ਰਾਗੀ



ਭਾਈ ਸੁਲੱਖਣ ਸਿੰਘ ਜੀ ਰਿਆੜ
ਕਵੀਸ਼ਰੀ ਜਥਾ



ਭਾਈ ਗੁਰਸੇਵਕ ਸਿੰਘ ਜੀ
ਹੈਡ ਗ੍ਰੰਥੀ

## ਅੰਮ੍ਰਿਤ ਸੰਚਾਰ : 19 ਅਪ੍ਰੈਲ ਦਿਨ ਸ਼ਨੀਵਾਰ ਸਵੇਰੇ 8.00 ਵਜੇ

**ਫਲੋਟਾਂ ਦੀ ਸੇਵਾ ਲਈ ਕਾਲ ਕਰੋ**
ਭਾਈ ਗੁਲਵਿੰਦਰ ਸਿੰਘ ਭਿੰਡਾ
209-487-3699
ਭਾਈ ਬਲਵਿੰਦਰ ਸਿੰਘ ਮਿੱਠੂ
(209) 456-3210

**ਗੁਰੂ ਕੇ ਲੰਗਰਾਂ ਦੀ ਸੇਵਾ ਲਈ ਕਾਲ ਕਰੋ :**
ਭਾਈ ਕਸ਼ਮੀਰ ਸਿੰਘ (209) 470-7006
ਭਾਈ ਜਸਵੀਰ ਸਿੰਘ ਗੁਰਾਇਆ (209) 649-6053

**ਦੁਕਾਨਾਂ ਦੀ ਜਾਣਕਾਰੀ ਲਈ ਕਾਲ ਕਰੋ ਜੀ :**
ਭਾਈ ਪਰਮਪ੍ਰੀਤ ਸਿੰਘ ਨਿੱਝਰ (510) 377-5320
ਭਾਈ ਪ੍ਰਭਜੀਤ ਸਿੰਘ (510) 938-7840

ਨਗਰ ਕੀਰਤਨ 'ਤੇ ਪਾਰਕਿੰਗ ਤੋਂ ਲੈ ਕੇ ਗੁਰੂ ਘਰ ਤੱਕ ਸਕਿਊਰਿਟੀ ਦਾ ਖਾਸ ਪ੍ਰਬੰਧ ਹੈ।



19 ਅਪ੍ਰੈਲ 2025 ਦਿਨ ਸ਼ਨੀਵਾਰ ਨੂੰ ਗੁਰੂ ਘਰ 'ਚ ਦਸਤਾਰ ਦਿਵਸ (Turban day) ਮਨਾਇਆ ਜਾਵੇਗਾ।

**ਨਗਰ ਕੀਰਤਨ ਦੀ ਪਾਰਕ ਲਈ ਇਹ ਤਿੰਨ ਥਾਵਾਂ ਚੁਣੀਆਂ ਗਈਆਂ ਹਨ।**
**ਇਸ ਵਾਸਤੇ ਸੰਗਤਾਂ ਦੀ ਸੁਵਿਧਾ ਲਈ ਬੱਸਾਂ ਅਤੇ ਵੈਨਾਂ ਦਾ ਖਾਸ ਪ੍ਰਬੰਧ ਹੈ।**

K-MART
2180 E MARIPOSA RD. STOCKTON.CA. 95205

FAIRGROUNDS
B-STREET PARKING

EDISON HIGH SCHOOL
100 DR. M.L.K BLVD. STOCKTON. CA 95206

ਭਾਈ ਹਰਨੇਕ ਸਿੰਘ ਅਟਵਾਲ ਪ੍ਰਧਾਨ (209) 351-5965, ਭਾਈ ਹਰਮੋਹਿੰਦਰ ਸਿੰਘ ਵਾਈਸ ਪ੍ਰਧਾਨ +1 (408) 449-9261
ਭਾਈ ਜਸਵਿੰਦਰ ਸਿੰਘ ਸਟੇਜ ਸਕੱਤਰ (209) 649-6578, ਭਾਈ ਬਲਜਿੰਦਰ ਸਿੰਘ ਖਜ਼ਾਨਚੀ (209) 603-0680

**ਗੁਰਦੁਆਰਾ ਸਾਹਿਬ ਸਟਾਕਟਨ (209) 625-7500**

# ਪੰਜਾਬ ਸਰਕਾਰ ਨੇ ਦਰਜ ਕੀਤਾ ਮਾਲੀਏ 'ਚ ਇਤਿਹਾਸਕ ਵਾਧਾ : ਚੇਅਰਪਰਸਨ ਕਰਮਜੀਤ ਕੌਰ

ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮਾਲੀਆ ਉਗਰਾਹੀ ਵਿੱਚ ਇਤਿਹਾਸਕ ਵਾਧਾ ਦਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਾਗੂ ਕੀਤੀ ਗਈ ਨਵੀਂ ਆਬਕਾਰੀ ਨੀਤੀ ਨਾਲ ਸੂਬੇ ਨੂੰ ਵੱਡਾ ਆਰਥਿਕ ਲਾਭ ਹੋਇਆ ਹੈ। ਬੀਤੇ ਤਿੰਨ ਸਾਲਾਂ ਵਿਚ ਪੰਜਾਬ ਦੇ ਮਾਲੀਏ ਵਿੱਚ 88 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ, ਜੋ ਕਿ ਸੂਬੇ ਦੀ ਆਰਥਿਕ ਮਜ਼ਬੂਤੀ ਦਾ ਸੰਕੇਤ ਹੈ।



ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਸਰਕਾਰ ਨੇ ਸ਼ਰਾਬ ਮਾਫੀਆ ਨੂੰ ਖਤਮ ਕਰਕੇ ਪਾਰਦਰਸ਼ਤਾ ਨਾਲ ਨਵੀਂ ਨੀਤੀ ਲਾਗੂ ਕੀਤੀ ਹੈ, ਜਿਸ ਕਾਰਨ ਮਾਲੀਏ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। 2017 ਤੋਂ 2022 ਦੇ ਵਿਚ ਕਾਂਗਰਸ ਸਰਕਾਰ ਦੇ ਕਾਰਜਕਾਲ ਵਿਚ ਐਕਸਾਈਜ ਤੋਂ ਹੋਣ ਵਾਲੀ ਆਮਦਨ 5100 ਕਰੋੜ ਤੋਂ 6200 ਕਰੋੜ ਰੁਪਏ ਦੇ ਵਿਚਕਾਰ ਸੀ, ਜਦੋਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ 2022-23 ਵਿੱਚ ਇਹ ਅੰਕੜਾ 8428 ਕਰੋੜ ਰੁਪਏ ਨੂੰ ਪਾਰ ਕਰ ਗਿਆ ।

ਵਿੱਤੀ ਸਾਲ 2023-24 ਵਿੱਚ ਇਹ ਮਾਲੀਆ 9235 ਕਰੋੜ ਰੁਪਏ ਤੱਕ ਪਹੁੰਚਣ ਗਿਆ ਅਤੇ 2024-25 ਵਿੱਚ 9565 ਕਰੋੜ ਰੁਪਏ ਦੇ ਪੱਧਰ ਨੂੰ ਛੂਹ ਲਿਆ। ਅੰਦਾਜ਼ਾ ਹੈ ਕਿ ਇਹ ਮਾਲੀਆ 31 ਮਾਰਚ 2025 ਤੱਕ 10,200 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਹਾਲਾਂਕਿ, ਸਰਕਾਰ ਨੇ 10,145 ਕਰੋੜ ਰੁਪਏ ਦਾ ਟੀਚਾ ਰੱਖਿਆ ਸੀ, ਜੋ ਲਗਭਗ ਪੂਰਾ ਹੋ ਗਿਆ ਹੈ।

ਕਰਮਜੀਤ ਕੌਰ ਨੇ ਕਿਹਾ ਕਿ ਨਵੀਂ ਆਬਕਾਰੀ ਨੀਤੀ ਨਾਲ 11,800 ਕਰੋੜ ਰੁਪਏ ਦਾ ਮਾਲੀਆ ਹੋਇਆ ਹੈ, ਜੋ ਸਰਕਾਰ ਦੀਆਂ ਮਜ਼ਬੂਤ ਆਰਥਿਕ ਨੀਤੀਆਂ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਪੁਰਾਣੀਆਂ ਸਰਕਾਰਾਂ ਵਿਚ ਸ਼ਰਾਬ ਮਾਫੀਆ ਦੇ ਦਬਦਬੇ ਕਾਰਨ ਮਾਲੀਏ ਦਾ ਭਾਰੀ ਨੁਕਸਾਨ ਹੁੰਦਾ ਸੀ, ਪਰ ਹੁਣ ਪਾਰਦਰਸ਼ਤਾ ਨਾਲ ਕੰਮ ਕਰਨ ਨਾਲ ਅਜਿਹਾ ਸੰਭਵ ਹੋ ਸਕਿਆ ਹੈ।

ਚੇਅਰਪਰਸਨ ਕਰਮਜੀਤ ਕੌਰ ਨੇ ਇਸ ਨੂੰ ਪੰਜਾਬ ਸਰਕਾਰ ਦੀ ਵੱਡੀ ਪ੍ਰਾਪਤੀ ਕਰਾਰ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਸੂਬੇ ਦੀ ਆਰਥਿਕਤਾ ਮਜ਼ਬੂਤ ਹੋ ਰਹੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਸਰਕਾਰ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਅਜਿਹੀਆਂ ਨੀਤੀਆਂ ਬਣਾ ਕੇ ਪੰਜਾਬ ਨੂੰ ਆਰਥਿਕ ਪੱਖੋਂ ਮਜ਼ਬੂਤ ਕਰੇਗੀ।

# ਜਸਟਿਸ ਵਰਮਾ ਦੇ ਘਰੋਂ ਮਿਲੀਆਂ ਅੱਧ ਸੜੇ ਨੋਟਾਂ ਦੀਆਂ 4-5 ਬੋਰੀਆਂ

## ਹੁਣ ਘਰ ਦੇ ਬਾਹਰੋਂ ਵੀ ਮਿਲੇ ਨੋਟ-ਤਸਵੀਰਾਂ, ਵੀਡੀਓਜ਼ ਵਾਇਰਲ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਦੀ ਇਥੋਂ ਦੇ ਲੁਟੀਅਨਜ਼ ਸਥਿਤ ਸਰਕਾਰੀ ਰਿਹਾਇਸ਼ 'ਤੇ ਅੱਗ ਲੱਗਣ ਦੀ ਘਟਨਾ ਦੌਰਾਨ ਉਥੋਂ ਸੜੇ ਹੋਏ ਨੋਟਾਂ ਦੀਆਂ 4-5 ਬੋਰੀਆਂ ਮਿਲੀਆਂ ਸਨ। ਉਕਤ ਜਾਣਕਾਰੀ ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਦੇਵੇਂਦਰ ਕੁਮਾਰ ਉਪਾਧਿਆਏ ਵਲੋਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਸੰਜੀਵ ਖੰਨਾ ਨੂੰ ਸੌਂਪੀ ਆਪਣੀ 25 ਪੰਨਿਹਆਂ ਦੀ ਜਾਂਚ ਰਿਪੋਰਟ 'ਚ ਦਿੱਤੀ ਗਈ ਹੈ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਇਕ ਮਿਸਾਲ ਕਾਇਮ ਕਰਦਿਆਂ ਸਨਿਚਰਵਾਰ ਦੇਰ ਸ਼ਾਮ ਨੂੰ ਆਪਣੀ ਵੈੱਬਸਾਈਟ 'ਤੇ ਜਸਟਿਸ ਉਪਾਧਿਆਏ ਦੀ ਰਿਪੋਰਟ ਸਮੇਤ ਤਸਵੀਰਾਂ ਅਤੇ ਵੀਡੀਓਜ਼, ਜਦੋਂਕਿ ਜਸਟਿਸ ਵਰਮਾ ਦਾ ਜਵਾਬ ਅਪਲੋਡ ਕੀਤਾ ਸੀ। ਉਕਤ ਤੋਂ ਇਲਾਵਾ ਅੱਜ ਜਸਟਿਸ ਵਰਮਾ ਦੀ ਰਿਹਾਇਸ਼ ਨੇੜਿਓਂ 500 ਰੁਪਏ ਦੇ ਸੜੇ ਨੋਟ ਮਿਲਣ ਦੀਆਂ ਕਈ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ, ਜਿਥੇ ਇਲਾਕੇ ਦੀ ਸਫਾਈ ਕਰਨ ਆਏ ਕਰਮਚਾਰੀਆਂ ਨੂੰ ਉਕਤ ਸੜੇ ਹੋਏ ਨੋਟ ਮਿਲੇ। ਦਿੱਲੀ ਪੁਲਿਸ ਕਮਿਸ਼ਨਰ ਸੰਜੇ ਅਰੋੜਾ ਵਲੋਂ ਜਸਟਿਸ ਉਪਾਧਿਆਏ ਨਾਲ ਸਾਂਝੀ ਕੀਤੀ ਗਈ ਜਸਟਿਸ ਵਰਮਾ ਦੀ ਰਿਹਾਇਸ਼ ਦੀ ਵੀਡੀਓ 'ਚ ਸਾਫ਼ ਤੌਰ 'ਤੇ ਸੜੀ ਹੋਈ ਨਕਦੀ ਅਤੇ ਅੱਗ ਬੁਝਾਉਣ ਵਾਲੇ ਕਰਮਚਾਰੀ ਅੱਗ ਬੁਝਾਉਂਦੇ ਦਿਖਾਈ ਦੇ ਰਹੇ ਹਨ। ਦੂਜੇ ਪਾਸੇ, ਦਿੱਲੀ ਹਾਈ ਕੋਰਟ ਦੀ ਜਾਂਚ ਰਿਪੋਰਟ ਅਤੇ ਸੁਪਰੀਮ ਕੋਰਟ ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਗਈ ਵੀਡੀਓ ਦਿੱਲੀ ਫਾਇਰ ਸਰਵਿਸਿਜ਼ (ਡੀ. ਐਫ. ਐਸ.) ਦੇ ਉਸ ਦਾਅਵੇ ਦੇ ਬਿਲਕੁਲ ਉਲਟ ਹੈ ਕਿ 14 ਮਾਰਚ ਦੇਰ ਰਾਤ ਨੂੰ ਦਿੱਲੀ ਹਾਈ ਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਦੇ ਸਰਕਾਰੀ ਨਿਵਾਸ 'ਤੇ ਅੱਗ ਬੁਝਾਉਣ ਵੇਲੇ ਅੱਗ ਬੁਝਾਊ ਅਮਲੇ ਨੂੰ ਕਿਸੇ ਵੀ ਤਰ੍ਹਾਂ ਦੀ ਨਕਦੀ ਨਹੀਂ ਮਿਲੀ ਸੀ। ਡੀ.ਐਫ.ਐਸ. ਮੁਖੀ ਅਤੁਲ ਗਰਗ ਨੇ 21 ਮਾਰਚ ਨੂੰ ਕਿਹਾ ਸੀ ਕਿ ਅੱਗ ਲੱਗਣ ਦੀ ਘਟਨਾ ਦੌਰਾਨ ਫਾਇਰ ਬ੍ਰਿਗੇਡ ਕਰਮਚਾਰੀਆਂ ਨੂੰ ਜਸਟਿਸ ਵਰਮਾ ਦੇ ਘਰੋਂ ਕੋਈ ਨਕਦੀ ਨਹੀਂ ਮਿਲੀ ਸੀ। ਉਕਤ ਘਟਨਾਕ੍ਰਮ ਦੇ ਸੰਦਰਭ 'ਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਖੰਨਾ ਨੇ ਸਨਿਚਰਵਾਰ ਨੂੰ ਜਸਟਿਸ ਵਰਮਾ ਦੇ ਖ਼ਿਲਾਫ਼ ਅੰਦਰੂਨੀ ਜਾਂਚ ਕਰਨ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਠਿਤ ਕੀਤੀ ਗਈ ਸੀ ਅਤੇ ਨਿਰਦੇਸ਼ ਦਿੱਤੇ ਸਨ ਕਿ ਜਸਟਿਸ ਵਰਮਾ ਨੂੰ ਕੋਈ ਵੀ ਨਿਆਂਇਕ ਕੰਮ ਨਾ ਸੌਂਪਿਆ ਜਾਵੇ। ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਸੌਂਪੇ ਗਏ ਆਪਣੇ ਜਵਾਬ 'ਚ ਜਸਟਿਸ ਵਰਮਾ ਨੇ ਕਿਹਾ ਹੈ ਕਿ ਉਨ੍ਹਾਂ ਦੇ ਨਿਵਾਸ ਸਥਾਨ ਤੋਂ ਨਕਦੀ ਮਿਲਣ ਦੇ ਦੋਸ਼ ਸਪੱਸ਼ਟ ਤੌਰ 'ਤੇ ਉਨ੍ਹਾਂ ਨੂੰ ਫਸਾਉਣ ਅਤੇ ਬਦਨਾਮ ਕਰਨ ਦੀ ਸਾਜਿਸ਼ ਦਾ ਹਿੱਸਾ ਹਨ।



ਜਸਟਿਸ ਯਸ਼ਵੰਤ ਵਰਮਾ



ਜਸਟਿਸ ਯਸ਼ਵੰਤ ਵਰਮਾ ਦੀ ਰਿਹਾਇਸ਼ ਨੇੜਿਓਂ ਮਿਲੇ ਸੜੇ ਹੋਏ ਨੋਟ।

# ਸ਼ਾਨੋ ਸ਼ੌਕਤ ਨਾਲ ਸੰਪੰਨ ਹੋਈ ਐਮ ਐਸ ਕੇ ਦੀ ਜੂਨੀਅਰ ਸਪੋਰਟਸ ਮੀਟ

## ਮਾਨਸਿਕ ਸਰੀਰਕ ਅਤੇ ਅਧਿਆਤਮਕ ਵਿਕਾਸ ਲਈ ਖੇਡਾਂ ਜ਼ਰੂਰੀ : ਔਲਖ






ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਇਲਾਕੇ ਦੇ ਨਾਮਵਰ ਵਿਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸੀਬੀਐਸਈ ਸੰਕੈਡਰੀ ਸਕੂਲ ਕੋਟਲੀ ਜੰਡ ਵਿਖੇ ਸਕੂਲ ਪ੍ਰਿੰਸੀਪਲ ਪਰਵਿੰਦਰ ਕੌਰ ਦੀ ਦੇਖਦੇ ਹੇਠ ਅੱਜ ਕਰਵਾਈ ਗਈ ਜੂਨੀਅਰ ਸਪੋਰਟਸ ਮੀਟ ਮਾਪਿਆਂ ਦੇ ਖਚਾ ਖਚ ਭਰੇ ਪੰਡਾਲ ਵਿੱਚ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਈ। ਸਪੋਰਟਸ ਮੀਟ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ ਚੇਅਰਮੈਨ ਹਰਮੀਤ ਸਿੰਘ ਔਲਖ, ਅਤੇ ਜਗਤ ਪੰਜਾਬੀ ਸਭਾ ਕੈਨੇਡਾ ਦੇ ਪ੍ਰਧਾਨ ਸਰਦੂਲ ਸਿੰਘ ਥਿਆੜਾ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਖੇਡਾਂ ਦੇ ਮਹੱਤਵ ਨੂੰ ਉਜਾਗਰ ਕੀਤਾ ਉਥੇ ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੋਸਾਇਟੀ ਵੱਲੋਂ ਵਿਦਿਅਕ ਅਤੇ ਖੇਡਾਂ ਦੇ ਖੇਤਰ ਵਿੱਚ ਕੀਤੇ ਗਏ ਕੰਮਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਤੇ ਵਿਦਿਆਰਥੀਆਂ ਨੇ ਜ਼ਿਲ੍ਹਾ ਰਾਜ ਅਤੇ ਰਾਸ਼ਟਰੀ ਪੱਧਰ ਤੇ ਆਪਣਾ ਲੋਹਾ ਮੰਨਵਾ ਕੇ ਐਮ ਐਸ ਕੇ ਵਿਦਿਅਕ ਸੰਸਥਾ ਦਾ ਨਾਂ ਉੱਚਾ ਕੀਤਾ ਹੈ। ਇਹਨਾਂ ਆਗੂਆਂ ਨੇ ਕਿਹਾ ਕਿ ਅੱਜ ਵਿਦਿਆਰਥੀਆਂ ਵੱਲੋਂ ਕੀਤਾ ਗਿਆ ਪ੍ਰਦਰਸ਼ਨ ਸ਼ਲਾਘਾਯੋਗ ਸੀ ਅਤੇ ਇਹਨਾਂ ਛੋਟੇ ਛੋਟੇ ਬੱਚਿਆਂ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ ਘੱਟ ਹੈ। ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੀ ਸਰਪ੍ਰਸਤੀ ਹੇਠ ਹੋਏ ਇਸ ਸਮਾਗਮ ਦੌਰਾਨ ਸਕੂਲ ਦੇ ਉਹਨਾਂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ ਜਿਨਾਂ ਨੇ ਰਾਸ਼ਟਰੀ ਪੱਧਰ ਤੇ ਖੇਡਾਂ ਵਿੱਚ ਹਿੱਸਾ ਲਿਆ ਕੇ ਸਕੂਲ ਦੇ ਨਾਂ ਨੂੰ ਰੌਸ਼ਨ ਕੀਤਾ। ਇਸ ਸਮਾਰੋਹ ਵਿੱਚ ਵਿਸ਼ੇਸ਼ ਰੂਪ ਨਾਲ ਸ਼ਾਮਿਲ ਹੋਏ ਸਹਾਰਾ ਵੈਲਫੇਅਰ ਕਲੱਬ ਉੜਮੁੜ ਦੇ ਪ੍ਰਧਾਨ ਸ੍ਰੀ ਰਕੇਸ਼ ਡੇਜ਼ੀ, ਸਰਪੰਚ ਸੁਦੇਸ਼ ਕੁਮਾਰ ਕੋਟਲੀ, ਲੰਬਰਦਾਰ ਉਂਕਾਰ ਸਿੰਘ, ਐਜੂਕੇਸ਼ਨ ਆਫੀਸਰ ਜਤਿੰਦਰ ਕੌਰ ਅਰੋੜਾ, ਅਤੇ ਅਮਰਜੀਤ ਸਿੰਘ ਨੇ ਵੀ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਵੱਲੋਂ ਦਿਖਾਈ ਗਈ ਪ੍ਰਤਿਭਾ ਦੀ ਵਿਸ਼ੇਸ਼ ਰੂਪ ਨਾਲ ਪ੍ਰਸੰਸਾ ਕੀਤੀ। ਇਸ ਮੌਕੇ ਸਕੂਲ ਦੇ ਨੈਸ਼ਨਲ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸਨਮਾਨ ਕਰਦੇ ਹੋਏ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹ ਖੇਡਾਂ ਪ੍ਰਤੀ ਵਿਦਿਆਰਥੀਆਂ ਨੂੰ ਹੋਰ ਵੀ ਉਤਸਾਹਿਤ ਕਰਨਗੇ ਤੇ ਸਕੂਲ ਦੇ ਵੱਡੀ ਗਿਣਤੀ ਵਿਦਿਆਰਥੀ ਨੈਸ਼ਨਲ ਅਤੇ ਅੰਤਰਰਾਸ਼ਟਰੀ ਪੱਧਰ ਤੇ ਸਕੂਲ ਦਾ ਨਾਂ ਉੱਚਾ ਕਰਨਗੇ ਸਨਮਾਨਤ ਕੀਤੇ ਗਏ ਵਿਦਿਆਰਥੀ ਜਸਮੀਤ ਕੌਰ ਸੰਧੂ, ਕਰਨਵੀਰ ਸਿੰਘ ,ਪਾਰਸ ਕੁਮਾਰ ਅਤੇ ਅਬੇਜੋਤ ਸਿੰਘ ਨੂੰ ਜਲਦੀ ਹੀ ਸਹਾਰਾ ਵੈਲਫੇਅਰ ਕਲੱਬ ਉੜਮੁੜ ਵੱਲੋਂ ਵੀ ਸਨਮਾਨਿਤ ਕੀਤੇ ਜਾਣ ਦਾ ਫੈਸਲਾ ਲਿਆ ਗਿਆ। ਇਸ ਮੌਕੇ ਹਾਜ਼ਿਰ ਵਿਸ਼ੇਸ਼ ਸ਼ਖਸੀਅਤਾਂ ਵਿੱਚ ਸੇਵਾ ਸਿੰਘ, ਮਹਿੰਦਰ ਪਾਲ ਮਦਾਨ, ਪੰਚ ਜਸਵੀਰ ਸਿੰਘ, ਡਾ ਅਮੋਲਕ ਸਿੰਘ ਮਰਵਾਹਾ, ਲਖਬੀਰ ਸਿੰਘ, ਸੋਨੂ ਮਾਰਸ਼ਲ, ਰਵਿੰਦਰ ਸਿੰਘ ਅਤੇ ਬਲਜੀਤ ਸਿੰਘ ਦੇ ਨਾਮ ਵਰਨ ਯੋਗ ਹਨ। ਪ੍ਰਿੰਸੀਪਲ ਪਰਵਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਕੂਲ ਦੀਆਂ ਪ੍ਰਾਪਤੀਆਂ ਦੀ ਜਾਣਕਾਰੀ ਦਿੱਤੀ। ਮੰਚ ਦਾ ਸੰਚਾਲਨ ਮੈਡਮ ਸੁਮਨ ਕੌਰ ਨੇ ਬਾਖੂਬੀ ਨਿਭਾਇਆ। ਇਸ ਮੌਕੇ ਸਕੂਲ ਸਟਾਫ ਵਿੱਚ ਗੁਰਪ੍ਰੀਤ ਕੌਰ, ਲਖਬੀਰ ਸਿੰਘ, ਪ੍ਰੀਤੀ ਮੱਲੀ, ਕਸ਼ਿਸ਼ ਗਿੱਲ, ਰੇਖਾ ਰਾਣੀ, ਆਗਿਆ ਕੌਰ, ਗੁਰਸ਼ਰਨ ਕੌਰ, ਅਮਨ ਸੰਧੂ, ਰਜਿੰਦਰ ਕੌਰ ਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਅਤੇ ਉਤਸ਼ਾਹ ਨਾਲ ਚੇਅਰਮੈਨ ਸ. ਰਜਿੰਦਰ ਸਿੰਘ ਮਾਰਸ਼ਲ ਜੀ ਦੇ ਦਿਸ਼ਾ ਨਿਰਦੇਸ਼ ਹੇਠ ਮਨਾਇਆ ਗਿਆ




ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਸਕੂਲ ਦੇ ਪ੍ਰਿੰਸੀਪਲ ਸ. ਪਰਵਿੰਦਰ ਸਿੰਘ ਨੇ ਸਭ ਨੂੰ ਇਸ ਪਵਿੱਤਰ ਦਿਹਾੜੇ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਦੱਸਿਆ ਕਿ ਆਪ ਜੀ ਦਾ ਜਨਮ ਪਿਤਾ ਸ਼੍ਰੀ ਸੰਤੋਖ ਦਾਸ ਅਤੇ ਮਾਤਾ ਕਲਸਾਂ ਜੀ ਦੀ ਕੁੱਖੋਂ ਬਨਾਰਸ ਵਿਖੇ ਹੋਇਆ। ਆਪ ਜੀ ਦੇ 40 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਆਪ ਜੀ ਨੇ ਬਹੁਤ ਉੱਚੇ ਅਤੇ ਸੁੱਚੇ ਜੀਵਨ ਬਾਰੇ ਸੰਦੇਸ਼ ਦਿੱਤਾ ਹੈ। ਆਪ ਜੀ ਨੇ ਇਹ ਵੀ ਸੰਦੇਸ਼ ਦਿੱਤਾ ਹੈ ਕਿ ਐ ਇਨਸਾਨ, ਨਿਮਰਤਾ ਸਹਿਤ, ਸਹਿਣਸ਼ੀਲ ਹੋ ਕੇ ਅਤੇ ਵਿਕਾਰਾਂ ਰਹਿਤ ਹੋ ਕੇ ਪ੍ਰਮਾਤਮਾ ਭਾਵ ਵਾਹਿਗੁਰੂ ਦਾ ਸਿਮਰਨ ਕਰ , ਤਾਂ ਜੋ ਤੇਰੀ ਆਤਮਾ ਦਾ ਮਿਲਨ ਪ੍ਰਮਾਤਮਾ ਨਾਲ ਹੋ ਸਕੇ ਕਿਉਂਕਿ ਇਕ "ਰੱਬ" ਹੀ ਹੈ, ਜਿਸ ਦਾ ਸਿਮਰਨ ਕਰਨ ਨਾਲ ਉਹ ਇਨਸਾਨ ਨੂੰ ਨੀਵੇਂ ਤੋਂ ਉੱਚਾ ਕਰ ਦਿੰਦਾ ਹੈ। ਆਪ ਜੀ ਨੇ ਕਿਹਾ ਹੈ ਕਿ ਇਨਸਾਨ ਦੀ ਨੀਅਤ ਸਾਫ਼ ਚਾਹੀਦੀ ਹੈ, ਕਿੱਤਾ ਭਾਵੇਂ ਕੋਈ ਵੀ ਹੋਵੇ। ਇਸੇ ਕਰਕੇ ਆਪ ਜੀ ਨੇ ਫਰਮਾਇਆ ਹੈ :

"ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥" ਆਪ ਜੀ ਨੇ ਆਪਣੀ ਬਾਣੀ ਵਿਚ ਖਾਸ ਤੌਰ 'ਤੇ ਪ੍ਰਭੂ ਸਿਮਰਨ ਦੇ ਨਾਲ-ਨਾਲ ਆਪਣੀ ਜਾਤੀ ਅਤੇ ਔਜ਼ਾਰ ਜਿਵੇਂ ਆਰੀ, ਰੰਬੀ, ਜੁੱਤੀਆਂ ਗੰਢਣ ਦਾ ਜ਼ਿਕਰ ਕੀਤਾ ਹੈ। ਆਪ ਫਰਮਾਉਂਦੇ ਹਨ ਕਿ ਕੰਮ ਕੋਈ ਵੀ ਹੋਵੇ, ਕੰਮ ਨੀਵਾਂ ਨਹੀਂ ਸਗੋਂ ਇਨਸਾਨ ਦੀ ਮੰਦੀ ਸੋਚ ਨੀਵੀਂ ਹੈ। ਇਸ ਤਰ੍ਹਾਂ ਆਪ ਨੇ ਸੱਚੀ ਕਿਰਤ ਕਰਨ ਦਾ ਉਪਦੇਸ਼ ਵੀ ਦਿੱਤਾ।

ਇਸ ਮੌਕੇ 'ਤੇ ਵਾਈਸ ਪ੍ਰਿੰਸੀਪਲ ਕੁਲਵੀਰ ਸਿੰਘ, ਵਾਈਸ ਪ੍ਰਿੰਸੀਪਲ ਸਰਬਜੀਤ ਕੌਰ, ਅਧਿਆਪਕ ਮਨਦੀਪ ਸਿੰਘ, ਨੀਲਮਾ ਦੇਵੀ, ਕਿਰਨਦੀਪ ਕੌਰ, ਮਿਸ ਅਮਨਦੀਪ ਕੌਰ, ਦਲਜੀਤ ਕੌਰ, ਇੰਦੂ, ਸਿਮਰਪ੍ਰੀਤ, ਹਰਪ੍ਰੀਤ ਕੌਰ, ਮਿਸਜ਼ ਅਮਨਦੀਪ ਕੌਰ, ਮਨੀਸ਼ਾ, ਗੁਰਪ੍ਰੀਤ ਕੌਰ, ਮੋਨਿਕਾ, ਮਨਦੀਪ ਕੌਰ, ਨਵਨੀਤ ਕੌਰ, ਪਰਮਦੀਪ ਕੌਰ, ਸੰਦੀਪ ਕੌਰ, ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਦੇ ਸਟਾਫ਼ ਅਤੇ ਵਿਦਿਆਰਥੀਆਂ ਵਲੋਂ ਇਨਕਲਾਬੀ ਮੈਰਾਥਨ ਵਿੱਚ ਭਾਗ ਲੈ ਕੇ ਸ਼ਹੀਦੀ ਦਿਹਾੜਾ ਮਨਾਇਆ ਗਿਆ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਦੇ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਜੀ ਦਾ ਸ਼ਹੀਦੀ ਦਿਹਾੜਾ ਚੇਅਰਮੈਨ ਸ. ਰਜਿੰਦਰ ਸਿੰਘ ਮਾਰਸ਼ਲ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਮਨਾਇਆ ਗਿਆ। ਲੋਕ ਇਨਕਲਾਬ ਮੰਚ ਟਾਂਡਾ ਪੰਜਾਬ ਵਲੋਂ ਸ਼ਹੀਦੀ ਦਿਵਸ ਨੂੰ ਸਮਰਪਿਤ ਇੱਕ ਇਨਕਲਾਬੀ ਮੈਰਾਥਨ ਕਰਵਾਈ ਗਈ ਜੋ ਕੇ ਸ਼ਿਮਲਾ ਪਹਾੜੀ ਤੋਂ ਲੈ ਕੇ ਵਾਇਆ ਬਾਬਾ ਬੂਟਾ ਚੌਂਕ ਪੁਲਿਸ ਸਟੇਸ਼ਨ ਦੇ ਸਾਹਮਣੇ ਰੇਲਵੇ ਸਟੇਸ਼ਨ ਚੌਂਕ ਹੁੰਦੇ ਹੋਏ ਸ਼ਹੀਦ ਚੌਂਕ ਸਮਾਪਤ ਹੋਈ। ਜਿਸ ਵਿੱਚ ਵਿਦਵਾਨਾਂ, ਸਮਾਜ-ਸੇਵੀਆਂ ਅਧਿਆਪਕਾਂ, ਬੱਚਿਆਂ ਆਦਿ ਨੇ ਭਾਗ ਲੈ ਕੇ ਇਸ ਨੂੰ ਮੁਕੰਮਲ ਕੀਤਾ। ਇਸ ਤੋਂ ਇਲਾਵਾ ਸ਼ਹੀਦਾਂ ਦੀ ਸੋਚ ਤੇ ਚੱਲ ਕੇ ਦੇਸ਼ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨ ਅਤੇ ਤਰੱਕੀ ਦੇ ਵੱਲ ਲਿਜਾਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ 'ਤੇ ਪ੍ਰਿੰਸੀਪਲ ਸ. ਪਰੀਵਿੰਦਰ ਸਿੰਘ, ਵਾਈਸ ਪ੍ਰਿੰਸੀਪਲ ਕੁਲਵੀਰ ਸਿੰਘ, ਅਧਿਆਪਕ ਮਨਦੀਪ ਸਿੰਘ, ਲਖਵਿੰਦਰ ਸਿੰਘ ਆਦਿ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।

# ਬੇਅਦਬੀ ਮਾਮਲਿਆਂ ਖ਼ਿਲਾਫ ਅਕਾਲ ਤਖਤ ਸਖ਼ਤ ਕਾਰਵਾਈ ਕਰੇਗਾ: ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੇਅਦਬੀ ਦੀਆਂ ਘਟਨਾਵਾਂ ’ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਜੇ ਕਿਸੇ ਵੀ ਥਾਂ ’ਤੇ ਕੋਈ ਅਜਿਹੀ ਘਟਨਾ ਵਾਪਰਦੀ ਹੈ ਤਾਂ ਸ੍ਰੀ ਅਕਾਲ ਤਖਤ ਵੱਲੋਂ ਖੁਦ ਨੋਟਿਸ ਲੈ ਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਕਾਰਜਕਾਰੀ ਜਥੇਦਾਰ ਨੂੰ ਅੱਜ ਲੁਧਿਆਣਾ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਮੂਹ ਸਿੰਘ ਸਭਾਵਾਂ ਤੇ ਧਾਰਮਿਕ ਜਥੇਬੰਦੀਆਂ ਵੱਲੋਂ ਗੁਰਮਤਿ ਸਮਾਗਮ ਦੌਰਾਨ ਸਨਮਾਨਤ ਕੀਤਾ ਗਿਆ।

ਜਥੇਦਾਰ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿੱਖ ਸੰਸਥਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਬੇਹੱਦ ਚਿੰਤਤ ਹੈ। ਉਨ੍ਹਾਂ ਐਲਾਨ ਕੀਤਾ ਕਿ ਜੇ ਕਿਸੇ ਵੀ ਥਾਂ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਵਿੱਚ ਕਮੀ ਆਉਂਦੀ ਹੈ ਅਤੇ ਬੇਅਦਬੀ ਦੀ ਕੋਈ ਘਟਨਾ ਵਾਪਰਦੀ ਹੈ ਤਾਂ ਸ੍ਰੀ ਅਕਾਲ ਤਖ਼ਤ ਉਸ ਉੱਤੇ ਖੁਦ ਨੋਟਿਸ ਲੈ ਕੇ ਸਖ਼ਤ ਕਾਰਵਾਈ ਕਰੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਦੇ ਮਾਮਲੇ ਵਿੱਚ ਭਾਵੇਂ ਸ਼ਿਕਾਇਤ ਆਏ ਜਾਂ ਨਾ, ਪਰ ਘਟਨਾ ਵਾਪਰਨ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਆਪ ਕਾਰਵਾਈ ਕਰੇਗਾ। ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਵੀ ਗੁਰੂ ਸਾਹਿਬ ਦੇ ਸਤਿਕਾਰ ਅਤੇ ਮਾਣ ਮਰਿਆਦਾ ਦਾ ਵਿਸ਼ੇਸ਼ ਧਿਆਨ ਰੱਖਣ ਲਈ ਕਿਹਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਤੈਅ ਨਿਯਮਾਂ ਦਾ ਸਖ਼ਤੀ ਨਾਲ ਪਾਲਣ ਕਰਨ ਲਈ ਕਿਹਾ।

ਉਨ੍ਹਾਂ ਬੀਤੇ ਸਮੇਂ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਣਪਛਾਤੇ ਵਿਅਕਤੀ ਵੱਲੋਂ ਜੰਗਲਾ ਟੱਪ ਕੇ ਬੇਅਦਬੀ ਦੇ ਮਾਮਲੇ ਵਿੱਚ ਸਰਕਾਰ ਉੱਤੇ ਸਵਾਲ ਚੁੱਕੇ। ਉਨ੍ਹਾਂ ਪੁੱਛਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਸ ਦੋਸ਼ੀ ਦੀ ਪਛਾਣ ਡੀਐੱਨਏ ਟੈਸਟ ਰਾਹੀਂ ਕਰਵਾਉਣ ਲਈ ਕੀਤੀ ਮੰਗ ਦੇ ਬਾਵਜੂਦ ਹੁਣ ਤੱਕ ਸਰਕਾਰ ਉਸ ਦੀ ਪਛਾਣ ਕਿਉਂ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਸਰਕਾਰ ਉਸ ਵਿਅਕਤੀ ਪਿੱਛੇ ਕੰਮ ਕਰ ਰਹੀਆਂ ਤਾਕਤਾਂ ਨੂੰ ਨਸ਼ਰ ਕਰਨ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋਈ ਹੈ। ਉਨ੍ਹਾਂ ਸਮੁੱਚੇ ਪੰਥ ਨੂੰ ਇਸ ਸਬੰਧੀ ਅਵਾਜ਼ ਬੁਲੰਦ ਕਰਨ ਲਈ ਕਿਹਾ।

# ਸ਼੍ਰੋਮਣੀ ਅਕਾਲੀ ਦਲ ਨੇ ਭਰਤੀ ਲਈ ਅੰਮ੍ਰਿਤਸਰ ਵਿੱਚ ਦਫ਼ਤਰ ਖੋਲ੍ਹਿਆ



ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਭਰਤੀ ਕਮੇਟੀ ਵੱਲੋਂ ਆਰੰਭ ਕੀਤੀ ਗਈ ਭਰਤੀ ਮੁਹਿਮ ਤਹਿਤ ਅੱਜ ਇੱਥੇ ਅੰਮ੍ਰਿਤਸਰ ਵਿੱਚ ਇੱਕ ਭਰਤੀ ਸਬੰਧੀ ਦਫਤਰ ਖੋਲ੍ਹਿਆ ਗਿਆ ਹੈ। ਸਥਾਨਕ ਜੀਟੀ ਰੋਡ ’ਤੇ ਇੱਕ ਕਲੋਨੀ ਵਿੱਚ ਖੋਲ੍ਹੇ ਗਏ ਇਸ ਦਫਤਰ ਦੀ ਆਰੰਭਤਾ ਵੇਲੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਬੀਬੀ ਕਿਰਨਜੋਤ ਕੌਰ ਅਤੇ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਸੰਸਦ ਮੈਂਬਰ ਡਾਕਟਰ ਰਤਨ ਸਿੰਘ ਅਜਨਾਲਾ ਸਮੇਤ ਹੋਰ ਅਕਾਲੀ ਆਗੂ ਹਾਜ਼ਰ ਸਨ।

ਇਸ ਮੌਕੇ ਡਾਕਟਰ ਅਜਨਾਲਾ ਨੇ ਦੱਸਿਆ ਕਿ ਸ੍ਰੀ ਅਕਾਲ ਤਖਤ ਦੇ ਆਦੇਸ਼ਾਂ ’ਤੇ ਸ਼ੁਰੂ ਕੀਤੀ ਗਈ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਇੱਥੇ ਦਫਤਰ ਖੋਲ੍ਹਿਆ ਹੈ ਅਤੇ ਇਸ ਨਾਲ ਲੋਕਾਂ ਨੂੰ ਇੱਥੇ ਸਿੱਧੇ ਰੂਪ ਵਿੱਚ ਦਫ਼ਤਰ ਨਾਲ ਸੰਪਰਕ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਬਿਨਾਂ ਕਿਸੇ ਦਾ ਨਾਂ ਲਏ ਆਖਿਆ ਕਿ ਇਹ ਘਰ ਬੈਠ ਕੇ ਭਰਤੀ ਨਹੀਂ ਕੀਤੀ ਜਾ ਰਹੀ ਸਗੋਂ ਲੋਕਾਂ ਨਾਲ ਮਿਲ ਕੇ ਅਤੇ ਸੰਪਰਕ ਕਰਕੇ ਭਰਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕ ਉਡੀਕ ਰਹੇ ਸਨ ਅਤੇ ਲੋਕਾਂ ਵਿੱਚ ਭਰਤੀ ਸਬੰਧੀ ਭਾਰੀ ਉਤਸ਼ਾਹ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਵੱਲੋਂ ਕੀਤੇ ਗਏ ਆਦੇਸ਼ ਮੁਤਾਬਿਕ ਭਰਤੀ ਸਬੰਧੀ ਬਣਾਈ ਗਈ ਕਮੇਟੀ ਨੂੰ ਇੱਕ ਦਿਸ਼ਾ ਮਿਲ ਗਈ ਹੈ, ਜਿਸ ਤੇ ਚਲਦਿਆਂ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਨਵੀਂ ਭਰਤੀ ਕੀਤੀ ਜਾ ਰਹੀ ਹੈ। ਇਸ ਮੌਕੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸੇ ਇਕ ਵਿਅਕਤੀ ਦਾ ਨਹੀਂ ਬਲਕਿ ਇੱਕ ਸੰਸਥਾ ਹੈ ਅਤੇ ਇਹ ਸੰਸਥਾ ਲੋਕਾਂ ਵੱਲੋਂ ਬਣਾਈ ਹੋਈ ਸੰਸਥਾ ਹੈ।

ਉਨ੍ਹਾਂ ਕਿਹਾ ਕਿ ਪੰਜ ਮੈਂਬਰੀ ਕਮੇਟੀ ਵੱਲੋਂ ਸ਼ੁਰੂ ਕੀਤੀ ਮੁਹਿੰਮ ਨੂੰ ਪੰਜਾਬ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਅੱਜ ਇਥੇ ਇਹਨਾਂ ਅਕਾਲੀ ਆਗੂਆਂ ਵੱਲੋਂ ਭਰਤੀ ਮੁਹਿੰਮ ਤਹਿਤ ਸ਼੍ਰੋਮਣੀ ਅਕਾਲੀ ਦਲ ਵਾਸਤੇ ਨਵੇਂ ਮੈਂਬਰਾਂ ਦੀ ਭਰਤੀ ਵੀ ਕੀਤੀ ਗਈ।

# ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ ਅਤੇ ਕਾਰਜ ਖੇਤਰ ਬਾਰੇ ਨਿਯਮ ਬਣਾਵੇਗੀ ਸ਼੍ਰੋਮਣੀ ਕਮੇਟੀ : ਹਰਜਿੰਦਰ ਸਿੰਘ ਧਾਮੀ

## ਅਸਤੀਫ਼ਾ ਨਾਮਨਜ਼ੂਰ ਹੋਣ ਤੋਂ ਬਾਅਦ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦਫ਼ਤਰ ਪੁੱਜੇ ਪ੍ਰਧਾਨ ਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ ਅਤੇ ਕਾਰਜ ਖੇਤਰ ਬਾਰੇ ਨਿਯਮ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਦੀ ਜਾਣਕਾਰੀ ਸਿੱਖ ਸੰਸਥਾ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਤੀ ਹੈ।

ਮੌਜੂਦਾ ਸਮੇਂ ਬਣੇ ਹਾਲਾਤ ਦੇ ਮਦੇਨਜ਼ਰ ਉਨ੍ਹਾਂ ਅਹਿਮ ਐਲਾਨ ਕਰਦਿਆਂ ਕਿਹਾ ਹੈ ਕਿ ਸਿੱਖ ਪੰਥ ਅੰਦਰ ਸਿੰਘ ਸਾਹਿਬਾਨ ਤੇ ਹਰ ਜਥੇਬੰਦੀ ਦਾ ਸਤਿਕਾਰ ਕਾਇਮ ਰੱਖਿਆ ਜਾਵੇਗਾ ਅਤੇ ਜਥੇਦਾਰਾਂ ਦੀਆਂ ਪਦਵੀਆਂ ਸਬੰਧੀ ਭਵਿੱਖ ਵਿੱਚ ਸਿੱਖ ਸੰਪਰਦਾਵਾਂ ਦੇ ਰਾਏ ਮਸ਼ਵਰੇ ਨੂੰ ਅਣਡਿੱਠ ਨਹੀਂ ਕੀਤਾ ਜਾਵੇਗਾ। ਐਡਵੋਕੇਟ ਧਾਮੀ ਅੱਜ ਇਥੇ ਸ਼੍ਰੋਮਣੀ ਕਮੇਟੀ ਦਫਤਰ ਪੁੱਜੇ ਸਨ। ਆਪਣਾ ਅਸਤੀਫਾ ਅਪ੍ਰਵਾਨ ਹੋਣ ਮਗਰੋਂ ਉਹ ਅੱਜ ਪਹਿਲੀ ਵਾਰ ਦਫਤਰ ਆਏ ਹਨ। ਇਥੇ ਮੀਡੀਆ ਨਾਲ ਗੱਲ ਕਰਦਿਆਂ ਸ੍ਰੀ ਧਾਮੀ ਨੇ ਆਖਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਅਤੇ ਸੇਵਾ ਮੁਕਤੀ ਸਬੰਧੀ ਜਲਦ ਹੀ ਨਿਯਮ ਤੈਅ ਕੀਤੇ ਜਾਣਗੇ ਅਤੇ ਇਸ ਕਾਰਜ ਵਾਸਤੇ ਉੱਚ ਪੱਧਰੀ ਕਮੇਟੀ ਕਾਇਮ ਹੋਵੇਗੀ। ਇਸ ਸਬੰਧੀ ਆਉਂਦੇ ਬਜਟ ਇਜਲਾਸ ਵਿਚ ਮਤਾ ਲਿਆ ਕੇ ਪ੍ਰਵਾਨਗੀ ਲਈ ਜਾਵੇਗੀ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਜਥੇਦਾਰਾਂ ਦੀਆਂ ਇਨ੍ਹਾਂ ਸਤਿਕਾਰਤ ਪਦਵੀਆਂ ’ਤੇ ਇੱਕ ਵਿਅਕਤੀ ਇੱਕ ਅਹੁਦਾ ਦੀ ਨੀਤੀ ਲਾਗੂ ਕੀਤੀ ਜਾਵੇ। ਇਸੇ ਤਹਿਤ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਖਾਲੀ ਪਏ ਅਹੁਦੇ ਵਾਸਤੇ ਪੰਥਕ ਸੰਪਰਦਾਵਾਂ ਤੇ ਜਥੇਬੰਦੀਆਂ ਦੀ ਸਲਾਹ ਨਾਲ ਜਲਦ ਹੀ ਨਿਯੁਕਤੀ ਕਰ ਦਿੱਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਰਹੁਰੀਤਾਂ, ਪਰੰਪਰਾਵਾਂ ਅਤੇ ਇਤਿਹਾਸ ਸਾਡਾ ਮਾਰਗ ਦਰਸ਼ਨ ਹਨ। ਇਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ ਅਤੇ ਸਮੂਹਿਕ ਤੇ ਸੰਗਠਿਤ ਪ੍ਰਭਾਵ ਨਾਲ ਅੱਗੇ ਵਧਿਆ ਜਾਵੇਗਾ, ਤਾਂ ਜੋ ਕੌਮ ਨੂੰ ਸਮੇਂ-ਸਮੇਂ ਪੇਸ਼ ਆਉਂਦੀਆਂ ਚੁਣੌਤੀਆਂ ਨਾਲ ਜਥੇਬੰਦਕ ਭਾਵਨਾ ਤਹਿਤ ਨਜਿੱਠਿਆ ਜਾ ਸਕੇ। ਐਡਵੋਕੇਟ ਧਾਮੀ ਨੇ ਕਿਹਾ ਕਿ ਪਹਿਲਾਂ ਹੀ ਕੌਮ ਦੀਆਂ ਦੁਸ਼ਮਣ ਤਾਕਤਾਂ ਸਿੱਖ ਸੰਸਥਾਵਾਂ ਅਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਪੂਰਾ ਜ਼ੋਰ ਲਗਾ ਰਹੀਆਂ ਹਨ। ਜੇ ਕੌਮ ਨੇ ਇੱਕਜੁੱਟਤਾ ਦਾ ਪ੍ਰਭਾਵ ਨਾ ਦਿੱਤਾ ਤਾਂ ਸਿੱਖ ਵਿਰੋਧੀ ਸ਼ਕਤੀਆਂ ਆਪਣੀ ਮਨਸ਼ਾ ਵਿੱਚ ਕਾਮਯਾਬ ਹੁੰਦੀਆਂ ਰਹਿਣਗੀਆਂ।

ਐਡਵੋਕੇਟ ਧਾਮੀ ਨੇ ਸਪੱਸ਼ਟ ਕੀਤਾ ਕਿ ਤਖ਼ਤ ਸਾਹਿਬਾਨ ’ਤੇ ਸੇਵਾ ਨਿਭਾਉਣ ਵਾਲੇ ਜਥੇਦਾਰ ਸਾਹਿਬਾਨ ਦੀ ਰੁਖ਼ਸਤੀ ਇਕ ਸਨਮਾਨਜਨਕ ਢੰਗ ਨਾਲ ਕੀਤੀ ਜਾਇਆ ਕਰੇਗੀ। ਇਹ ਯਤਨ ਕੀਤਾ ਜਾਵੇਗਾ ਕਿ ਪਿਛਲੇ ਸਮੇਂ ਦੌਰਾਨ ਸੇਵਾ ਮੁਕਤ ਕੀਤੇ ਸਿੰਘ ਸਾਹਿਬਾਨ ਨੂੰ ਉਨ੍ਹਾਂ ਵੱਲੋਂ ਨਿਭਾਈਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਜਾਵੇ।

ਐਡਵੋਕੇਟ ਧਾਮੀ ਨੇ ਕਿਹਾ ਕਿ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸੇਵਾ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੈ, ਜਿਸ ਪ੍ਰਤੀ ਉਹ ਸੁਚੇਤ ਵੀ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਉਨ੍ਹਾਂ ਵੱਲੋਂ ਅਸਤੀਫਾ ਦੇਣ ਬਾਅਦ ਸਾਰੀਆਂ ਹੀ ਧਾਰਮਿਕ, ਸਮਾਜਿਕ, ਸਿਆਸੀ ਧਿਰਾਂ ਦੇ ਨਾਲ ਨਾਲ ਸਤਿਕਾਰਤ ਸਿੰਘ ਸਾਹਿਬਾਨ ਨੇ ਸੇਵਾ ਸੰਭਾਲਣ ਦੀ ਪ੍ਰੇਰਨਾ ਕੀਤੀ ਸੀ, ਜਿਸ ਲਈ ਉਹ ਸਭ ਦਾ ਧੰਨਵਾਦ ਕਰਦੇ ਹਨ ਅਤੇ ਯਤਨ ਕਰਨਗੇ ਕਿ ਸਾਰੀਆਂ ਸੰਪਰਦਾਵਾਂ ਤੇ ਸੰਸਥਾਵਾਂ ਵੱਲੋਂ ਪਰਗਟਾਏ ਭਰੋਸੇ ਉੱਤੇ ਉਹ ਖਰਾ ਉਤਰ ਸਕਣ।

# ਹਿਮਾਚਲ ਵਾਸੀ ਬੇਖ਼ੌਫ ਹੋ ਕੇ ਪੰਜਾਬ ਆਉਣ ਅਤੇ ਪੰਜਾਬ ਵਾਸੀ ਬੇਖ਼ੌਫ ਹੋ ਕੇ ਹਿਮਾਚਲ ਜਾਣ: ਜਥੇਦਾਰ ਗਿਆਨੀ ਕੁਲਦੀਪ ਸਿੰਘ

## ਹਿਮਾਚਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਵਫ਼ਦ ਨੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਨਾਲ ਕੀਤੀ ਮੁਲਾਕਾਤ



ਅੰਮ੍ਰਿਤਸਰ : ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿਚਾਲੇ ਚੱਲ ਰਹੇ ਤਣਾਅ ਵਾਲੇ ਮਾਹੌਲ ਦੌਰਾਨ ਅੱਜ ਹਿਮਾਚਲ ਦੇ ਹਮੀਰਪੁਰ ਖੇਤਰ ਵਿੱਚ ਬਡਸਰ ਸਥਿਤ ਸਰਕਾਰੀ ਕਾਲਜ ਦੇ ਲਗਪਗ ਪੰਜਾਹ ਵਿਦਿਆਰਥੀ ਅਤੇ ਅਧਿਆਪਕ ਇੱਥੇ ਹਰਿਮੰਦਰ ਸਾਹਿਬ ਪੁੱਜੇ। ਵਫ਼ਦ ਨੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਗਿਆਨੀ ਗੜਗੱਜ ਨੇ ਦੋਵੇਂ ਸੂਬਿਆਂ ਵਿੱਚ ਆਪਸੀ ਪਿਆਰ, ਭਾਈਚਾਰਕ ਸਾਂਝ ਤੇ ਸਦਭਾਵਨਾ ਵਧਾਉਣ ਦਾ ਸੰਦੇਸ਼ ਦਿੱਤਾ ਹੈ। ਵਿਦਿਆਰਥੀਆਂ ਦਾ ਇਹ ਵਫ਼ਦ ਤਿੰਨ ਦਿਨਾਂ ਤੋਂ ਪੰਜਾਬ ਦੌਰੇ ’ਤੇ ਹੈ ਅਤੇ ਲੁਧਿਆਣਾ ਹੁੰਦੇ ਹੋਏ ਇਹ ਅੱਜ ਇੱਥੇ ਅੰਮ੍ਰਿਤਸਰ ਪੁੱਜਿਆ। ਉਨ੍ਹਾਂ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਬਾਅਦ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਇੱਥੇ ਸਕੱਤਰੇਤ ਵਿੱਚ ਮੁਲਾਕਾਤ ਕੀਤੀ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਦੱਸਿਆ ਕਿ ਜਦੋਂ ਹਿਮਾਚਲ ਤੋਂ ਪੰਜਾਬ ਟੂਰ ਲਈ ਚੱਲੇ ਸਨ ਤਾਂ ਉਨ੍ਹਾਂ ਨੂੰ ਇਹ ਕਹਿ ਕੇ ਡਰਾਇਆ ਗਿਆ ਸੀ ਕਿ ਪੰਜਾਬ ਵਿੱਚ ਹਾਲਾਤ ਬਹੁਤ ਖਰਾਬ ਹਨ। ਉਨ੍ਹਾਂ ਦੇਖਿਆ ਕਿ ਇੱਥੇ ਹਾਲਾਤ ਠੀਕ ਹਨ ਅਤੇ ਕਿਸੇ ਵੀ ਹਿਮਾਚਲ ਵਾਸੀ ਨੂੰ ਕੋਈ ਡਰ ਜਾਂ ਖਤਰਾ ਨਹੀਂ ਹੈ। ਉਨ੍ਹਾਂ ਹਿਮਾਚਲ ਵਾਸੀਆਂ ਨੂੰ ਸੰਦੇਸ਼ ਦਿੱਤਾ ਕਿ ਉਹ ਬੇਖੌਫ਼ ਪੰਜਾਬ ਆਉਣ ਅਤੇ ਪੰਜਾਬ ਵਾਸੀਆਂ ਨੂੰ ਆਖਿਆ ਕਿ ਉਹ ਵੀ ਬੇਖੌਫ ਹੋ ਕੇ ਹਿਮਾਚਲ ਜਾਣ। ਇਸ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਵਫ਼ਦ ਨੂੰ ਭਰੋਸਾ ਦਿੱਤਾ ਹੈ ਕਿ ਉਹ ਪੰਜਾਬ ਵਿੱਚ ਪੂਰੀ ਤਰ੍ਹਾਂ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀ ਮਾਹੌਲ ਨੂੰ ਵਿਗਾੜਨਾ ਚਾਹੁੰਦੇ ਹਨ, ਜਿਨ੍ਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਇਨ੍ਹਾਂ ਵਿੱਚ ਸਿਆਸਤਦਾਨ ਤੇ ਸਰਕਾਰਾਂ ਵੀ ਸ਼ਾਮਲ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਹਿਮਾਚਲ ਜਾਣ ਵਾਲੇ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨਾਲ ਕੋਈ ਹਿਮਾਚਲ ਵਾਸੀ ਮਾੜਾ ਵਤੀਰਾ ਨਾ ਕਰੇ। ਅਜਿਹੇ ਮਾਮਲੇ ਵਿੱਚ ਪ੍ਰਸ਼ਾਸਨ ਕਾਨੂੰਨ ਮੁਤਾਬਕ ਕਾਰਵਾਈ ਕਰ ਸਕਦਾ ਹੈ ਪਰ ਕਿਸੇ ਆਮ ਵਿਅਕਤੀ ਨੂੰ ਕਾਨੂੰਨ ਨੂੰ ਆਪਣੇ ਹੱਥ ਵਿੱਚ ਨਹੀਂ ਲੈਣਾ ਚਾਹੀਦਾ।

# ਜਥੇਦਾਰ ਗੜਗੱਜ ਵੱਲੋਂ ਮੌੜ ਮੰਡੀ ਬੰਬ ਧਮਾਕੇ ਦੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ

## ਮੁਲਜ਼ਮਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦੇਣ ਦੀ ਮੰਗ



ਅੰਮ੍ਰਿਤਸਰ : ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 2017 ਵਿੱਚ ਹੋਏ ਮੌੜ ਮੰਡੀ ਬੰਬ ਧਮਾਕੇ ਦੇ ਉਨ੍ਹਾਂ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਪੀੜਤ ਪਰਿਵਾਰਾਂ ਨੇ ਜਥੇਦਾਰ ਨਾਲ ਸਮੁੱਚੀ ਘਟਨਾ ਦੇ ਵੇਰਵੇ ਸਾਂਝੇ ਕੀਤੇ ਕਿ ਕਿਵੇਂ 31 ਜਨਵਰੀ 2017 ਨੂੰ ਉਨ੍ਹਾਂ ਦੇ ਮੁਹੱਲੇ ਵਿੱਚ ਸਿਆਸੀ ਰੈਲੀ ਦੇ ਦੌਰਾਨ ਬੰਬ ਧਮਾਕਾ ਹੋਇਆ। ਇਸ ਵਿੱਚ ਪੰਜ ਬੱਚਿਆਂ ਸਣੇ ਸੱਤ ਵਿਅਕਤੀ ਮਾਰੇ ਗਏ। ਪਰਿਵਾਰਾਂ ਨੇ ਦੱਸਿਆ ਕਿ ਲੰਮੇ ਸੰਘਰਸ਼ ਦੇ ਬਾਵਜੂਦ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਹਾਲੇ ਤੱਕ ਇਸ ਸਬੰਧੀ ਕੋਈ ਗ੍ਰਿਫ਼ਤਾਰੀ ਵੀ ਨਹੀਂ ਹੋਈ। ਜਥੇਦਾਰ ਨੇ ਸਮੂਹ ਧਰਮਾਂ ਦੇ ਇਨਸਾਫ਼ਪਸੰਦ ਲੋਕਾਂ ਨੂੰ ਇਸ ਸਬੰਧੀ ਆਵਾਜ਼ ਉਠਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਇਸ ਕੇਸ ਨਾਲ ਸਬੰਧਤ ਜਾਂਚ ਰਿਪੋਰਟਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜਿਸ ਗੱਡੀ ਵਿੱਚ ਬੰਬ ਧਮਾਕਾ ਹੋਇਆ ਸੀ ਉਹ ਡੇਰਾ ਸਿਰਸਾ ਦੇ ਇੱਕ ਡੇਰੇ ਵਿੱਚ ਤਿਆਰ ਹੋਈ ਸੀ। ਉਨ੍ਹਾਂ ਸਰਕਾਰਾਂ ਨੂੰ ਤਾੜਨਾ ਕੀਤੀ ਕਿ ਮੁਲਜ਼ਮਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।

# ਸੰਕਟ ਤੋਂ ਸਫਲਤਾ ਤੱਕ, ਸੁਨੀਤਾ ਵਿਲੀਅਮਜ਼

ਯੋਗੇਸ਼ ਕੁਮਾਰ

ਪੁਲਾੜ ’ਚ ਕੁੱਲ 286 ਦਿਨ ਬਿਤਾਉਣ ਤੋਂ ਬਾਅਦ ਆਖਰਕਾਰ ਭਾਰਤੀ ਮੂਲ ਦੀ ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਧਰਤੀ ’ਤੇ ਵਾਪਸ ਪਰਤ ਆਏ ਹਨ। ਹਾਲਾਂਕਿ ਸੁਨੀਤਾ ਅਤੇ ਬੁਚ ਦੀ ਵਾਪਸੀ 16 ਮਾਰਚ ਨੂੰ ਹੋਣੀ ਸੀ ਪਰ ਉਡਾਨ ਤੋਂ ਕੁਝ ਮਿੰਟ ਪਹਿਲਾਂ ਹੀ 12 ਮਾਰਚ ਨੂੰ ਡਰੈਗਨ ਯਾਨ ਦੇ ਰਾਕਟ ’ਚ ਖ਼ਰਾਬੀ ਆ ਜਾਣ ਕਾਰਨ ਨਾਸਾ ਨੂੰ ਐਨ ਵਕਤ ਉਤੇ ਉਡਾਨ ਰੱਦ ਕਰਨੀ ਪਈ ਸੀ। ਉਸ ਸਮੇਂ ਨਾਸਾ ਨੇ ਦੱਸਿਆ ਸੀ ਕਿ ਪੁਲਾੜ ਯਾਨ ’ਚ ਲੱਗੇ ਰਾਕੇਟ ਦੇ ਗਰਾਊਂਡ ਸਪੋਰਟਸ ਕਲੈਂਪ ਆਰਮ ਦੇ ਹਾਈਡ੍ਰੌਲਿਕ ਸਿਸਟਮ ’ਚ ਖਰਾਬੀ ਆ ਗਈ ਸੀ। ਆਖਿਰਕਾਰ ਨਾਸਾ ਨੇ 14 ਮਾਰਚ ਨੂੰ ਡਰੈਗਨ ਨੂੰ ਫਿਰ ਲਾਂਚ ਕੀਤਾ, ਜੋ ਸਫਲਤਾਪੂਰਵਕ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐਸ.ਐਸ.) ਦੇ ਨਾਲ ਡਾਕ ਕਰਾਇਆ ਗਿਆ ਅਤੇ ਉਸ ਤੋਂ ਬਾਅਦ 18 ਮਾਰਚ ਨੂੰ ਸਵੇਰੇ 10.35 ਵਜੇ ਸਪੇਸ ਐਕਸ ਡਰੈਗਨ ਸਪੇਸਕ੍ਰਾਫਟ ਨੂੰ ਆਈ.ਐਸ.ਐਸ. ਨਾਲ ਸਫਲਤਾਪੂਰਵਕ ਅਨਡਾਕ ਕਰਦੇ ਹੋਏ ਸੁਨੀਤਾ ਅਤੇ ਬੁਚ ਦੀ ਧਰਤੀ ਵੱਲ 17 ਘੰਟੇ ਦੀ ਯਾਤਰਾ ਸ਼ੁਰੂ ਹੋਈ। ਆਖਿਰਕਾਰ ਬੇਹੱਦ ਲੰਬੇ ਇੰਤਜ਼ਾਰ ਤੋਂ ਬਾਅਦ ਦੋਵੇਂ ਪੁਲਾੜ ਯਾਤਰੀ ਸੁਨੀਤਾ ਅਤੇ ਬੁਚ ਭਾਰਤੀ ਸਮੇਂ ਅਨੁਸਾਰ 19 ਮਾਰਚ ਦੇ ਸਵੇਰ ਨੂੰ ਧਰਤੀ ’ਤੇ ਪਰਤ ਆਏ। ਇਸ ਦੇ ਨਾਲ ਹੀ ਸੁਨੀਤਾ ਵਿਲੀਅਮਜ਼ ਪੁਲਾੜ ਦੀ ਕਿਸੇ ਇਕ ਯਾਤਰਾ ’ਚ ਸਭ ਤੋਂ ਜ਼ਿਆਦਾ ਦਿਨ ਆਈ.ਐਸ.ਐਸ. ਉੱਤੇ ਬਿਤਾਉਣ ਵਾਲੀ ਤੀਸਰੀ ਔਰਤ ਵਿਗਿਆਨੀ ਬਣ ਗਈ ਹੈ। ਉਸ ਤੋਂ ਪਹਿਲਾਂ ਕ੍ਰਿਸਟੀਨਾ ਕੋਚ 328 ਦਿਨ ਅਤੇ ਪਿੱਗੀ ਵੀਟਸਨ 289 ਦਿਨ ਆਈ.ਐਸ.ਐਸ. ’ਤੇ ਬਿਤਾ ਚੁੱਕੀਆਂ ਹਨ। ਉਂਜ ਪੁਰਸ਼ ਪੁਲਾੜ ਯਾਤਰੀ ਫਰੈਂਕ ਰੂਬੀਓ ਨੇ ਆਈ.ਐਸ.ਐਸ. ’ਚ ਇਕੋ ਵਾਰ ’ਚ ਸਭ ਤੋਂ ਜ਼ਿਆਦਾ 371 ਦਿਨ ਬਿਤਾਏ ਹਨ।

ਸੁਨੀਤਾ ਵਿਲੀਅਮਜ਼ ਆਪਣੇ ਸਹਿਯੋਗੀ ਪੁਲਾੜ ਯਾਤਰੀ ਬੁਚ ਵਿਲਮੋਰ ਦੇ ਨਾਲ 5 ਜੂਨ, 2024 ਨੂੰ ਫਲੋਰੀਡਾ ਦੇ ਕੇਪ ਕੈਨਾਵੇਰਲ ਸਪੇਸ ਫੋਰਸ ਸਟੇਸ਼ਨ ਤੋਂ ਬੋਇੰਗ ਵਲੋਂ ਬਣਾਏ ‘ਸਟਾਰਲਾਈਨਰ’ ਸਪੇਸ ਕ੍ਰਾਫਟ ਜ਼ਰੀਏ ਆਈ.ਐਸ.ਐਸ. ਵੱਲ ਰਵਾਨਾ ਹੋਈ ਸੀ, ਜੋ ਲਾਂਚਿੰਗ ਦੇ ਕਰੀਬ 26 ਘੰਟੇ ਬਾਅਦ 6 ਜੂਨ ਨੂੰ ਆਈ.ਐਸ.ਐਸ. ਦੇ ਨਾਲ ਜੁੜਿਆ ਸੀ। ਉਸੇ ਨਾਲ ਉਹ ਇਕ ਨਵੇਂ ਚਾਲਕ ਦਲ ਵਾਲੇ ਪੁਲਾੜ ਯਾਨ ਦਾ ਸੰਚਾਲਣ ਅਤੇ ਪ੍ਰੀਖਣ ਕਰਨ ਵਾਲੀ ਪਹਿਲੀ ਮਹਿਲਾ ਬਣ ਗਈ ਸੀ। ਨਾਸਾ ਵਲੋਂ ਉਨ੍ਹਾਂ ਦਾ ਮਿਸ਼ਨ ਸਿਰਫ਼ 8 ਦਿਨਾਂ ਦਾ ਨਿਰਧਾਰਤ ਕੀਤਾ ਗਿਆ ਸੀ ਭਾਵ ਆਈ.ਐਸ.ਐਸ. ਉੱਤੇ 8 ਦਿਨ ਠਹਿਰਣ ਤੋਂ ਬਾਅਦ ਦੋਵੇਂ ਯਾਤਰੀਆਂ ਨੇ ਧਰਤੀ ’ਤੇ ਵਾਪਸ ਆਉਣਾ ਸੀ ਪਰ ਸਟਾਰਲਾਈਨਰ ’ਚ ਖ਼ਰਾਬੀ ਆਉਣ ਕਾਰਨ ਉਨ੍ਹਾਂ ਦੀ ਵਾਪਸੀ ਅਜਿਹੀ ਰੁਕੀ ਕਿ ਉਹ ਰੁਕਦੀ-ਰੁਕਦੀ 9 ਮਹੀਨੇ ਤੋਂ ਵੀ ਜ਼ਿਆਦਾ ਲੰਬੀ ਹੋ ਗਈ। 5 ਜੂਨ ਨੂੰ ਧਰਤੀ ਤੋਂ ਰਵਾਨਾ ਹੋਇਆ ਸਟਾਰਲਾਈਨਰ ਉਡਾਨ ਦੌਰਾਨ ਜਦੋਂ ਆਈ.ਐਸ.ਐਸ. ਦੇ ਕਰੀਬ ਪਹੁੰਚਿਆ ਸੀ, ਉਦੋਂ ਹੀ ਉਸ ਵਿਚ ਸਮੱਸਿਆਵਾਂ ਪੈਦਾ ਹੋ ਗਈਆਂ ਸਨ, ਕਿਉਂਕਿ ਪੁਲਾੜ ’ਚ ਵੈਕਿਊਮ ਹੁੰਦਾ ਹੈ, ਅਜਿਹੇ ’ਚ ਥ੍ਰਸਟਰਸ ਪੁਲਾੜ ਯਾਨ ਨੂੰ ਦਿਸ਼ਾ ਦੇਣ ਦਾ ਕੰਮ ਕਰਦੇ ਹਨ ਅਤੇ ਸਟਾਰਲਾਈਨਰ ਦੇ 5 ਥ੍ਰਸਟਰਸ ਬੰਦ ਹੋ ਗਏ ਸਨ। ਇਸ ਤੋਂ ਇਲਾਵਾ ਪੁਲਾੜ ਦਾ ਹੀਲੀਅਮ ਵੀ ਲਗਾਤਾਰ ਲੀਕ ਹੋ ਰਿਹਾ ਸੀ। ਸਟਾਰਲਾਈਨਰ ’ਚ ਖ਼ਰਾਬੀ ਦਾ ਸਿਲਸਿਲਾ ਲਗਾਤਾਰ ਵਧਦਾ ਗਿਆ ਅਤੇ ਅਗਲੇ ਕੁਝ ਮਹੀਨਿਆਂ ’ਚ ਉਸ ਵਿਚ ਤਕਨੀਕੀ ਖਾਮੀਆਂ ਏਨੀਆਂ ਵਧ ਗਈਆਂ ਸਨ ਕਿ ਇਨ੍ਹਾਂ ਗੜਬੜੀਆਂ ਦੇ ਚਲਦਿਆਂ ਪੁਲਾੜ ਯਾਤਰੀਆਂ ਨੂੰ ਉਸ ਰਾਹੀਂ ਵਾਪਸ ਲਿਆਉਣਾ ਅਸੰਭਵ ਹੋ ਗਿਆ ਸੀ। ਦਰਅਸਲ ਸਟਾਰਲਾਈਨਰ ’ਚ ਲਗਾਤਾਰ ਲੀਕ ਹੋ ਰਹੀ ਹੀਲੀਅਮ ਤੋਂ ਇਲਾਵਾ ਉਸ ਵਿਚ ਅਜਿਹੀਆਂ ਤਕਨੀਕੀ ਸਮੱਸਿਆਵਾਂ ਵੀ ਪੈਦਾ ਹੋ ਗਈਆਂ ਸਨ, ਜਿਨ੍ਹਾਂ ਦੇ ਚਲਦਿਆਂ ਉਸ ਦਾ ਵਾਯੂਮੰਡਲ ’ਚ ਦਾਖ਼ਲ ਹੋਣਾ ਬੇਹੱਦ ਖ਼ਤਰਨਾਕ ਹੋ ਸਕਦਾ ਸੀ। ਇਹੀ ਕਾਰਨ ਰਿਹਾ ਕਿ ਉਸ ਦੌਰਾਨ ਦੋਵਾਂ ਪੁਲਾੜ ਯਾਤਰੀਆਂ ਦੀ ਵਾਪਸੀ ਦੀ ਯੋਜਨਾ ਟਾਲਣੀ ਪਈ ਸੀ ਅਤੇ ਕਾਫ਼ੀ ਸਮਾਂ ਬੀਤ ਜਾਣ ਤੋਂ ਬਾਅਦ ਨਾਸਾ ਨੇ ਸੁਨੀਤਾ ਅਤੇ ਬੁਚ ਦੀ ਵਾਪਸੀ ਲਈ ਸਟਾਰਲਾਈਨਰ ਦੇ ਬਦਲ ਲੱਭਣ ਦਾ ਕੰਮ ਸ਼ੁਰੂ ਕੀਤਾ। ਆਖ਼ਿਰਕਾਰ ਨਾਸਾ ਵਲੋਂ ਇਹ ਅੰਤਿਮ ਫ਼ੈਸਲਾ ਲਿਆ ਗਿਆ ਕਿ ਨਾਸਾ ਸੁਨੀਤਾ ਅਤੇ ਬੁਚ ਨੂੰ ਵਾਪਸ ਲਿਆਉਣ ਲਈ ਐਲਨ ਮਸਕ ਦੀ ਕੰਪਨੀ ਸਪੇਸ ਐਕਸ ਦੀ ਵਰਤੋਂ ਕਰੇਗੀ।

ਉਂਜ ਸੁਨੀਤਾ ਦੇ ਲਈ ਇਹ ਪਹਿਲਾ ਅਜਿਹਾ ਮੌਕਾ ਨਹੀਂ ਹੈ, ਜਦੋਂ ਉਹ ਇਸ ਤਰ੍ਹਾਂ ਲੰਬੀ ਮਿਆਦ ਲਈ ਆਈ.ਐਸ.ਐਸ. ’ਤੇ ਅਟਕੀ ਹੋਵੇ, ਬਲਕਿ ਉਸ ਦੀ ਨਿਰਧਾਰਤ ਕੀਤੀ ਗਈ ਵਾਪਸੀ ਪਹਿਲੀ ਪੁਲਾੜ ਯਾਤਰਾ ਦੇ ਦੌਰਾਨ ਵੀ ਲਟਕ ਗਈ ਸੀ, ਉਦੋਂ ਵੀ ਉਹ ਛੇ ਮਹੀਨੇ ਤੋਂ ਜ਼ਿਆਦਾ ਸਮੇਂ ਤੱਕ ਆਈ.ਐਸ.ਐਸ. ’ਤੇ ਹੀ ਰਹੀ ਸੀ। ਧਿਆਨ ਦੇਣ ਯੋਗ ਹੈ ਕਿ ਜਦੋਂ ਨਾਸਾ ਆਈ.ਐਸ.ਐਸ. ਦੀ ਯਾਤਰਾ ਲਈ ‘ਅਟਲਾਂਟਿਸ’ ਨਾਮੀ ਪੁਲਾੜ ਯਾਨ ਦਾ ਇਸਤੇਮਾਲ ਕਰ ਰਿਹਾ ਸੀ ਤਾਂ ਕੈਨੇਡੀ ਸਪੇਸ ਸੈਂਟਰ ਤੋਂ ਉਡਾਨ ਭਰਨ ਤੋਂ ਬਾਅਦ ‘ਅਟਲਾਂਟਿਸ’ ਦੇ ਬਾਹਰੀ ਸੁਰੱਖਿਆ ਕਵਚ ’ਚ ਦਰਾੜ ਆ ਗਈ ਸੀ। ਇਹੀ ਨਹੀਂ, ਉਸ ਤੋਂ ਬਾਅਦ ਪੁਲਾੜ ਕੇਂਦਰ ਦੇ ਕੰਪਿਊਟਰਾਂ ’ਚ ਵੀ ਖ਼ਰਾਬੀ ਆ ਗਈ ਸੀ। ਉਸ ਦੌਰਾਨ ਆਈ.ਐਸ.ਐਸ. ’ਤੇ ਸੋਲਰ ਪੈਨਲਾਂ ਦੀ ਚਾਰ ਵਾਰ ਮੁਰੰਮਤ ਕਰਨ ਦੀ ਕੋਸ਼ਿਸ਼ ਹੋਈ ਸੀ। ਉਨ੍ਹਾਂ ਸਾਰੀਆਂ ਤਕਨੀਕੀ ਖਾਮੀਆਂ ਨੂੰ ਠੀਕ ਕਰਨ ਤੋਂ ਬਾਅਦ ਹੀ ਨਾਸਾ ਸੁਨੀਤਾ ਵਿਲੀਅਮਜ਼ ਨੂੰ ਅਟਲਾਂਟਿਕ ਦੇ ਹੀ ਜ਼ਰੀਏ ਵਾਪਸ ਲਿਆਉਣ ’ਚ ਸਫਲ ਹੋਇਆ ਸੀ ਅਤੇ ਹੁਣ ਇਕ ਵਾਰ ਫਿਰ 9 ਮਹੀਨੇ ਤੋਂ ਜ਼ਿਆਦਾ ਲੰਬੇ ਸਮੇਂ ਤੋਂ ਬਾਅਦ ਹੀ ਸਹੀ, ਸੁਨੀਤਾ ਦੀ ਧਰਤੀ ’ਤੇ ਵਾਪਸੀ ਦੇ ਨਾਲ ਹੀ ਪੂਰੀ ਦੁਨੀਆ ’ਚ ਜਸ਼ਨ ਦਾ ਮਾਹੌਲ ਪੈਦਾ ਹੋਇਆ ਹੈ।

ਪੁਲਾੜ ’ਚ ਰਹਿੰਦੇ ਹੋਏ ਸੁਨੀਤਾ ਕਈ ਮਹੱਤਵਪੂਰਨ ਰਿਕਾਰਡ ਵੀ ਬਣਾ ਚੁੱਕੀ ਹੈ। ਸੁਨੀਤਾ ਦੀ ਇਸ ਵਾਰ ਆਈ.ਐਸ.ਐਸ. ਦੀ ਇਹ ਤੀਸਰੀ ਯਾਤਰਾ ਸੀ ਅਤੇ ਇਸ ਯਾਤਰਾ ਦੇ ਦੌਰਾਨ ਉਸ ਨੇ ਕੁੱਲ 11 ਘੰਟੇ 26 ਮਿੰਟ ਦੀ ‘ਸਪੇਸ ਵਾਕ’ ਵੀ ਕੀਤੀ, 16 ਜਨਵਰੀ, 2025 ਨੂੰ 6 ਘੰਟੇ ਅਤੇ 30 ਜਨਵਰੀ, 2025 ਨੂੰ 5 ਘੰਟੇ 26 ਮਿੰਟ। ਇਸ ਤੋਂ ਪਹਿਲਾਂ 2006-2007 ਅਤੇ 2012 ’ਚ ਆਈ.ਐਸ.ਐਸ. ਉੱਤੇ ਆਪਣੇ ਮਿਸ਼ਨ ਦੌਰਾਨ ਇਕ ਔਰਤ ਵਲੋਂ ਸਭ ਤੋਂ ਜ਼ਿਆਦਾ ਸੱਤ ਸਪੇਸ ਵਾਕ ਅਤੇ 50 ਘੰਟੇ, 40 ਮਿੰਟ ਪੁਲਾੜ ‘ਵਾਕ ਟਾਈਮ’ ਦਾ ਰਿਕਾਰਡ ਬਣਾਇਆ ਸੀ। 2006-07 ’ਚ 4 ਵਾਰ ’ਚ ਸੁਨੀਤਾ ਨੇ ਕੁੱਲ 29 ਘੰਟੇ, 17 ਮਿੰਟ ਅਤੇ 2012 ’ਚ ਤਿੰਨ ਵਾਰ ’ਚ ਕੁੱਲ 21 ਘੰਟੇ, 23 ਮਿੰਟ ‘ਸਪੇਸ ਵਾਕ’ ਕੀਤੀ ਸੀ। ਉਨ੍ਹਾਂ ਨੇ 16 ਦਸੰਬਰ, 2006 ਨੂੰ 7 ਘੰਟੇ, 31 ਮਿੰਟ, 31 ਜਨਵਰੀ 2007 ਨੂੰ 7 ਘੰਟੇ, 55 ਮਿੰਟ, 4 ਫਰਵਰੀ 2007 ਨੂੰ 7 ਘੰਟੇ, 11 ਮਿੰਟ, 8 ਫਰਵਰੀ 2007 ਨੂੰ 6 ਘੰਟੇ 40 ਮਿੰਟ, 30 ਅਗਸਤ, 2012 ਨੂੰ 8 ਘੰਟੇ, 17 ਮਿੰਟ, 5 ਸਤੰਬਰ, 2012 ਨੂੰ 6 ਘੰਟੇ 28 ਮਿੰਟ ਅਤੇ 1 ਨਵੰਬਰ, 2012 ਨੂੰ 6 ਘੰਟੇ, 38 ਮਿੰਟ ਪੁਲਾੜ ਦੀ ‘ਸਪੇਸਵਾਕ’ ਕੀਤੀ ਸੀ। 2012 ’ਚ ਉਹ ਆਈ.ਐਸ.ਐਸ. ਦੀ ਦੂਸਰੀ ਯਾਤਰਾ ਦੇ ਦੌਰਾਨ ਪੁਲਾੜ ’ਚ ਟ੍ਰਾਇਥਲਾਨ ਪੂਰਾ ਕਰਨ ਵਾਲੀ ਪਹਿਲੀ ਔਰਤ ਬਣੀ ਸੀ। ਉਸ ਦੌਰਾਨ ਉਸ ਨੇ ਭਾਰਤੋਲਨ ਮਸ਼ੀਨ ਦੀ ਵਰਤੋਂ ਕਰਕੇ ਇਥੇ ਤੈਰਾਕੀ ਦਾ ਯਤਨ ਕੀਤਾ ਸੀ ਅਤੇ ਹਾਨੈਰਸ ਨਾਲ ਬੱਝੇ ਹੋਏ ਟ੍ਰੇਡਮਿਲ ’ਤੇ ਵੀ ਉਹ ਦੌੜੀ ਸੀ। ਆਪਣੇ ਪਿਛਲੇ ਮਿਸ਼ਨ ਦੌਰਾਨ ਉਹ ਭਗਵਾਨ ਗਣੇਸ਼ ਦੀ ਮੂਰਤੀ ਅਤੇ ਭਗਵਤ ਗੀਤਾ ਵੀ ਪੁਲਾੜ ’ਚ ਲੈ ਗਈ ਸੀ।



ਸੁਨੀਤਾ ਦਾ ਪਹਿਲਾ ਪੁਲਾੜ ਮਿਸ਼ਨ 9 ਦਸੰਬਰ, 2006 ਨੂੰ ਸ਼ੁਰੂ ਹੋਇਆ ਸੀ, ਜਦੋਂ ਨਾਸਾ ’ਚ ਐਸ.ਟੀ.ਐਸ.-116 ਦੇ ਚਾਲਕ ਦਲ ਨਾਲ ਆਪਣਾ ਪੁਲਾੜ ਯਾਨ ਛੱਡਿਆ ਗਿਆ ਸੀ, ਜੋ 11 ਦਸੰਬਰ, 2006 ਨੂੰ ਆਈ.ਐਸ.ਐਸ. ਨਾਲ ਜੁੜਿਆ ਸੀ। ਸੁਨੀਤਾ ਨੇ ਉਸ ਮਿਸ਼ਨ ’ਚ ਚਾਲਕ ਦਲ ਦੇ ਮੈਂਬਰ ਦੇ ਰੂਪ ’ਚ ਫਲਾਈਟ ਇੰਜੀਨੀਅਰ ਦੇ ਰੂਪ ਵਿਚ ਕੰਮ ਕੀਤਾ ਸੀ। ਪੁਲਾੜ ਯਾਨ ’ਚ ਸਵਾਰ ਹੋਣ ਦੇ ਦੌਰਾਨ ਉਸ ਨੇ 29 ਘੰਟੇ ਅਤੇ 17 ਮਿੰਟ ਦੀ ਵਾਧੂ ਸਰਗਰਮੀ ਨਾਲ ਚਾਰ ਪੁਲਾੜ ’ਚ ਚਹਿਲਕਦਮੀਆਂ ਕਰਕੇ ਔਰਤਾਂ ਲਈ ਵਿਸ਼ਵ ਰਿਕਾਰਡ ਸਥਾਪਿਤ ਕੀਤਾ ਸੀ, ਜਿਸ ਨਾਲ 2008 ’ਚ ਪੁਲਾੜ ਯਾਤਰੀ ਪੈਗੀ ਵਹਿਟਸਨ ਨੇ ਕੁੱਲ ਪੰਜ ਪੁਲਾੜ ਚਹਿਲਕਦਮੀਆਂ ਕਰਕੇ ਤੋੜਿਆ ਸੀ। ਆਪਣੇ ਪਹਿਲੇ ਪੁਲਾੜ ਮਿਸ਼ਨ ’ਚ ਚਾਲਕ ਦਲ ਦੇ ਮੈਂਬਰਾਂ ਦੇ ਰੂਪ ਵਿਚ ਆਪਣਾ ਫ਼ਰਜ਼ ਪੂਰਾ ਕਰਕੇ ਉਹ 22 ਜੂਨ, 2007 ਨੂੰ ਕੈਲੀਫੋਰਨੀਆ ਦੇ ਐਡਵਰਡਜ਼ ਏਅਰਫੋਰਸ ਅੱਡੇ ’ਤੇ ਉਤਰਨ ਲਈ ਐਸ.ਟੀ.ਐਸ. 117 ਚਾਲਕ ਦਲ ਨਾਲ ਧਰਤੀ ’ਤੇ ਵਾਪਸ ਪਰਤ ਆਈ ਸੀ।

ਸੁਨੀਤਾ ਦਾ ਦੂਸਰਾ ਪੁਲਾੜ ਮਿਸ਼ਨ 14 ਜੁਲਾਈ, 2012 ਨੂੰ ਸ਼ੁਰੂ ਹੋਇਆ ਸੀ ਅਤੇ ਉਸ ਦਾ ਯਾਨ 17 ਜੁਲਾਈ, 2012 ਨੂੰ ਆਈ.ਐਸ.ਐਸ. ਨਾਲ ਜੁੜਿਆ ਸੀ। ਦੂਸਰੇ ਪੁਲਾੜ ਮਿਸ਼ਨ ਦੌਰਾਨ ਉਨ੍ਹਾਂ ਨੇ ਪਰਿਕਰਮਾ ਕਰਨ ਵਾਲੀ ਪ੍ਰਯੋਗਸ਼ਾਲਾ ’ਚ ਖੋਜ ’ਚ ਕਰੀਬ ਚਾਰ ਮਹੀਨੇ ਬਿਤਾਏ ਸਨ ਅਤੇ ਪੁਲਾੜ ’ਚ ਕੁੱਲ 127 ਦਿਨ ਬਿਤਾਉਣ ਤੋਂ ਬਾਅਦ ਉਹ 18 ਨਵੰਬਰ, 2012 ਨੂੰ ਕਜ਼ਾਕਿਸਤਾਨ ’ਚ ਵਾਪਸ ਉੱਤਰੀ ਸੀ। ਆਪਣੀ ਦੂਸਰੀ ਪਾਰੀ ’ਚ ਉਹ ਆਈ.ਐਸ.ਐਸ. ’ਚ 195 ਦਿਨ ਤੱਕ ਰਹੀ ਸੀ ਅਤੇ ਉਸ ਦੇ ਨਾਲ ਉਸ ਨੇ ਏਨੇ ਲੰਬੇ ਸਮੇਂ ਤੱਕ ਆਈ.ਐਸ.ਐਸ. ’ਤੇ ਰਹਿਣ ਦਾ ਰਿਕਾਰਡ ਬਣਾਇਆ ਸੀ। ਉਸ ਤੋਂ ਪਹਿਲਾਂ ਇਹ ਰਿਕਾਰਡ ਸ਼ੈਨੋਨ ਲਿਉਸਿਡ ਦੇ ਨਾਂਅ ਦਰਜ ਸੀ, ਜਿਸ ਨੇ ਆਈ.ਐਸ.ਐਸ. ’ਚ 188 ਦਿਨ 4 ਘੰਟੇ ਬਿਤਾਏ ਸਨ। ਆਪਣੇ ਪਹਿਲੇ ਅਤੇ ਦੂਸਰੇ ਪੁਲਾੜ ਮਿਸ਼ਨ ’ਚ ਸੁਨੀਤਾ ਕੁੱਲ 321 ਦਿਨ 17 ਘੰਟੇ, 15 ਮਿੰਟ ਤੱਕ ਪੁਲਾੜ ’ਚ ਰਹੀ ਸੀ। ਉਸ ਨੇ ਸਿਰਫ਼ ਪੁਲਾੜ ’ਚ ਸਭ ਤੋਂ ਲੰਬੇ ਸਮੇਂ ਤੱਕ ਰੁਕਣ ਦਾ ਰਿਕਾਰਡ ਬਣਾਇਆ ਸੀ। ਦਰਅਸਲ ਆਪਣੇ ਤੀਸਰੇ ਪੁਲਾੜ ਮਿਸ਼ਨ ਦੌਰਾਨ ਭਾਵੇਂ ਸੁਨੀਤਾ ਦੀ ਧਰਤੀ ’ਤੇ ਵਾਪਸੀ ਨੂੰ ਲੈ ਕੇ ਬੇਯਕੀਨੀ ਬਣੀ ਰਹੀ, ਪਰ ਫਿਰ ਵੀ ਇਸ ਯਾਤਰਾ ਦੌਰਾਨ ਸੁਨੀਤਾ ਵਿਲੀਅਮਜ਼ ਦੇ ਨਾਂਅ ਕਈ ਨਵੀਆਂ ਪ੍ਰਾਪਤੀਆਂ ਦਰਜ ਹੋਈਆਂ ਹਨ।





# ਸਿੱਖਸ ਆਫ ਅਮੈਰਿਕਾ ਨੇ ਕੀਤਾ ਮੁਸਲਿਮ ਭਾਈਚਾਰੇ ਲਈ ਖਾਸ ਉਪਰਾਲਾ

## ਰੋਜ਼ਾ ਖੁੱਲਣ 'ਤੇ ਕੀਤਾ ਸਭਨਾਂ ਲਈ ਵਿਸ਼ੇਸ਼ ਇਫ਼ਤਾਰੀ ਦਾ ਪ੍ਰਬੰਧ

ਵਾਸ਼ਿੰਗਟਨ, (ਰਾਜ ਗੋਗਨਾ) : ਸਿੱਖਸ ਆਫ ਅਮੈਰਿਕਾ, ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਭਾਵੇਂ ਦੁਨੀਆਂ ਭਰ ਵਿਚ ਸਿੱਖ ਭਾਈਚਾਰੇ ਦੀ ਚੜ੍ਹਦੀ ਕਲਾ ਲਈ ਕਾਰਜ ਕਰਦੀ ਰਹਿੰਦੀ ਹੈ। ਪਰ ਗੁਰੂ ਸਾਹਿਬ ਦੇ ਸੰਦੇਸ਼ ਅਨੁਸਾਰ ਸਰਬੱਤ ਦੇ ਭਲੇ ਦੇ ਸਿਧਾਂਤਾਂ ਉੱਤੇ ਚੱਲਦਿਆਂ ਕਈ ਅਜਿਹੇ ਕਾਰਜ ਵੀ ਕਰਦੀ ਹੈ। ਜਿਸ ਨਾਲ ਸਿੱਖ ਭਾਈਚਾਰੇ ਨੂੰ ਮਾਣ ਹੁੰਦਾ ਹੈ। ਬੀਤੇ ਦਿਨ ਸਿੱਖਸ ਆਫ ਅਮੈਰਿਕਾ ਵਲੋਂ ਲੁਧਿਆਣਾ ਪੰਜਾਬ ਦੇ ਪਿੰਡ ਖਾਲੀ ਕਲਾਂ ਵਿਚ ਹਜ਼ਰਤ ਫਾਤਿਮਾ ਮਸਜ਼ਿਦ 'ਚ ਰੋਜ਼ਾ ਰੱਖਣੇ ਵਾਲੇ ਮੁਸਲਿਮ ਭਾਈਚਾਰੇ ਲਈ ਇਫ਼ਤਾਰੀ ਦਾ ਪ੍ਰਬੰਧ ਕੀਤਾ ਗਿਆ। ਇਸ ਵਿਚ ਬੱਚੇ, ਨੌਜਵਾਨ, ਬੀਬੀਆਂ ਅਤੇ ਬਜ਼ੁਰਗ ਮੁਸਲਮਾਨ ਸ਼ਾਮਿਲ ਸਨ। ਇਸ ਇਫ਼ਤਾਰੀ ਵਿਚ ਬਹੁਤ ਹੀ ਲਜ਼ੀਜ਼ ਪਕਵਾਨ ਸ਼ਾਮਿਲ ਕੀਤੇ ਗਏ। ਇਸ ਵਿਲੱਖਣ ਉੱਦਮ ਲਈ ਮੁਸਲਿਮ ਭਾਈਚਾਰੇ ਵਲੋਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ ਅਤੇ ਹਰ ਪਾਸੇ ਸੰਸਥਾ ਦੇ ਇਸ ਭਾਈਚਾਰਕ ਸਾਂਝ ਦਾ ਸੰਦੇਸ਼ ਦੇਣ ਵਾਲੇ ਉਪਰਾਲੇ ਦੀ ਚਰਚਾ ਹੈ।





# 'ਬਲੋਚਿਸਤਾਨ ਦੀ ਧੀ' ਵਜੋਂ ਜਾਣੀ ਜਾਂਦੀ ਮਹਿਰੰਗ ਬਲੋਚ ਨੂੰ ਪਾਕਿ ਨੇ ਐਲਾਨਿਆ 'ਅੱਤਵਾਦੀ'

ਅੰਮ੍ਰਿਤਸਰ : ਪਾਕਿਸਤਾਨ ਨੇ 2025 ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਬਲੋਚਿਸਤਾਨ ਦੀ ਮਨੁੱਖੀ ਅਧਿਕਾਰ ਕਾਰਕੁਨ ਅਤੇ 'ਬਲੋਚਿਸਤਾਨ ਦੀ ਧੀ' ਵਜੋਂ ਜਾਣੀ ਜਾਂਦੀ ਡਾ: ਮਹਿਰੰਗ ਬਲੋਚ 'ਤੇ ਅੱਤਵਾਦ ਦਾ ਦੋਸ਼ ਲਗਾਉਂਦੇ ਹੋਏ ਕੇਸ ਦਾਇਰ ਕੀਤਾ ਹੈ। ਜਾਣਕਾਰੀ ਅਨੁਸਾਰ ਬਲੋਚ ਯਕਜਿਹਤੀ ਕਮੇਟੀ (ਬੀ. ਵਾਈ. ਸੀ.) ਦੀ ਮੁੱਖ ਆਯੋਜਕ ਡਾ: ਮਹਿਰੰਗ ਬਲੋਚ ਅਤੇ 150 ਹੋਰ ਲੋਕਾਂ ਦੇ ਖ਼ਿਲਾਫ਼ ਕੋਇਟਾ ਪੁਲਿਸ ਨੇ ਐੱਫ. ਆਈ. ਆਰ. ਦਰਜ ਕੀਤੀ ਹੈ। ਦਰਜ ਕੀਤੀ ਗਈ ਰਿਪੋਰਟ 'ਚ ਅੱਤਵਾਦ ਵਿਰੋਧੀ ਐਕਟ ਅਤੇ ਪਾਕਿਸਤਾਨ ਪੀਨਲ ਕੋਡ ਦੀਆਂ ਧਾਰਾਵਾਂ ਤਹਿਤ ਦੋਸ਼ ਲਗਾਏ ਗਏ ਹਨ। ਦੋਸ਼ਾਂ 'ਚ ਅੱਤਵਾਦ, ਕਤਲ ਅਤੇ ਕਤਲ ਦੀ ਕੋਸ਼ਿਸ਼, ਹਿੰਸਾ ਅਤੇ ਬਗ਼ਾਵਤ ਨੂੰ ਭੜਕਾਉਣ, ਗੜਬੜ ਪੈਦਾ ਕਰਨ, ਨਸਲੀ ਨਫ਼ਰਤ ਨੂੰ ਉਤਸ਼ਾਹਿਤ ਕਰਨ ਅਤੇ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਵਰਗੇ ਅਪਰਾਧ ਸ਼ਾਮਿਲ ਹਨ। ਸਰਯਾਬ ਪੁਲਿਸ ਸਟੇਸ਼ਨ 'ਚ ਦਰਜ ਰਿਪੋਰਟ ਅਨੁਸਾਰ ਡਾ: ਬਲੋਚ ਨੂੰ ਪਬਲਿਕ ਆਰਡਰ ਆਰਡੀਨੈਂਸ ਦੀ ਧਾਰਾ 3 ਤਹਿਤ ਕੋਇਟਾ ਡਿਸਟ੍ਰਿਕਟ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ ਹੈ। ਇਸ ਦੌਰਾਨ ਬਲੋਚਿਸਤਾਨ ਦੀ ਰਾਜਧਾਨੀ ਕੋਇਟਾ ਅਤੇ ਆਸ-ਪਾਸ ਦੇ ਇਲਾਕਿਆਂ 'ਚ ਇੰਟਰਨੈੱਟ ਸੇਵਾਵਾਂ ਬੰਦ ਰਹੀਆਂ।



ਡਾ. ਮਹਿਰੰਗ ਬਲੋਚ

**ਕੌਣ ਹੈ ਡਾ: ਮਹਿਰੰਗ ਬਲੋਚ ?**

ਬਲੋਚ ਮਹਿਲਾ ਮਨੁੱਖੀ ਅਧਿਕਾਰ ਕਾਰਕੁਨ ਡਾ: ਮਹਿਰੰਗ ਬਲੋਚ ਨੂੰ ਇਕ ਪ੍ਰਸਿੱਧ ਵਿਦੇਸ਼ੀ ਨਿਊਜ਼ ਏਜੰਸੀ ਦੁਆਰਾ ਸਾਲ 2024 'ਚ 100 ਸਭ ਤੋਂ ਪ੍ਰਭਾਵਸ਼ਾਲੀ ਅਤੇ ਪ੍ਰੇਰਣਾਦਾਇਕ ਔਰਤਾਂ 'ਚ ਸ਼ਾਮਿਲ ਕੀਤਾ ਗਿਆ ਸੀ। ਟਾਈਮ ਮੈਗਜ਼ੀਨ ਨੇ ਉਸ ਨੂੰ ਆਪਣੇ 100 ਨੈਕਸਟ ਐਮਰਜਿੰਗ ਲੀਡਰਾਂ 'ਚੋਂ ਇਕ ਵਜੋਂ ਸ਼ਾਮਿਲ ਕੀਤਾ। ਡਾ: ਬਲੋਚ ਲੋਕਾਂ ਦੇ ਅਧਿਕਾਰਾਂ ਲਈ ਅਤੇ ਬਲੋਚਿਸਤਾਨ 'ਚ ਪਾਕਿਸਤਾਨੀ ਅਧਿਕਾਰੀਆਂ, ਖ਼ਾਸ ਤੌਰ 'ਤੇ ਫ਼ੌਜ, ਪੁਲਿਸ ਅਤੇ ਖ਼ੁਫ਼ੀਆ ਏਜੰਸੀਆਂ ਦੁਆਰਾ ਕੀਤੇ ਗਏ ਪ੍ਰਣਾਲੀਗਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਮੁਹਿੰਮ ਚਲਾ ਰਹੀ ਹੈ।

# ਸਿੰਘ ਸਾਹਿਬਾਨ ਦੀ ਮੁੜ ਬਹਾਲੀ ਲਈ ਅੰਮ੍ਰਿਤਸਰ ਵਿਖੇ 28 ਦੇ ਰੋਸ ਧਰਨੇ 'ਚ ਸੰਗਤਾਂ ਨੂੰ ਪਹੁੰਚਣ ਦਾ ਸੱਦਾ

ਜਲੰਧਰ : ਜਲੰਧਰ-ਪਠਾਨਕੋਟ ਕੌਮੀ ਸ਼ਾਹ ਮਾਰਗ 'ਤੇ ਸਥਿਤ ਇਤਿਹਾਸਕ ਗੁਰਦੁਆਰਾ ਬਾਬੇ ਸ਼ਹੀਦਾਂ ਸਰਮਸਤਪੁਰ (ਬਰਾਂਚ ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ) ਵਿਖੇ ਸਿੱਖ ਕੌਮ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਪਰਮਿੰਦਰ ਸਿੰਘ ਢੀਂਡਸਾ, ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ, ਸੁੱਚਾ ਸਿੰਘ ਛੋਟੇਪੁਰ, ਸਤਵਿੰਦਰ ਸਿੰਘ ਟੌਹੜਾ ਅਤੇ ਹੋਰ ਬਹੁਤ ਸਾਰੇ ਆਗੂਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਬਾਅਦ 'ਚ ਮੀਟਿੰਗ ਦੀ ਕਾਰਵਾਈ ਬਾਰੇ ਗੱਲਬਾਤ ਕਰਦਿਆਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਦੱਸਿਆ ਕਈ ਸਾਲ ਪਹਿਲਾਂ ਅਦਾਲਤ ਨੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਨ ਲਈ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੀ ਕਾਰਜਕਾਰਨੀ ਨੂੰ ਆਰਜ਼ੀ ਮਾਨਤਾ ਦਿੱਤੀ। ਪਰ ਇਸ ਕਾਰਜਕਾਰਨੀ ਵਲੋਂ ਤਿੰਨ ਤਖ਼ਤਾਂ ਦੇ ਜਥੇਦਾਰਾਂ ਨੂੰ ਜ਼ਬਰੀ ਅਹੁਦਿਆਂ ਤੋਂ ਹਟਾਏ ਜਾਣ ਅਤੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਚੋਰੀ ਛਿਪੇ ਕਰਨ ਵਾਲੀ ਪ੍ਰਕਿਰਿਆ ਨੇ ਸਿੱਖ ਪੰਥ ਦੀਆਂ ਪਰੰਪਰਾਵਾਂ ਅਤੇ ਮਰਿਆਦਾ ਦਾ ਘਾਣ ਕੀਤਾ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।



ਉਨ੍ਹਾਂ ਦੱਸਿਆ ਕਿ ਦਮਦਮੀ ਟਕਸਾਲ ਵਲੋਂ ਤਿੰਨ ਤਖਤਾਂ ਦੇ ਜਥੇਦਾਰਾਂ ਨੂੰ ਮੁੜ ਬਹਾਲ ਕਰਨ ਦੀ ਮੰਗ ਨੂੰ ਮਨਵਾਉਣ ਲਈ 28 ਮਾਰਚ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਨਜ਼ਦੀਕ ਸ਼ਾਂਤੀਪੂਰਨ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਸ਼੍ਰੋਮਣੀ ਦੇ ਮੈਂਬਰਾਂ ਨੂੰ ਮੰਗ ਪੱਤਰ ਦਿੱਤੇ ਜਾਣਗੇ ਤਾਂ ਕਿ ਉਹ ਆਪਣੀ ਜ਼ਮੀਰ ਦੀ ਆਵਾਜ਼ ਨੂੰ ਜਾਗਰਿਤ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉੱਚਤਾ ਨੂੰ ਤਿਆਗ ਕੇ ਸਿਆਸੀ ਲੋਕਾਂ ਦੀਆਂ ਦੀਆਂ ਕੱਠਪੁਤਲੀਆਂ ਨਾ ਬਣਨ। ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਅਕਾਲ ਤਖ਼ਤ ਮਹਾਨ ਹੈ ਜਿਹੜਾ ਸਿੱਖ ਪੰਥ ਦੀ ਸ਼ਾਨ ਹੈ। ਇਸ ਲਈ ਤਖ਼ਤਾਂ ਦੇ ਜਥੇਦਾਰਾਂ ਦੀ ਯੋਗਤਾ, ਨਿਯੁਕਤੀ ਅਤੇ ਸੇਵਾ ਮੁਕਤੀ ਲਈ ਵਿਧਾਨ ਵਿਧੀ ਬਣਾਉਣਾ ਸਮੇਂ ਦੀ ਲੋੜ ਹੈ। ਪੰਜਾਬ ਤੋਂ ਇਲਾਵਾ ਹੋਰ ਸੂਬਿਆਂ ਦੀਆਂ, ਵਿਦੇਸ਼ਾਂ ਵਿਚ ਰਹਿੰਦੀਆਂ ਸਿੱਖਾਂ ਸੰਗਤਾਂ, ਨਿਹੰਗ ਜਥੇਬੰਦੀਆਂ, ਪੰਥਕ ਸੰਗਠਨਾਂ ਦੇ ਨੁਮਾਇੰਦਿਆਂ ਨੂੰ ਵਿਸ਼ਵਾਸ ਵਿਚ ਲੈ ਕੇ ਵਿਧਾਨ ਵਿਧੀ ਬਣਾਈ ਜਾਵੇ। ਉਨ੍ਹਾਂ ਨੇ ਸਮੂਹ ਸਿੱਖ ਸੰਗਤ ਨੂੰ 28 ਮਾਰਚ ਨੂੰ ਅੰਮ੍ਰਿਤਸਰ ਵਿਖੇ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਪਾਰਦਰਸ਼ੀ ਢੰਗ ਨਾਲ ਨਵੀਂ ਚੋਣ ਕਰਾਉਣ ਦਾ ਪ੍ਰਬੰਧ ਕੀਤਾ ਜਾਵੇ।

# ਜੰਗ ਜਾਰੀ ਹੈ ਕਾਵਿ-ਸੰਗ੍ਰਹਿ ਦੀ ਪਿੱਠਭੂਮੀ : ਵਿਚਾਰਧਾਰਾਈ ਆਧਾਰ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਇਹ ਖਦਸ਼ਾ ਇਹ ਹੈ ਕਿ ਉਹ ਕਿਸੇ ਨੂੰ ਪੂਰੀ ਤਰ੍ਹਾਂ ਆਪਣੇ ਵਿਚਾਰ ਸਹੀ ਭਾਵਨਾ ਤੇ ਸੰਦੇਸ਼ ਨਾਲ ਪ੍ਰਸਤੁਤ ਕਰ ਪਾਉਂਦਾ ਹੈ ਕਿ ਨਹੀਂ। ਮਨੋ-ਵਿਗਿਆਨਕ ਖੇਤਰ ਵਿਚ ਇਸ ਖਦਸ਼ੇ ਨੂੰ 'ਅਲੈਕਸੀਥੀਮਿਆ' ਕਿਹਾ ਜਾਂਦਾ ਹੈ, ਜਿਸਦਾ ਸ਼ਿਕਾਰ ਅਸਲ ਵਿਚ ਬਹੁਤ ਜ਼ਿਆਦਾ ਸੰਵੇਦਨਸ਼ੀਲ ਵਿਅਕਤੀ ਹੁੰਦੇ ਹਨ। ਸੰਵੇਦਨਸ਼ੀਲ ਵਿਅਕਤੀ ਲਗਭਗ ਬਚਪਨ ਵਿਚ ਵੀ ਇਸ ਖਦਸ਼ੇ ਨੂੰ ਜੀਉਣ ਲੱਗ ਜਾਂਦਾ ਹੈ। ਸੀਰਤ ਕਾਵਿ ਦੀ ਸੰਵੇਦਨਸ਼ੀਲਤਾ 'ਪ੍ਰਤੀਸ਼ਠਾ' ਕਵਿਤਾ ਰਾਹੀਂ ਦੇਖੀ ਜਾ ਸਕਦੀ ਹੈ, ਜਿਸ ਵਿਚ ਉਹ ਸੀਰੀਯਾ ਵਿਚ ਯਤੀਮ ਹੋਏ ਬਾਲਕਾਂ ਨੂੰ ਸੰਬੋਧਿਤ ਹੁੰਦੇ ਹਨ। ਇਸ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ –

ਮਾਸੂਮ ਜਿਹਾ ਤੂੰ ਨੰਨਾ ਬਾਲਕ<br>
ਢੂੰਡ ਰਿਹਾ ਏਂ ਆਪਣੇ ਪਾਲਕ<br>
ਕਲਮੁਕੱਲਾ, ਯਤੀਮ, ਨਿਤਾਣਾ!<br>
ਪੀੜਤ ਭੀੜ 'ਚ ਇਕ ਅਨਜਾਣਾ!<br>
ਪਰ ਸੰਗ ਭੀੜ ਦੇ ਤੁਰਦਾ ਜਾਂਦੈਂ<br>
ਭੁੱਖਮਰੀ, ਬੇਸੁੱਧ ਘੜੀ ਵਿਚ<br>
ਆਪਣੇ ਆਪ 'ਚ ਖੁਰਦਾ ਜਾਂਦੈਂ!<br>
ਦਿਸ਼ਾਹੀਣ ਇਸ ਭੀੜ 'ਚ ਤੈਨੂੰ<br>
ਇਸਦੀ ਆਪਣੀਮਾਂ ਨਈਂ ਕਿਧਰੇ<br>
ਨਾ ਕਿਧਰੇ ਕੋਈ ਬਾਪ ਏ ਤੇਰਾ<br>
ਨਾ ਘਰ, ਨਾ ਪਹਿਚਾਣ ਏ ਕੋਈ<br>
ਨਾ ਕੁਈਮਜ਼ਹਬ, ਮੁਲਕ ਏ ਤੇਰਾ<br>
ਕੱਟੜਤਾ ਦੀ ਧੁੰਦ 'ਚ ਤੈਨੂੰ<br>
ਧਸਦਾ ਜਾਂਦਾ ਵੇਖ ਰਿਹਾ ਹਾਂ।

ਇਸ ਕਵਿਤਾ ਵਿਚ ਸੁਰਿੰਦਰ ਸੀਰਤ ਨੇ ਜਿਥੇ ਉਸ ਯਤੀਮ ਬੱਚੇ ਦੀ ਵੇਦਨਾ ਨੂੰ ਪੇਸ਼ ਕੀਤਾ ਹੈ, ਜੋ ਸੀਰੀਯਾ ਦੇ ਦਹਿਸ਼ਤ ਭਰੇ ਮਾਹੌਲ ਵਿਚ ਆਪਣੇ ਸਿਰ ਦਾ ਸਾਇਆ ਗਵਾ ਚੁੱਕਾ ਹੈ ਅਤੇ ਸੰਤਾਪ ਹੰਢਾ ਰਿਹਾ ਹੈ। ਉਥੇ ਦੂਜੇ ਪਾਸੇ ਸੀਰਤ ਸਰਕਾਰਾਂ ਅੰਦਰ ਫੈਲੀ ਦਵੈਸ਼ ਦੀ ਭਾਵਨਾ ਨੂੰ ਵੀ ਉਜਾਗਰ ਕਰਦਾ ਹੈ, ਜਿਸ ਵਿਚ ਉਸਨੇ ਉਨ੍ਹਾਂ ਦੇ ਮਨ ਅੰਦਰ ਘਰ ਕਰ ਚੁੱਕੀ ਨਫ਼ਰਤ ਨੂੰ ਇਕ ਅਜਿਹੀ ਅੱਗ ਦੀ ਲਾਟ ਵਾਂਗ ਪੇਸ਼ ਕੀਤਾ ਹੈ ਜਿਸ ਵਿਚ ਮਾਸੂਮ ਅਤੇ ਬੇਗੁਨਾਹ ਝੁਲਸ ਰਹੇ ਹਨ। ਕਵੀ ਇਸ ਸਾਰੇ ਦ੍ਰਿਸ਼ ਨੂੰ ਕਲਮਬੱਧ ਕਰਦਿਆਂ ਇਸਦੇ ਆਉਣ ਵਾਲੇ ਪ੍ਰਤੀਕਰਮ ਲਈ ਵੀ ਚਿੰਤਤ ਹੈ। ਇਹ ਅੱਗ ਬੱਚਿਆਂ ਦੇ ਮਨ ਅੰਦਰ ਇਸ ਤਰ੍ਹਾਂ ਧੁੱਖਦੀ ਰਹਿਣੀ ਹੈ, ਜੋ ਭਵਿੱਖ ਵਿਚ ਜਾ ਕੇ ਜਵਾਲਾਮੁਖੀ ਦਾ ਰੂਪ ਧਾਰਨ ਕਰੇਗੀ ਅਤੇ ਮਨੁੱਖੀ ਹੋਣੀ ਨੂੰ ਪਤਾ ਨਹੀਂ ਇਸਦੇ ਕਿਹੜੇ ਹੋਰ ਵਿਕਰਾਲ ਰੂਪ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਉਪਰੋਕਤ ਵਿਚਾਰ-ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ, ਸੀਰਤ ਦੀ ਹਸਤੀ ਅਤੇ ਉਸਦਾ ਕਾਵਿ ਅਸਲ ਵਿਚ ਇਕ-ਦੂਜੇ ਦੇ ਪੂਰਕ ਲਗਦੇ ਹਨ। ਉਸਦਾ ਕਾਵਿ ਉਸਦੇ ਅਹਿਸਾਸਾਂ ਨੂੰ ਪ੍ਰਣਾਇਆ ਹੋਇਆ ਹੈ ਅਤੇ ਇਸੇ ਤਰ੍ਹਾਂ ਉਹ ਕਾਵਿ ਰਾਹੀਂ ਆਪਣੇ ਸਵੈ ਦਾ ਵਿਕਾਸ ਵੀ ਕਰਦਾ ਹੈ। ਉਹ ਕਹਿੰਦਾ ਹੈ ਕਿ "ਮੇਰੇ ਅਹਿਸਾਸ, ਜਜ਼ਬਾਤ, ਸੌਂਦ੍ਰਯ, ਮੋਹ, ਵਿਲਾਸ, ਤਰਕ, ਅੰਤਰ ਦਵੰਦ, ਜਟਿਲ ਯਥਾਰਥਕ ਪਰਿਪੇਖ, ਅਸੱਤਾ ਅਤੇ ਅਨੇਕਾਂ ਭਾਵਪੂਰਕ ਪਾਸਾਰਾਂ 'ਚੋਂ ਉਤਰੀ ਸਿਰਣਾਤਮਕ ਪ੍ਰਾਪਤੀ ਨੇ ਮੇਰਾ ਕਿਥੋਂ ਤੱਕ ਮਾਨਵੀਕਰਨ



ਕੀਤਾ ਹੈ! ਇਹ ਜਾਨਣ ਦਾ ਇੱਛੁਕ...। ਇਹ ਕਾਵਿ-ਸੰਗ੍ਰਹਿ ਅਸਤਿਤਵਾਦੀ, ਪ੍ਰਗਤੀਵਾਦੀ,



**ਡਾ. ਗੁਰਪ੍ਰੀਤ ਕੌਰ**
ਸਹਾਇਕ ਪ੍ਰੋਫੈਸਰ
ਗੌਰਮਿੰਟ ਡਿਗਰੀ ਕਾਲਜ ਫਾਰ ਵਿਮਨ, ਕਠੂਆ

ਅਧਿਆਤਮਵਾਦੀ, ਨਾਰੀਵਾਦੀ ਅਤੇ ਰੋਮਾਸਵਾਦੀ ਕਾਵਿ ਪ੍ਰਵਿਰਤੀਆਂ ਨਾਲ ਸਬੰਧਤ ਕਾਵਿ-ਵਿਸ਼ੇ ਦਾ ਇਕੋ ਸਮੇਂ ਪ੍ਰਤੀਨਿਧ ਕਰਦਾ ਨਜ਼ਰੀਂ ਪੈਂਦਾ ਹੈ। ਇਸ ਕਾਰਨ ਸੀਰਤ ਦੇ ਕਾਵਿ-ਸਾਹਿਤ ਵਿਚੋਂ ਸਪਸ਼ਟ ਹੁੰਦਾ ਹੈ ਕਿ ਉਹ ਸਿੱਧਾ ਕਿਸੇ ਇਕ ਵਿਚਾਰਧਾਰਾ ਜਾਂ ਵਾਦ ਨਾਲ ਜੁੜਨ ਦਾ ਮੁਦਈ ਨਹੀਂ ਹੈ। ਕਈ ਸਾਹਿਤ ਚਿੰਤਕ ਵੀ ਮੰਨਦੇ ਹਨ ਕਿ ਸੀਰਤ, "ਕਿਸੇ ਵਾਦ ਨਾਲ ਜੁੜਿਆ ਹੋਇਆ ਨਹੀਂ... ਉਸਦੀ ਹਰ ਕਵਿਤਾ ਵਿਚ ਕੋਈ ਪੈਗਾਮ ਹੁੰਦਾ ਹੈ ਉਹ ਕਵਿਤਾ ਨੂੰ ਕਾਵਿ ਹੀ ਰਹਿਣ ਦੇਣ ਵਿਚ ਯਕੀਨ ਰੱਖਦਾ ਹੈ ਅਤੇ ਨਾਅਰਾ ਨਹੀਂ ਬਣਨ ਦਿੰਦਾ।" ਕਵਿਤਾ ਨੂੰ ਕਵਿਤਾ ਰਹਿਣ ਦੇਣ ਜਾਂ ਹੋਰ ਵਿਆਪਕ ਰੂਪ ਵਿਚ ਸਾਹਿਤ ਨੂੰ ਸਾਹਿਤ ਰਹਿਣ ਦੇਣ ਵਰਗੇ ਕਥਨਾਂ ਨੂੰ ਸਪਸ਼ਟ ਕਰਨਾ ਜ਼ਰੂਰੀ ਹੈ। ਕਈ ਵਾਰ ਇੰਝ ਹੁੰਦਾ ਹੈ ਕਿ ਅਜਿਹੇ ਕਥਨ ਸਿਰਫ਼ ਆਦਰਸ਼ਵਾਦੀ ਕਥਨ ਹੀ ਰਹਿ ਜਾਂਦੇ ਹਨ ਜੋ ਇਕ ਖਾਸ ਤਰ੍ਹਾਂ ਦੇ ਰਾਜਨੀਤਕ ਪ੍ਰਵਚਨ ਦੀ ਉਪਜ ਹੁੰਦੇ ਹਨ। ਉਦਾਹਰਣ ਲਈ ਸਾਹਿਤ ਨੂੰ ਸਾਹਿਤ ਹੀ ਰਹਿਣ ਦੇਣ ਦਾ ਸਮਰਥਕ ਜਦੋਂ ਤੱਕ ਇਹ ਨਾ ਸਪਸ਼ਟ ਕਰੇ ਕਿ ਉਸ ਲਈ ਸਾਹਿਤ ਦੀ ਕੀ ਪਰਿਭਾਸ਼ਾ ਅਤੇ ਮਾਅਨੇ ਹਨ? ਉਸ ਸਮੇਂ ਤੱਕ ਉਸ ਦੇ ਸਮਰਥਨ ਨੂੰ ਧੁੰਦਲਾ ਅਤੇ ਅਸਪਸ਼ਟ ਹੀ ਮੰਨਣਾ ਚਾਹੀਦਾ ਹੈ। ਸੀਰਤ ਬਾਰੇ ਸਾਡੀ ਅਵਿਧਾਰਨਾ ਹੈ ਕਿ ਉਹ ਸਪਸ਼ਟ ਰੂਪ ਨਾਲ ਭਾਵੇਂ ਕਿਸੇ ਵਿਚਾਰਧਾਰਾ ਦਾ ਮੁਦਈ ਨਾ ਹੋਵੇ, ਪਰ ਉਸ ਲਈਸਾਹਿਤ ਦੇ ਵਿਸ਼ੇਸ਼ ਮਾਅਨੇ ਹਨ। ਇਹ ਮਾਅਨੇ ਹੀ ਉਸਦੀ ਵਿਚਾਰਧਾਰਕ ਦ੍ਰਿਸ਼ਟੀ ਨੂੰ ਸਪਸ਼ਟ ਕਰਨ ਵਿਚ ਸਹਾਇਕ ਹੋ ਸਕਦੇ ਹਨ। ਸਾਹਿਤ ਅਤੇ ਵਿਚਾਰਧਾਰਾ ਦੇ ਸਬੰਧ ਬਾਰੇ ਬੋਲਦਿਆਂ ਉਹ ਕਹਿੰਦਾ ਹੈ ਕਿ "ਕਿਸੇ ਖਾਸ ਵਿਚਾਰਧਾਰਾ ਪ੍ਰਤੀ ਲਿਖਿਆ ਸਾਹਿਤ ਨਹੀਂ ਹੁੰਦਾ, ਉਸ ਵਿਚਾਰਧਾਰਾ ਦੇ ਫਲਸਰੂਪ ਨਿਕਲਿਆ ਨਿਸ਼ਕਰਸ਼ ਸਾਹਿਤ ਹੋ ਨਿਬੜਦਾ ਹੈ।...ਸਾਹਿਤ ਦਾ ਕੋਈ ਦੀਨ, ਧਰਮ, ਸਮਾਜ, ਵਿਚਾਰਧਾਰਾ, ਦੇਸ਼ ਜਾਂ ਕੋਈ ਵਿਲੱਖਣ ਸਰੋਕਾਰ ਨਹੀਂ ਹੁੰਦਾ ਅਤੇ ਨਾ ਹੀ ਇਸ ਦੁਆਰਾ ਕੋਈ ਸੁਝਾਅ, ਸਿੱਖਿਆ, ਪ੍ਰੇਰਨਾ ਜਾਂ ਕਿਸੇ ਤਹਿਰੀਕ ਵੱਲ ਸੰਬੋਧਨ ਹੀ ਕੀਤਾ ਜਾ ਸਕਦਾ ਹੈ। ਸਾਹਿਤ ਤਾਂ ਕੇਵਲ ਵਾਪਰ ਰਹੇ ਸਮੇਂ ਦੀ ਪ੍ਰਿਸ਼ਟਭੂਮੀ ਵਿਚ ਵਿਚਰ ਰਹੇ ਸੰਸਕਾਰਾਂ ਦੀ ਪ੍ਰਦਰਸ਼ਨੀ ਤੱਕ ਰਸਾਈ ਹੁੰਦੀ ਹੈ। ਟੁੱਟ-ਭੱਜ ਰਹੇ ਮੁਲਾਂ ਦੀ ਪ੍ਰਦਰਸ਼ਨੀ ਹੈ। ਪੁਰਾਤਨ ਅਤੇ ਜੀਵਲ ਸਭਿਅਤਾ ਦੇ ਟਕਰਾ 'ਚੋਂ ਉਤਪੰਨ, ਉਭਰ ਰਹੇ ਮਾਪਦੰਡਾਂ ਦਾ ਸੰਕੇਤ ਮਾਤਰ ਪ੍ਰਗਟਾਅ ਸਾਹਿਤ ਦੀਆਂ ਸੀਮਾਵਾਂ ਨਿਸ਼ਚਿਤ ਕਰਦਾ ਹੈ। ਮਨੁੱਖੀ ਸੰਵੇਦਨਾਵਾਂ ਦਾ ਰੁਦਨ, ਮਨੁੱਖੀ ਤ੍ਰਾਸਦੀ ਦੀਆਂ ਉਪੇਖ਼ਸ਼ਾਵਾਂ ਦਾ ਚਿਤਰਣ ਜਾਂ ਮਨੁੱਖੀ ਸ਼ੋਸ਼ਣ ਕਾਰਨ ਉਲਝੇਵਿਆਂ ਦੀ ਘੁਟਨ ਦੇ ਫਲਸਰੂਪ ਮਨੁੱਖੀ ਚਿਰਤਣ ਦੀ ਜਟਿਲਤਾ ਆਦਿ ਪ੍ਰਤੀ ਸਿਰਜਣਾ, ਸਾਹਿਤ ਦੀ ਨਿਸ਼ਾਨਦੇਹੀ ਵਜੋਂ ਸਾਹਿਤਕ ਸਿਰਜਣਾਂਦਾ ਨਿਰਮਾਣ ਹੈ। ਹਿਸ ਕਥਨ ਵਿਚ ਸੀਰਤ ਸਾਹਿਤ ਨੂੰ ਪ੍ਰਗਟਾਅ ਅਤੇ ਪ੍ਰਦਰਸ਼ਨੀ ਦੇ ਰੂਪ ਵਿਚ ਮੰਨਦਿਆਂ ਇਸਦੇ ਅਨੁਕਰਣਿਕ ਪੱਖ ਨੂੰ ਕੇਂਦਰ ਵਿਚ ਰੱਖਦਿਆਂ ਇਸ ਦੀ ਯਥਾਰਥ ਨਾਲ ਅੰਤਰ-ਸਬੰਧਤਾ ਅਤੇ ਜ਼ਿੰਮੇਦਾਰੀ ਨੂੰ ਬਿਆਨ ਕਰਦਾ ਹੈ। ਸੀਰਤ ਦੇ ਕਾਵਿ-ਸਾਹਿਤ ਨੂੰ ਮਨੁੱਖੀ ਸਮਾਜ, ਸੰਵੇਦਨਾਵਾਂ ਅਤੇ ਸੰਕਟਾਂ ਵਿਚ ਦੱਬੇ-ਕੁਚਲੇ ਵਿਅਕਤੀ ਦੀ ਆਵਾਜ਼ ਕਹਿਣ ਉਪਰੋਕਤ ਦਾਅਵੇ ਨੂੰ ਹੋਰ ਮਜ਼ਬੂਤ ਕਰਦਾ ਹੈ।

ਸਮਾਪਤ

# ਪੰਜਾਬ ਦੇ ਵਿੱਤ ਮੰਤਰੀ ਵਲੋਂ ਬਜਟ ਪੇਸ਼

## ਕਾਂਗਰਸ, ਭਾਜਪਾ-ਅਕਾਲੀ ਸਰਕਾਰਾਂ ਨੇ ਪੰਜਾਬ ਨੂੰ 'ਉੜਦਾ ਪੰਜਾਬ' ਵਿੱਚ ਬਦਲਿਆ : ਹਰਪਾਲ ਚੀਮਾ



ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਅੱਜ ਆਪਣਾ ਚੌਥਾ ਬਜਟ 'ਬਦਲਦਾ ਪੰਜਾਬ ਬਜਟ 2025-26' ਪੇਸ਼ ਕੀਤਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸਨੂੰ ਇੱਕ ਦੂਰਦਰਸ਼ੀ ਬਲੂਪ੍ਰਿੰਟ ਦੱਸਿਆ ਜਿਸਦਾ ਉਦੇਸ਼ ਪੰਜਾਬ ਨੂੰ ਇੱਕ ਜੀਵੰਤ, ਖੁਸ਼ਹਾਲ ਅਤੇ ਬਰਾਬਰੀ ਵਾਲਾ ਰਾਜ ਬਣਾਉਣਾ ਹੈ।

ਆਪਣੇ ਬਜਟ ਭਾਸ਼ਣ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪਿਛਲੀਆਂ ਸਰਕਾਰਾਂ 'ਤੇ ਉਨ੍ਹਾਂ ਦੀਆਂ ਅਸਫਲਤਾਵਾਂ ਅਤੇ ਕੁਪ੍ਰਬੰਧਨ ਲਈ ਤਿੱਖਾ ਹਮਲਾ ਕੀਤਾ, ਜਿਸ ਨੇ ਪੰਜਾਬ ਨੂੰ ਵਿੱਤੀ ਅਤੇ ਸਮਾਜਿਕ ਉਥਲ-ਪੁਥਲ ਵਿੱਚ ਧੱਕ ਦਿੱਤਾ। ਚੀਮਾ ਨੇ ਕਿਹਾ 'ਅਕਾਲੀ ਦਲ ਅਤੇ ਕਾਂਗਰਸ ਸ਼ਾਸਨ ਨੇ ਭ੍ਰਿਸ਼ਟਾਚਾਰ, ਨਸ਼ਿਆਂ, ਮਾੜੀਆਂ ਨੀਤੀਆਂ ਅਤੇ ਦੂਰਦਰਸ਼ੀ ਦੀ ਘਾਟ ਨਾਲ ਪੰਜਾਬ ਦੀ ਆਰਥਿਕਤਾ ਅਤੇ ਸਮਾਜ ਨੂੰ ਯੋਜਨਾਬੱਧ ਢੰਗ ਨਾਲ ਤਬਾਹ ਕਰ ਦਿੱਤਾ। ਉਨ੍ਹਾਂ ਨੇ ਸਾਨੂੰ ਨਸ਼ਿਆਂ, ਬੇਰੁਜ਼ਗਾਰੀ ਅਤੇ ਢਹਿ-ਢੇਰੀ ਹੋ ਰਹੇ ਬੁਨਿਆਦੀ ਢਾਂਚੇ ਨਾਲ ਭਰਿਆ ਸੂਬਾ ਛੱਡ ਦਿੱਤਾ। ਸਿਰਫ਼ ਤਿੰਨ ਸਾਲਾਂ ਵਿੱਚ, ਅਸੀਂ ਇਸ ਗਿਰਾਵਟ ਨੂੰ ਉਲਟਾ ਦਿੱਤਾ ਹੈ ਅਤੇ ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਪਾ ਦਿੱਤਾ ਹੈ'।

ਚੀਮਾ ਨੇ ਕਿਹਾ ਕਿ ਪਿਛਲੀਆਂ ਕਾਂਗਰਸ ਅਤੇ ਭਾਜਪਾ-ਅਕਾਲੀ ਸਰਕਾਰਾਂ ਨੇ ਪੰਜਾਬ ਨੂੰ ਨਸ਼ਿਆਂ ਦੀ ਜਕੜ ਵਿੱਚ ਧੱਕ ਦਿੱਤਾ, ਜਿਸ ਨਾਲ ਇਸ ਖ਼ਤਰੇ ਨੂੰ ਵਧਣ-ਫੁੱਲਣ ਦਿੱਤਾ ਅਤੇ ਸੂਬੇ ਦੇ ਨੌਜਵਾਨਾਂ ਨੂੰ ਤਬਾਹ ਕਰ ਦਿੱਤਾ। ਇਸ ਦੇ ਬਿਲਕੁਲ ਉਲਟ, 'ਆਪ' ਸਰਕਾਰ ਨੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨੂੰ ਖਤਮ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਹੈ। 1 ਮਾਰਚ ਤੋਂ ਲੈ ਕੇ ਹੁਣ ਤੱਕ 2,136 ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ 3,816 ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸਰਹੱਦ ਪਾਰ ਤਸਕਰੀ ਨਾਲ ਨਜਿੱਠਣ ਲਈ, ਉੱਨਤ ਐਂਟੀ-ਡਰੋਨ ਪ੍ਰਣਾਲੀਆਂ ਲਈ ?110 ਕਰੋੜ ਅਲਾਟ ਕੀਤੇ ਗਏ ਹਨ ਅਤੇ ਬੀਐਸਐਫ ਨਾਲ 5,000 ਹੋਮ ਗਾਰਡ ਤਾਇਨਾਤ ਕੀਤੇ ਗਏ ਹਨ। ਇਸ ਤੋਂ ਇਲਾਵਾ, 150 ਕਰੋੜ ਰੁਪਏ ਪੰਜਾਬ ਦੀ ਪਹਿਲੀ 'ਡਰੱਗ ਜਨਗਣਨਾ' ਲਈ ਸਮਰਪਿਤ ਹਨ, ਅਤੇ 125 ਕਰੋੜ ਰੁਪਏ ਡਾਇਲ 112 ਸੇਵਾਵਾਂ ਨੂੰ ਵਧਾ ਕੇ ਐਮਰਜੈਂਸੀ ਪ੍ਰਤੀਕਿਰਿਆ ਨੂੰ ਮਜ਼ਬੂਤ ਕਰਾਂਗੇ।

ਚੀਮਾ ਨੇ ਪਿਛਲੀਆਂ ਕਾਂਗਰਸ ਅਤੇ ਭਾਜਪਾ-ਅਕਾਲੀ ਸਰਕਾਰਾਂ ਨੂੰ ਪੰਜਾਬ ਵਿੱਚ ਖੇਡਾਂ ਨੂੰ ਨਜ਼ਰਅੰਦਾਜ਼ ਕਰਨ, ਪ੍ਰਤਿਭਾ ਨੂੰ ਅੱਗੇ ਵਧਾਉਣ ਦੀ ਬਜਾਏ ਨਸ਼ਿਆਂ ਅਤੇ ਗੈਂਗਸਟਰਵਾਦ ਨੂੰ ਉਤਸ਼ਾਹਿਤ ਕਰਨ ਲਈ ਘੇਰਿਆ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਪੰਜਾਬ ਦੀ ਖੇਡ ਸ਼ਾਨ ਨੂੰ ਬਹਾਲ ਕਰਨ ਲਈ ਵਚਨਬੱਧ ਹੈ। 2025-26 ਲਈ ਖੇਡਾਂ ਲਈ 979 ਕਰੋੜ ਰੁਪਏ ਦਾ ਇਤਿਹਾਸਕ ਬਜਟ ਅਲਾਟ ਕੀਤਾ ਗਿਆ ਹੈ, ਜੋ ਕਿ ਹੁਣ ਤੱਕ ਦਾ ਸਭ ਤੋਂ ਵੱਧ ਹੈ। ਹਰ ਪਿੰਡ ਵਿੱਚ ਖੇਡ ਦੇ ਮੈਦਾਨਾਂ ਅਤੇ 3,000 ਇਨਡੋਰ ਜਿੰਮ ਨਾਲ ਸਥਾਨਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਿਖਲਾਈ ਲਈ 13 ਸੈਂਟਰ ਆਫ਼ ਐਕਸੀਲੈਂਸ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ, ਜਦੋਂ ਕਿ ਤਿੰਨ ਸਾਲਾਂ ਵਿੱਚ ਖਿਡਾਰੀਆਂ ਨੂੰ 100 ਕਰੋੜ ਰੁਪਏ ਦੇ ਇਨਾਮ ਅਤੇ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ।

ਚੀਮਾ ਨੇ ਅੱਗੇ ਕਿਹਾ, ਕਾਂਗਰਸ ਅਤੇ ਭਾਜਪਾ-ਅਕਾਲੀ ਸਰਕਾਰਾਂ ਦੇ ਅਧੀਨ, ਪੰਜਾਬ ਦਾ ਸਿਹਤ ਸੰਭਾਲ ਬੁਨਿਆਦੀ ਢਾਂਚਾ ਖਸਤਾ ਹਾਲਤ ਵਿੱਚ ਸੀ, ਮਾੜੇ ਰੱਖ-ਰਖਾਅ ਵਾਲੇ ਹਸਪਤਾਲਾਂ ਅਤੇ ਡਾਕਟਰਾਂ ਦੀ ਭਾਰੀ ਘਾਟ ਦੇ ਨਾਲ, ਇੱਕ 'ਬਿਮਾਰ ਪੰਜਾਬ' ਬਣ ਰਿਹਾ ਸੀ। ਇਸਦੇ ਬਿਲਕੁਲ ਉਲਟ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ 'ਸਿਹਤਮੰਦ ਪੰਜਾਬ' ਬਣਾ ਰਹੀ ਹੈ। 65 ਲੱਖ ਪਰਿਵਾਰਾਂ ਨੂੰ ਸਿਹਤ ਬੀਮੇ ਦੇ ਅਧੀਨ ਲਿਆਉਣ ਦਾ ਇੱਕ ਇਤਿਹਾਸਕ ਫੈਸਲਾ ਲਿਆ ਗਿਆ ਹੈ, ਜਿਸ ਵਿੱਚ 'ਮੁੱਖ ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ' ਰਾਹੀਂ ਪ੍ਰਤੀ ਪਰਿਵਾਰ ਕਵਰੇਜ 5 ਲੱਖ ਤੋਂ ਵਧਾ ਕੇ ?10 ਲੱਖ ਰੁਪਏ ਕਰ ਦਿੱਤੀ ਗਈ ਹੈ, ਜਿਸ ਲਈ 778 ਕਰੋੜ ਅਲਾਟ ਕੀਤੇ ਗਏ ਹਨ। ਇਸ ਤੋਂ ਇਲਾਵਾ, ਤਿੰਨ ਸਾਲਾਂ ਵਿੱਚ 881 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਗਏ ਹਨ, ਜੋ ਰੋਜ਼ਾਨਾ 70,000+ ਮਰੀਜ਼ਾਂ ਦੀ ਸੇਵਾ ਕਰਦੇ ਹਨ ਅਤੇ 268 ਕਰੋੜ ਰੁਪਏ ਦੇ ਬਜਟ ਦੁਆਰਾ 3 ਕਰੋੜ ਤੋਂ ਵੱਧ ਲੋਕਾਂ ਨੂੰ ਲਾਭ ਪਹੁੰਚਾ ਰਹੇ ਹਨ।

'ਆਪ' ਸਰਕਾਰ ਦੇ 'ਰੰਗਲਾ ਪੰਜਾਬ' ਵਿਜ਼ਨ ਦੇ ਤਹਿਤ, 2022 ਦਾ ਇਤਿਹਾਸਕ ਫਤਵਾ ਅਮਲ ਵਿੱਚ ਆ ਰਿਹਾ ਹੈ। 'ਰੰਗਲਾ ਪੰਜਾਬ ਵਿਕਾਸ ਯੋਜਨਾ', ਜਿਸ ਵਿੱਚ 585 ਕਰੋੜ ਰੁਪਏ (ਪ੍ਰਤੀ ਹਲਕਾ 5 ਕਰੋੜ ਰੁਪਏ) ਅਲਾਟ ਕੀਤੇ ਗਏ ਹਨ, ਸਥਾਨਕ ਵਿਕਾਸ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇਗੀ। ਫੰਡ ਸੜਕਾਂ, ਸਕੂਲਾਂ, ਹਸਪਤਾਲਾਂ ਅਤੇ ਸੈਨੀਟੇਸ਼ਨ ਵਰਗੇ ਬੁਨਿਆਦੀ ਢਾਂਚੇ ਨੂੰ ਵਧਾਉਣਗੇ, ਜਿਸ ਨਾਲ ਨਾਗਰਿਕਾਂ ਨੂੰ ਸਿੱਧਾ ਲਾਭ ਮਿਲੇਗਾ।

ਪੰਜਾਬੀਆਂ ਨੂੰ ਅਜੇ ਵੀ ਕਾਂਗਰਸ, ਭਾਜਪਾ ਅਤੇ ਅਕਾਲੀ ਸ਼ਾਸਨ ਦੌਰਾਨ ਕਿਸਾਨਾਂ ਨੂੰ ਦਰਪੇਸ਼ ਲੰਬੇ ਬਿਜਲੀ ਕੱਟਾਂ ਅਤੇ ਨੀਂਦ ਤੋਂ ਵਾਂਝੀਆਂ ਰਾਤਾਂ ਯਾਦ ਹਨ, ਜਿਨ੍ਹਾਂ ਨੇ ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਨਜ਼ਰਅੰਦਾਜ਼ ਕੀਤਾ ਅਤੇ ਪੰਜਾਬ ਨੂੰ ਹਨੇਰੇ ਵਿੱਚ ਛੱਡ ਦਿੱਤਾ। ਸਿਰਫ਼ ਤਿੰਨ ਸਾਲਾਂ ਵਿੱਚ, ਮਾਨ ਸਰਕਾਰ ਨੇ 'ਬੱਤੀ ਗੁੱਲ ਪੰਜਾਬ' ਨੂੰ 'ਬੱਤੀ ਫੁੱਲ ਪੰਜਾਬ' ਵਿੱਚ ਬਦਲ ਦਿੱਤਾ। 90% ਪਰਿਵਾਰਾਂ ਨੂੰ 300 ਯੂਨਿਟ ਮੁਫ਼ਤ ਬਿਜਲੀ ਦਾ ਲਾਭ ਮਿਲਿਆ, ਵਿੱਤੀ ਸਾਲ 2025-26 ਲਈ 7,614 ਕਰੋੜ ਰੁਪਏ ਅਲਾਟ ਕੀਤੇ ਗਏ।

ਚੀਮਾ ਨੇ ਕਿਹਾ, ਪਹਿਲਾਂ, ਪੰਜਾਬ 'ਤੇ 'ਪਰਿਵਾਰਵਾਦ' ਦਾ ਰਾਜ ਸੀ, ਜਿੱਥੇ ਇੱਕ ਪਰਿਵਾਰ ਵੱਡੇ ਉਦਯੋਗਾਂ ਤੋਂ ਲੈ ਕੇ ਛੋਟੇ ਢਾਬਿਆਂ ਤੱਕ ਹਰ ਕਾਰੋਬਾਰ ਵਿੱਚ ਹਿੱਸੇ ਦੀ ਮੰਗ ਕਰਦਾ ਸੀ, ਵੱਡੇ ਨਿਵੇਸ਼ਕਾਂ ਨੂੰ ਭਜਾ ਦਿੰਦਾ ਸੀ। ਕਾਂਗਰਸ ਸਰਕਾਰ ਵਿੱਚ, ਸਿਰਫ਼ ਕਾਂਗਰਸੀ ਨੇਤਾਵਾਂ ਦੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਸਨ। ਪਰ 'ਆਪ' ਸਰਕਾਰ 'ਸਰਬੱਤ ਦਾ ਭਲਾ' ਪੰਜਾਬ ਬਣਾ ਰਹੀ ਹੈ, ਜਿਸ ਨਾਲ ਤਿੰਨ ਸਾਲਾਂ ਵਿੱਚ 96,836 ਕਰੋੜ ਰੁਪਏ ਦਾ ਨਿਵੇਸ਼ ਆਕਰਸ਼ਿਤ ਹੋਇਆ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਬਿਨਾਂ ਕਿਸੇ ਰਿਸ਼ਵਤ ਜਾਂ ਪੱਖਪਾਤ ਦੇ 50,000 ਤੋਂ ਵੱਧ ਨੌਕਰੀਆਂ ਪ੍ਰਦਾਨ ਕੀਤੀਆਂ। ਕਾਂਗਰਸ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਦੇ ਅਧੀਨ, ਪੰਜਾਬ ਦੀ ਜਨਤਕ ਸਿੱਖਿਆ ਪ੍ਰਣਾਲੀ ਨੂੰ ਅਣਗੌਲਿਆ ਕੀਤਾ ਗਿਆ, ਜਿਸ ਨਾਲ ਸਰਕਾਰੀ ਸਕੂਲ ਖੰਡਰ ਵਿੱਚ ਬਦਲ ਗਏ। 'ਆਪ' ਸਰਕਾਰ ਸਿੱਖਿਆ ਨੂੰ ਤਰਜੀਹ ਦੇ ਕੇ ਪੰਜਾਬ ਨੂੰ 'ਖਸਤਾ ਸਕੂਲ ਵਾਲਾ ਪੰਜਾਬ' ਤੋਂ 'ਸਮਾਰਟ ਸਕੂਲ ਵਾਲਾ ਪੰਜਾਬ' ਵਿੱਚ ਬਦਲ ਰਹੀ ਹੈ। ਇਸ ਖੇਤਰ ਨੂੰ ਅਲਾਟ ਕੀਤੇ ਗਏ 17,975 ਕਰੋੜ ਰੁਪਏ-ਕੁੱਲ ਬਜਟ ਦਾ 12% - ਨਾਲ ਵੱਡੇ ਸੁਧਾਰ ਕੀਤੇ ਜਾ ਰਹੇ ਹਨ। 425 ਪ੍ਰਾਇਮਰੀ ਸਕੂਲਾਂ ਨੂੰ 'ਸਕੂਲ ਆਫ ਐਮੀਨੈਂਸ' ਵਿੱਚ ਅਪਗ੍ਰੇਡ ਕੀਤਾ ਜਾ ਰਿਹਾ ਹੈ। 'ਪੰਜਾਬ ਯੰਗ ਐਂਟਰਪ੍ਰੀਨਿਓਰ ਪ੍ਰੋਗਰਾਮ' ਵਰਗੇ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਅਤੇ ਉੱਦਮਤਾ ਨੂੰ ਉਤਸ਼ਾਹਿਤ ਕਰਦੇ ਹਨ। 4,000 ਤੋਂ ਵੱਧ ਸਕੂਲਾਂ ਨੇ ਸੋਲਰ ਪੈਨਲ ਲਗਾਏ ਹਨ, ਜਿਸ ਨਾਲ ਊਰਜਾ ਦੀਆਂ ਲਾਗਤਾਂ ਘਟੀਆਂ ਹਨ। ਇਸ ਤੋਂ ਇਲਾਵਾ, 'ਸਕੂਲ ਆਫ਼ ਐਮੀਨੈਂਸ' ਅਤੇ ਅੰਤਰਰਾਸ਼ਟਰੀ ਅਧਿਆਪਕ ਸਿਖਲਾਈ ਵਰਗੀਆਂ ਪਹਿਲਕਦਮੀਆਂ ਪੰਜਾਬ ਦੇ ਭਵਿੱਖ ਲਈ ਉੱਚ-ਗੁਣਵੱਤਾ ਵਾਲੀ ਸਿੱਖਿਆ ਨੂੰ ਯਕੀਨੀ ਬਣਾਉਂਦੀਆਂ ਹਨ।

ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਅਧੀਨ, ਪੰਜਾਬ ਦੇ ਨੌਜਵਾਨਾਂ ਨੂੰ ਮੌਕਿਆਂ ਤੋਂ ਵਾਂਝਾ ਰੱਖਿਆ ਗਿਆ, ਭਾਈ-ਭਤੀਜਾਵਾਦ ਨੇ ਸਰਕਾਰੀ ਨੌਕਰੀਆਂ ਨੂੰ ਦੂਰ ਦਾ ਸੁਪਨਾ ਬਣਾ ਦਿੱਤਾ। ਇਸ ਯੋਜਨਾਬੱਧ ਅਣਗਹਿਲੀ ਨੇ ਪੰਜਾਬ ਨੂੰ 'ਬੇਰੁਜ਼ਗਾਰ ਪੰਜਾਬ' ਵਿੱਚ ਬਦਲ ਦਿੱਤਾ, ਜਿਸ ਕਾਰਨ ਇਸਦੇ ਨੌਜਵਾਨਾਂ ਨੂੰ ਰਾਜ ਛੱਡਣ ਲਈ ਮਜਬੂਰ ਹੋਣਾ ਪਿਆ। ਅੱਜ 'ਆਪ' ਸਰਕਾਰ ਅਧੀਨ, ਰੁਜ਼ਗਾਰ ਵਿੱਚ ਇੱਕ ਕ੍ਰਾਂਤੀ ਨੇ ਇਹ ਯਕੀਨੀ ਬਣਾਇਆ ਹੈ ਕਿ ਨੌਕਰੀਆਂ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਜਾਣ, ਬਿਨਾਂ ਰਿਸ਼ਵਤ ਜਾਂ ਸਿਫਾਰਸ਼ਾਂ ਦੇ ਨਹੀਂ। ਪਿਛਲੇ ਤਿੰਨ ਸਾਲਾਂ ਵਿੱਚ, 51,655 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ, 'ਬੇਰੋਜ਼ਗਰ ਪੰਜਾਬ' ਨੂੰ 'ਰੋਜ਼ਗਾਰ ਵਾਲਾ ਪੰਜਾਬ' ਵਿੱਚ ਬਦਲ ਦਿੱਤਾ ਗਿਆ। 1,468 ਪਲੇਸਮੈਂਟ ਕੈਂਪਾਂ ਰਾਹੀਂ, 85,248 ਨੌਜਵਾਨਾਂ ਨੇ ਰੁਜ਼ਗਾਰ ਪ੍ਰਾਪਤ ਕੀਤਾ, ਜਦੋਂ ਕਿ 24,345 ਨੇ ਸਵੈ-ਰੁਜ਼ਗਾਰ ਲਈ ਕਰਜ਼ੇ ਪ੍ਰਾਪਤ ਕੀਤੇ। ਹੁਨਰ ਸਿਖਲਾਈ ਅਤੇ ਕਰੀਅਰ ਕਾਉਂਸਲਿੰਗ ਲਈ 230 ਕਰੋੜ ਰੁਪਏ ਅਲਾਟ ਕੀਤੇ ਜਾਣ ਨਾਲ, ਪੰਜਾਬ ਮੌਕਿਆਂ ਦੀ ਧਰਤੀ ਬਣ ਰਿਹਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਐਲਾਨ ਕੀਤਾ, 'ਇਹ ਬਜਟ ਸਿਰਫ਼ ਅੰਕੜਿਆਂ ਬਾਰੇ ਨਹੀਂ ਹੈ; ਇਹ ਪੰਜਾਬ ਨੂੰ ਬਦਲਣ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ। ਅਸੀਂ ਇੱਕ ਅਜਿਹਾ ਭਵਿੱਖ ਬਣਾ ਰਹੇ ਹਾਂ ਜਿੱਥੇ ਹਰ ਪੰਜਾਬੀ ਵੱਡੇ ਸੁਪਨੇ ਦੇਖ ਸਕੇ ਅਤੇ ਆਪਣੀਆਂ ਇੱਛਾਵਾਂ ਨੂੰ ਪੂਰਾ ਕਰ ਸਕੇ। ਇਹ 'ਬਦਲਦਾ ਪੰਜਾਬ' ਹੈ - ਉਹ ਪੰਜਾਬ, ਜਿਸਨੂੰ ਲੋਕਾਂ ਨੇ ਵੋਟ ਦਿੱਤੀ ਹੈ।' ਉਨ੍ਹਾਂ ਕਿਹਾ ਕਿ 'ਆਪ' ਨੇ 2017 ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਕਦਮ ਰੱਖਿਆ ਸੀ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ, ਪੰਜਾਬ ਦੇ ਲੋਕਾਂ ਨੇ 'ਆਪ' ਵਿੱਚ ਭਾਰੀ ਵਿਸ਼ਵਾਸ ਦਿਖਾਇਆ ਅਤੇ ਸਾਨੂੰ ਭਾਰੀ ਬਹੁਮਤ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਮਾਨ ਸਰਕਾਰ ਲੋਕਾਂ ਦੀਆਂ ਉਮੀਦਾਂ ਅਤੇ ਵਿਸ਼ਵਾਸ 'ਤੇ ਖਰੀ ਉਤਰ ਰਹੀ ਹੈ।

- ਪੰਜਾਬ ਸਰਕਾਰ ਨੇ ਬਜਟ ਨੂੰ 'ਬਦਲਦਾ ਪੰਜਾਬ ਬਜਟ' ਦਾ ਨਾਂ ਦਿੱਤਾ
- 2,36,080 ਕਰੋੜ ਦਾ ਬਜਟ ਪੇਸ਼।
- 2025-26 ਵਿੱਤੀ ਵਰ੍ਹੇ ਦੌਰਾਨ ਜੀਐੱਸਡੀਪੀ 10 ਫੀਸਦ ਵਧਣ ਦਾ ਅਨੁਮਾਨ।
- ਪਹਿਲੀ ਡਰੱਗ ਸੈਂਸਿਜ਼ ਸ਼ੁਰੂ ਕਰਨ ਦਾ ਐਲਾਨ, ਬਜਟ ਵਿਚ 150 ਕਰੋੜ ਰੁਪਏ ਦਾ ਪ੍ਰਬੰਧ
- ਖੇਡ ਵਿਭਾਗ ਲਈ 979 ਕਰੋੜ ਰੁਪਏ ਰਾਖਵੇਂ, ਹਰ ਪਿੰਡ ਖੇਡ ਮੈਦਾਨ ਮੁਹੱਈਆ ਕਰਵਾਏ ਜਾਣਗੇ, ਪਿੰਡਾਂ ਵਿਚ 3000 ਇਨਡੋਰ ਜਿੰਮ ਬਣਾਏ ਜਾਣਗੇ।
- ਨਸ਼ਿਆਂ ਖ਼ਿਲਾਫ਼ 150 ਕਰੋੜ ਰੁਪਏ ਦਾ ਬਜਟ
- ਸਿਹਤ ਵਿਭਾਗ ਲਈ 5598 ਕਰੋੜ ਦਾ ਬਜਟ, ਪਿਛਲੇ ਤਿੰਨ ਸਾਲਾ ਵਿਚ ਬਣਾਏ 881 ਆਮ ਆਦਮੀ ਕਲੀਨਿਕ
- ਪੇਂਡੂ ਵਿਕਾਸ ਲਈ 3500 ਕਰੋੜ ਰੁਪਏ ਦਾ ਬਜਟ। ਛੱਪੜਾਂ ਦੀ ਸਫਾਈ ਅਤੇ ਨਵੀਨੀਕਰਨ ਕੀਤਾ ਜਾਵੇਗਾ। ਸੀਚੇਵਾਲ ਅਤੇ ਥਾਪਰ ਮਾਡਲ ਤਹਿਤ ਕਰਵਾਇਆ ਜਾਵੇਗਾ ਕੰਮ
- ਮੁੱਖ ਮੰਤਰੀ ਸਟਰੀਟ ਲਾਈਟ ਯੋਜਨਾ ਤਹਿਤ ਲਾਈਟਾਂ ਲਗਾਈਆਂ ਜਾਣਗੀਆਂ।
- ਐਮਰਜੈਂਸੀ ਰਿਸਪੌਂਸ ਵਾਹਨ ਖਰੀਦਣ ਲਈ 125 ਕਰੋੜ ਰੱਖੇ
- ਖੇਡਾਂ : 3000 ਇੰਡੋਰ ਜਿੰਮ ਬਨਣਗੇ
- ਖੇਡਾਂ ਲਈ 979 ਕਰੋੜ ਦਾ ਬਜਟ ਰੱਖਿਆ
- ਆਮ ਆਦਮੀ ਕਲੀਨਿਕ ਲਈ 268 ਕਰੋੜ ਰਾਖਵੇਂ
- ਬੀਮਾਰ ਪੰਜਾਬ ਨੂੰ ਸਿਹਤਮੰਦ ਪੰਜਾਬ ਬਣਾਵਾਂਗੇ
- ਰਾਜ ਸਿਹਤ ਬੀਮਾ ਸਕੀਮ ਤਹਿਤ 65 ਲੱਖ ਪਰਿਵਾਰਾਂ ਨੂੰ ਕਵਰ ਕਰਨ ਦਾ ਫੈਸਲਾ। 10 ਲੱਖ ਐਨੂਅਲ ਬੀਮਾ ਕਵਰ। ਇਸ ਸਕੀਮ ਲਈ 778 ਕਰੋੜ ਦਾ ਬਜਟ
- ਸਿਹਤ ਵਿਭਾਗ ਲਈ 5598 ਕਰੋੜ ਦਾ ਬਜਟ ਜੋ ਪਿਛਲੇ ਸਾਲ ਨਾਲੋਂ 10 ਫ਼ੀਸਦੀ ਵਧ ਹੈ
- ਲਿੰਕ ਸੜਕਾਂ ਦੇ ਨਿਰਮਾਣ ਅਤੇ ਅਪਗ੍ਰੇਡੇਸ਼ਨ ਲਈ 2873 ਕਰੋੜ ਖਰਚ ਕੀਤੇ ਜਾਣਗੇ
- ਰੰਗਲਾ ਪੰਜਾਬ ਵਿਕਾਸ ਸਕੀਮ ਲਈ 585 ਕਰੋੜ ਰੱਖੇ ਅਤੇ ਹਰ ਵਿਧਾਨ ਸਭਾ ਹਲਕੇ ਲਈ 5 ਕਰੋੜ ਜਾਰੀ ਹੋਣਗੇ
- ਪੰਜਾਬ ਦੇ ਲੁਧਿਆਣਾ ਅੰਮ੍ਰਿਤਸਰ ਜਲੰਧਰ ਤੇ ਮੋਹਾਲੀ ਵਿੱਚ 50 ਕਿਲੋਮੀਟਰ ਵਿਸ਼ਵ ਪੱਧਰੀ ਸੜਕਾਂ ਦਾ ਨਿਰਮਾਣ ਹੋਵੇਗਾ
- ਪਹਿਲੇ ਸਾਲ 'ਚ ਇਹਨਾਂ ਸੜਕਾਂ ਲਈ 140 ਕਰੋੜ ਰੱਖੇ
- ਪੰਜਾਬ ਮਿਊਂਸੀਪਲ ਡਿਵੈਲਪਮੈਂਟ ਫੰਡ ਲਈ 225 ਕਰੋੜ ਰੱਖੇ
- ਚੀਮਾ ਨੇ ਕਿਹਾ ਕਿ ਨਸ਼ਿਆ ਖ਼ਿਲਾਫ਼ ਜੰਗ ਸ਼ੁਰੂ ਕਰਕੇ ਵੱਸਦਾ ਪੰਜਾਬ ਬਣਾਉਣਾ ਸ਼ੁਰੂ ਕੀਤਾ
- ਐਂਟੀ ਡਰੋਨ ਸਿਸਟਮ ਲਈ ਬਜਟ 'ਚ 110 ਕਰੋੜ ਰੱਖੇ
- ਡਰੱਗ ਸੈਂਸਿਸ ਲਈ 150 ਕਰੋੜ ਰੱਖੇ
- 300 ਫਰੀ ਯੂਨਿਟ ਬਿਜਲੀ ਲਈ 7614 ਕਰੋੜ ਰੱਖੇ
- ਉਦਯੋਗਾਂ ਨੂੰ ਵਿੱਤੀ ਇਨਸੈਂਟਿਵ ਲਈ 250 ਕਰੋੜ ਰੱਖੇ
- ਅੰਮ੍ਰਿਤਸਰ 'ਚ ਯੂਨਿਟੀ ਮਾਲ ਬਣਾਉਣ ਲਈ 80 ਕਰੋੜ ਰੱਖੇ
- ਉਦਯੋਗਾਂ ਲਈ 3426 ਕਰੋੜ ਦਾ ਬਜਟ
- ਸਰਕਾਰੀ ਸੇਵਾਵਾਂ ਦੀ ਡੋਰ ਸਟੈਪ ਡਲਿਵਰੀ ਦੀ ਸਰਵਿਸ ਫੀਸ 120 ਰੁਪਏ ਤੋਂ ਘਟਾ ਕੇ 50 ਰੁਪਏ ਕੀਤੀ
- ਪੰਜਾਬ ਅਨੁਸੂਚਿਤ ਜਾਤੀ ਭੂਮੀ ਵਿਕਾਸ ਤੇ ਵਿੱਤ ਨਿਗਮ ਦੇ 31 ਮਾਰਚ 2020 ਤੱਕ ਦੇ ਡਿਫਾਲਟਰ ਦੀ ਕਰਜ਼ਾ ਮੁਆਫ਼ੀ ਦਾ ਐਲਾਨ
- ਸਮਾਜਿਕ ਸੁਰੱਖਿਆ ਪੈਨਸ਼ਨਰਾਂ ਲਈ 6175 ਕਰੋੜ ਦਾ ਬਜਟ
- ਅਸ਼ੀਰਵਾਦ ਸਕੀਮ ਲਈ 1177 ਕਰੋੜ ਰੱਖੇ
- ਅਨੁਸੂਚਿਤ ਜਾਤਾਂ ਦੀ ਭਲਾਈ ਲਈ 13987 ਕਰੋੜ ਦਾ ਪ੍ਰਬੰਧ, ਪਿਛਲੇ ਸਾਲ ਦੇ ਬਜਟ ਨਾਲੋਂ 34 ਫੀਸਦ ਵੱਧ
- ਖੇਤੀ ਸੈਕਟਰ ਲਈ 14524 ਕਰੋੜ ਰੱਖੇ
- ਪਰਾਲੀ ਸੰਭਾਲ ਲਈ 500 ਕਰੋੜ ਰੱਖੇ
- ਖੇਤੀ ਸੈਕਟਰ ਦੀ ਬਿਜਲੀ ਸਬਸਿਡੀ ਲਈ 9992 ਕਰੋੜ ਰੱਖੇ
- ਕੁਦਰਤੀ ਖੇਤੀ ਲਈ 137 ਕਰੋੜ ਰੱਖੇ
- ਸੰਗਰੂਰ ਜ਼ਿਲ੍ਹੇ ਵਿਚ ਸਿੰਜਾਈ ਲਈ 100 ਕਰੋੜ ਰੱਖੇ ਜਿਸ ਨਾਲ ਜ਼ਮੀਨਦੋਜ਼ ਪਾਈਪਾਂ ਪੈਣਗੀਆਂ
- ਪਸ਼ੂ ਪਾਲਣ ਵਿਭਾਗ ਚ ਇਨਡੋਰ ਫੈਸਿਲਿਟੀ ਸ਼ੁਰੂ ਹੋਵੇਗੀ
- ਪਸ਼ੂ ਪਾਲਣ ਵਿਭਾਗ ਲਈ 704 ਕਰੋੜ
- ਗੰਨਾ ਕਿਸਾਨਾਂ ਲਈ 250 ਕਰੋੜ ਰੱਖੇ
- ਜੰਗਲਾਤ ਵਿਭਾਗ ਲਈ 281 ਕਰੋੜ ਰੱਖੇ
- ਸਿੱਖਿਆ ਬਜਟ ਵਿਚ 12 ਫੀਸਦ ਦਾ ਵਾਧਾ, 17,975 ਕਰੋੜ ਦਾ ਬਜਟ ਰੱਖਿਆ
- 425 ਪ੍ਰਾਇਮਰੀ ਸਕੂਲਾਂ ਨੂੰ ਸਕੂਲ ਆਫ ਹੈਪੀਨੈੱਸ 'ਚ ਬਦਲਿਆ ਜਾਵੇਗਾ
- ਨਵੀਆਂ ਆਈਟੀਆਈਜ਼ ਖੋਲ੍ਹਣ ਲਈ 33 ਕਰੋੜ ਰੱਖੇ
- ਮੈਡੀਕਲ ਸਿੱਖਿਆ ਲਈ 1336 ਕਰੋੜ ਰੱਖੇ, ਪਿਛਲੇ ਸਾਲ ਨਾਲੋਂ 27 ਫੀਸਦ ਦਾ ਵਾਧਾ
- ਪਬਲਿਕ ਯੂਨੀਵਰਸਿਟੀਆਂ ਲਈ 1650 ਕਰੋੜ ਦਾ ਬਜਟ
- ਗ੍ਰਹਿ ਤੇ ਜੇਲ੍ਹ ਵਿਭਾਗ ਲਈ 11560 ਕਰੋੜ ਰੱਖੇ,12 ਜੇਲ੍ਹਾਂ 'ਚ ਲੱਗਣਗੇ ਜੈਮਰ
- ਡੇਰਾ ਬੱਸੀ, ਖੰਨਾ ਤੇ ਪਾਤੜਾਂ 'ਚ ਨਵੇਂ ਅਦਾਲਤੀ ਕੰਪਲੈਕਸ ਬਣਾਉਣ ਲਈ 132 ਕਰੋੜ ਰੁਪਏ
- ਸਿੰਜਾਈ ਲਈ 3246 ਕਰੋੜ ਰੱਖੇ
- ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਸਮੁੱਚਾ ਪੰਜਾਬ ਕਵਰ; ਹਰ ਪਰਿਵਾਰ ਨੂੰ ਮਿਲੇਗਾ ਸਕੀਮ ਦਾ ਲਾਭ
- ਔਰਤਾਂ ਲਈ 1100 ਰੁਪਏ ਦਾ ਫੈਸਲਾ ਟਲਿਆ
- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੀਆਂ ਤਿਆਰੀਆਂ ਲਈ ਵਿਸ਼ੇਸ਼ ਬਜਟ ਰੱਖਿਆ ਜਾ ਰਿਹਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ 'ਤੇ ਖ਼ਾਸ ਧਿਆਨ ਦਿੱਤਾ ਜਾਵੇਗਾ।

# ਪੰਜਾਬ ਤੇ ਹਰਿਆਣਾ ਦੇ ਮਸਲੇ ਮਿਲ ਕੇ ਹੱਲ ਕਰਾਂਗੇ: ਸੈਣੀ

## ਵਿਧਾਨ ਸਭਾ ਦੀ ਕਾਰਵਾਈ ਦੇਖਣ ਪੁੱਜੇ ਹਰਿਆਣਾ ਦੇ ਮੁੱਖ ਮੰਤਰੀ ਤੇ ਸਪੀਕਰ



ਚੰਡੀਗੜ੍ਹ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਕਿਹਾ ਕਿ ਪੰਜਾਬ ਤੇ ਹਰਿਆਣਾ ਦੇ ਮਸਲੇ ਮਿਲ ਬੈਠ ਕੇ ਹੱਲ ਕੀਤੇ ਜਾਣਗੇ। ਇਸ ਦੌਰਾਨ ਐੱਸਵਾਈਐੱਲ ਨਹਿਰ ਦੇ ਮੁੱਦੇ ਦਾ ਹੱਲ ਵੀ ਲੱਭਿਆ ਜਾਵੇਗਾ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਵਿੰਦਰ ਕਲਿਆਣ ਅੱਜ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੇ ਤੀਜੇ ਦਿਨ ਦੀ ਕਾਰਵਾਈ ਦੇਖਣ ਇੱਥੇ ਪੁੱਜੇ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਨ੍ਹਾਂ ਦਾ ਇੱਥੇ ਪੁੱਜਣ ’ਤੇ ਸਵਾਗਤ ਕੀਤਾ ਅਤੇ ਉਹ ਸਦਨ ਵਿੱਚ ਸਪੀਕਰ ਗੈਲਰੀ ਵਿੱਚ ਮੌਜੂਦ ਰਹੇ। ਸਪੀਕਰ ਨੇ ਇਸ ਮੌਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਸਨਮਾਨ ਵੀ ਕੀਤਾ। ਇਸ ਦੌਰਾਨ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਗੁਰਮੀਤ ਸਿੰਘ ਖੁੱਡੀਆਂ, ਵਿਰੋਧੀ ਧਿਰ ਦੇ ਆਗੂ ਤੇ ਕਾਂਗਰਸੀ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਅਤੇ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਆਦਿ ਮੌਜੂਦ ਸਨ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਸੈਣੀ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਦੋਵੇਂ ਭਰਾ ਹਨ।

# ਜਲਦ ਡਰੱਗ ਸੈਂਸਸ ਦੀ ਹੋਵੇਗੀ ਸ਼ੁਰੂਆਤ : ਅਮਨ ਅਰੋੜਾ

ਚੰਡੀਗੜ੍ਹ: ਅਮਨ ਅਰੋੜਾ ਨੇ ਕਿਹਾ ਕਿ 1000 ਕਰੋੜ ਰੁਪਏ ਦਾ ਬਜਟ। 2.36 ਲੱਖ ਕਰੋੜ ਰੁਪਏ ਪੇਸ਼ ਕੀਤੇ ਗਏ ਹਨ। ਅਸੀਂ ਨਸ਼ਿਆਂ ਦੇ ਖਤਰੇ ਬਾਰੇ ਚਿੰਤਤ ਹਾਂ ਅਤੇ ਜਲਦੀ ਹੀ ਪੰਜਾਬ ਵਿੱਚ ਨਸ਼ਿਆਂ ਸਬੰਧੀ ਜਨਗਣਨਾ ਸ਼ੁਰੂ ਹੋਵੇਗੀ ਜਿਸ ਵਿੱਚ ਉਨ੍ਹਾਂ ਲੋਕਾਂ ਦੀ ਪਛਾਣ ਨਜ਼ਦੀਕੀ ਪੜਾਅ ’ਤੇ ਕੀਤੀ ਜਾਵੇਗੀ ਤਾਂ ਜੋ ਉਨ੍ਹਾਂ ਨੂੰ ਬਚਾਇਆ ਜਾ ਸਕੇ ਅਤੇ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ ਅਤੇ ਰੁਪਏ-ਰੁਪਏ ਕਮਾਏ ਜਾਣ। ਇਸ ਲਈ 150 ਕਰੋੜ ਰੁਪਏ ਵੀ ਰੱਖੇ ਗਏ ਹਨ। ਇਸ ਦੇ ਨਾਲ ਹੀ, ਖੇਡਾਂ ਨੂੰ ਵੀ ਲਗਾਤਾਰ ਵਧਾਇਆ ਜਾ ਰਿਹਾ ਹੈ, ਜੋ ਕਿ ਪਹਿਲੇ 10 ਸਾਲਾਂ ਵਿੱਚ ਨਹੀਂ ਹੋਇਆ ਸੀ, ਅਤੇ ਹਰ ਘਰ ਨੂੰ 5000 ਰੁਪਏ ਦਾ ਮੁਫ਼ਤ ਇਲਾਜ ਦਿੱਤਾ ਜਾ ਰਿਹਾ ਹੈ। 10 ਲੱਖ ਰੁਪਏ ਦੀ ਬੀਮਾ ਯੋਜਨਾ, ਜਿਸ ਤਹਿਤ ਉਹ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਕਰਵਾ ਸਕਦੇ ਹਨ। ਆਮ ਆਦਮੀ ਕਲੀਨਿਕ ਵਿੱਚ 3 ਕਰੋੜ ਲੋਕਾਂ ਦਾ ਇਲਾਜ ਕੀਤਾ ਗਿਆ ਹੈ ਅਤੇ ਕੁੱਲ ਬਜਟ ਦਾ 11% ਸਿੱਖਿਆ ਲਈ ਰੱਖਿਆ ਗਿਆ ਹੈ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਵਿਕਸਤ ਕਰਨ ਦਾ ਕੰਮ ਸ਼ੁਰੂ ਹੋ ਗਿਆ ਹੈ ਤਾਂ ਜੋ ਉਹ ਭਵਿੱਖ ਵਿੱਚ ਤਰੱਕੀ ਕਰ ਸਕਣ। ਹਰ ਘਰ ਨੂੰ 300 ਯੂਨਿਟ ਮੁਫ਼ਤ ਬਿਜਲੀ ਲਗਾਤਾਰ ਦਿੱਤੀ ਜਾ ਰਹੀ ਹੈ। ਇਹ ਦੇਖਣਾ ਮਹੱਤਵਪੂਰਨ ਹੈ ਕਿ ਤੁਸੀਂ ਸਰਕਾਰ ਨੂੰ ਕਿੰਨੀ ਸਮਝਦਾਰੀ ਨਾਲ ਚਲਾ ਰਹੇ ਹੋ। ਜੇਕਰ ਅਸੀਂ ਸਟਰੀਟ ਲਾਈਟਾਂ ਦੀ ਗੱਲ ਕਰੀਏ,



ਤਾਂ ਅਸੀਂ ਮਹਿੰਗੇ ਖੰਭੇ ਨਹੀਂ ਲਗਾਵਾਂਗੇ, ਇਸ ਦੀ ਬਜਾਏ ਵਿਕਲਪ ਇਹ ਹੋਵੇਗਾ ਕਿ ਲੋਕਾਂ ਦੇ ਘਰਾਂ ’ਤੇ ਲਾਈਟਾਂ ਲਗਾਈਆਂ ਜਾਣਗੀਆਂ ਅਤੇ ਜੇਕਰ ਇਹ ਘਰ ਦੀ ਇਕਾਈ ਨਾਲ ਜੁੜੀਆਂ ਹੋਣ ਤਾਂ ਘਰ ਨੂੰ ਬਿਜਲੀ ’ਤੇ ਛੋਟ ਮਿਲੇਗੀ। ਪੰਜਾਬ ਵਿੱਚ 9700 ਕਰੋੜ ਦਾ ਨਿਵੇਸ਼ ਆਇਆ ਹੈ। 51 ਹਜ਼ਾਰ 655 ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ ਇਹ ਹੋਰ ਵਧੇਗਾ। ਪਿੰਡਾਂ ਦੇ ਖੇਡ ਸਟੇਡੀਅਮਾਂ ਅਤੇ ਸ਼ੈੱਡਾਂ ਦੀ ਸਫਾਈ ਕੀਤੀ ਜਾਵੇਗੀ। ਜੇਕਰ ਅਸੀਂ ਲਿੰਕ ਰੋਡ ਦੀ ਗੱਲ ਕਰੀਏ ਤਾਂ ਆਰਡੀਐਫ ਦਾ ਪੈਸਾ ਬਹੁਤ ਸਮੇਂ ਤੋਂ ਨਹੀਂ ਆਇਆ ਹੈ ਪਰ ਲਿੰਕ ਸੜਕਾਂ 2873 ਕਰੋੜ ਰੁਪਏ ਦੀ ਲਾਗਤ ਨਾਲ ਬਣਾਈਆਂ ਜਾਣਗੀਆਂ।31 ਮਾਰਚ, 2020 ਤੱਕ ਕਰਜ਼ਾ ਲੈਣ ਵਾਲੇ 5 ਹਜ਼ਾਰ ਦਲਿਤ ਪਰਿਵਾਰਾਂ ਦੇ ਕਰਜ਼ੇ ਮੁਆਫ਼ ਕਰਨ ਦੀ ਵਿਵਸਥਾ ਹੈ।ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਇਹ ਬਜਟ ਲੋਕਾਂ ’ਤੇ ਕੋਈ ਬੋਝ ਪਾਏ ਬਿਨਾਂ ਬਣਾਇਆ ਗਿਆ ਹੈ।

# ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰ ਰਹੇ ਨੇ ਸਪੀਕਰ : ਖਹਿਰਾ

## ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਵਿੱਚੋਂ ਵਾਕਆਊਟ ਕਰਨ ਮੌਕੇ ਚੁੱਕੇ ਸਵਾਲ



ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਦੂਜੇ ਦਿਨ ਕਾਂਗਰਸ ਦੇ ਵਿਧਾਇਕਾਂ ਨੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਕਥਿਤ ਤੌਰ ’ਤੇ ਸਦਨ ਵਿੱਚ ਬੋਲਣ ਦਾ ਮੌਕਾ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਪੰਜਾਬ ਵਿਧਾਨ ਸਭਾ ਵਿੱਚੋਂ ਵਾਕਆਊਟ ਕੀਤਾ। ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੇ ਵਿਧਾਨ ਸਭਾ ’ਚੋਂ ਵਾਕਆਊਟ ਕਰਨ ਤੋਂ ਬਾਅਦ ਕਿਹਾ ਕਿ ਸਪੀਕਰ ਵੱਲੋਂ ਵਿਰੋਧੀਆਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਲਈ ਸਦਨ ਵਿੱਚੋਂ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਬੋਲਣ ਦਾ ਸਮਾਂ ਘੱਟ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਪੀਕਰ ਵੱਲੋਂ ਪਿਛਲੇ ਸਾਲ ਤੋਂ ਉਨ੍ਹਾਂ ਨੂੰ ਵਿਧਾਨ ਸਭਾ ਦੀ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਰੋਕਿਆ ਜਾ ਰਿਹਾ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਉਸ ਵੱਲੋਂ ਸਿਫ਼ਰ ਕਾਲ ਵਿੱਚ ਕਿਸਾਨੀ ਦੀ ਗੱਲ ਕੀਤੀ ਜਾਣੀ ਸੀ, ਜਿਸ ਲਈ ਉਸ ਨੇ ਆਪਣੀ ਗੱਲ ਰੱਖਣ ਲਈ 10 ਵਾਰ ਵਿਧਾਨ ਸਭਾ ਵਿੱਚ ਹੱਥ ਖੜ੍ਹਾ ਕੀਤਾ ਪਰ ਵਿਧਾਨ ਸਭਾ ਸਪੀਕਰ ਵੱਲੋਂ ਉਨ੍ਹਾਂ ਨੂੰ ਬੋਲਣ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਿੱਚ ਕੁੱਲ 117 ਵਿਧਾਇਕਾਂ ਵਿੱਚੋਂ ਕਾਂਗਰਸੀ ਵਿਧਾਇਕਾਂ ਨੂੰ ਬਣਦਾ ਸਮਾਂ ਨਹੀਂ ਦਿੱਤਾ ਜਾ ਰਿਹਾ, ਬਲਕਿ ਸੱਤਾਧਾਰੀ ਧਿਰ ਦੇ ਵਿਧਾਇਕਾਂ ਨੂੰ ਸਮਾਂ ਦਿੱਤਾ ਜਾ ਰਿਹਾ ਹੈ। ਸਪੀਕਰ ਵੱਲੋਂ ਵਿਰੋਧੀ ਧਿਰ ਨੂੰ ਚੁੱਪ ਕਰਵਾ ਕੇ ਲੋਕਤੰਤਰੀ ਬਹਿਸ ਦੇ ਮੂਲ ਅਰਥਾਂ ’ਤੇ ਹਮਲਾ ਕੀਤਾ ਜਾ ਰਿਹਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਕਾਂਗਰਸੀ ਵਿਧਾਇਕਾਂ ਨੇ ਕਿਹਾ ਕਿ ਪੰਜਾਬ ਵਿੱਚ ਬੁਲਡੋਜ਼ਰ ਰਾਜ ਚੱਲ ਰਿਹਾ ਹੈ। ਇਸੇ ਤਹਿਤ ਪੁਲੀਸ ਵੱਲੋਂ ਸ਼ੰਭੂ ਤੇ ਖਨੌਰੀ ਬਾਰਡਰ ’ਤੇ ਚੱਲ ਰਹੇ ਕਿਸਾਨਾਂ ਦੇ ਮੋਰਚੇ ’ਤੇ ਬੁਲਡੋਜ਼ਰ ਚਲਾ ਦਿੱਤਾ ਗਿਆ ਹੈ। ਇਸ ਦੌਰਾਨ ਕਿਸਾਨਾਂ ਦੀਆਂ ਸੈਂਕੜੇ ਟਰਾਲੀਆਂ ਤੇ ਹੋਰ ਸਾਮਾਨ ਚੋਰੀ ਹੋ ਗਿਆ, ਜੋ ਹਾਲੇ ਤੱਕ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਕਿਸਾਨ ਮੋਰਚੇ ਦਾ ਸਾਮਾਨ ਸੱਤਾਧਾਰੀ ਧਿਰ ਦੇ ਨਜ਼ਦੀਕੀਆਂ ਦੇ ਘਰੋਂ ਮਿਲ ਰਿਹਾ ਹੈ। ਪੁਲੀਸ ਵੱਲੋਂ ਸਬੰਧਤ ਵਿਅਕਤੀਆਂ ਦੀ ਥਾਂ ਅਣਪਛਾਤਿਆਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

## ਸਪੀਕਰ ਦਾ ਵਤੀਰਾ ਪੱਖਪਾਤੀ : ਬਾਜਵਾ

ਚੰਡੀਗੜ੍ਹ :ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਬੇਹੱਦ ਪੱਖਪਾਤੀ ਤੇ ਤਾਨਾਸ਼ਾਹੀ ਵਿਵਹਾਰ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਪੀਕਰ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਵਿਧਾਨ ਸਭਾ ਦੇ ਸਰਪ੍ਰਸਤ ਹਨ, ਮਾਲਕ ਨਹੀਂ ਤੇ ਸਪੀਕਰ ਨੂੰ ਸਾਰੇ ਵਿਧਾਇਕਾਂ ਨਾਲ ਬਰਾਬਰ ਦਾ ਵਿਵਹਾਰ ਕਰਨਾ ਚਾਹੀਦਾ ਹੈ ਪਰ ਅੱਜ ਸਪੀਕਰ ਨੇ ਜਿਸ ਤਰ੍ਹਾਂ ਦਾ ਵਿਵਹਾਰ ਕੀਤਾ, ਉਹ ਬਹੁਤ ਹੀ ਗ਼ੈਰ-ਜਮਹੂਰੀ ਸੀ। ਉਨ੍ਹਾਂ ਨੂੰ ਆਪਣੇ ਪੱਖਪਾਤੀ ਵਿਵਹਾਰ ਨੂੰ ਸੁਧਾਰਨਾ ਚਾਹੀਦਾ ਹੈ। ਬਾਜਵਾ ਨੇ ਕਿਹਾ ਕਿ ਜਦੋਂ ਵੀ ਸੁਖਪਾਲ ਖਹਿਰਾ ਨੇ ਬੋਲਣ ਲਈ ਸਮਾਂ ਮੰਗਣ ਲਈ ਹੱਥ ਚੁੱਕਿਆ ਤਾਂ ਸਪੀਕਰ ਨੇ ਉਨ੍ਹਾਂ ਦੀ ਬੇਨਤੀ ਨੂੰ ਠੁਕਰਾ ਦਿੱਤਾ, ਜੋ ਨਿੰਦਣਯੋਗ ਹੈ।

## ਪੰਜਾਬੀਆਂ ਤੋਂ ਦਿੱਲੀ ਦਾ ਬਦਲਾ ਲੈਣ ਦੀ ਕੋਸ਼ਿਸ਼ ਹੈ ਬਜਟ : ਰਾਜਾ ਵੜਿੰਗ




ਚੰਡੀਗੜ੍ਹ : ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਵਲੋਂ ਪੇਸ਼ ਕੀਤਾ ਗਿਆ ਬਜਟ ਨਾ ਤਾਂ ਯੋਜਨਾਬੱਧ ਹੈ ਅਤੇ ਨਾ ਹੀ ਇਸਦਾ ਕੋਈ ਦ੍ਰਿਟੀਕੋਣ ਹੈ। ਉਨ੍ਹਾਂ ਕਿਹਾ ਕਿ ‘ਆਪ’ ਨੇ ਹੁਣ ਤੋਂ ਹੀ ਹਾਰ ਅਤੇ ਸੱਤਾ ਤੋਂ ਬਾਹਰ ਜਾਣ ਨੂੰ ਸਵੀਕਾਰ ਕਰ ਲਿਆ ਹੈ, ਇਸ ਲਈ ਇਸ ਨੇ ਪੰਜਾਬ ਦੇ ਲੋਕਾਂ ਨੂੰ ਕੋਈ ਰਾਹਤ ਨਾ ਦੇਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਬਜਟ ਵਿਚ ਪੰਜਾਬੀਆਂ ਨੂੰ ਕੁਝ ਵੀ ਨਾ ਦੇਣਾ ਪੰਜਾਬੀਆਂ ਤੋਂ ਦਿੱਲੀ ਦੀ ਹਾਰ ਦਾ ਬਦਲਾ ਲੈਣ ਦੀ ਕੋਸ਼ਿਸ਼ ਹੈ। ਉਨ੍ਹਾਂ ਸਵਾਲ ਕੀਤਾ ਕਿ ਰਾਜ ਦੀਆਂ ਔਰਤਾਂ ਨੂੰ 1000 ਰੁਪਏ ਦੀ ਮਹੀਨਾਵਾਰ ਨਕਦ ਸਹਾਇਤਾ ਦੇਣ ਦੇ ਵਾਰ-ਵਾਰ ਕੀਤੇ ਵਾਅਦੇ ਦਾ ਕੀ ਹੋਇਆ?

## ਬਜਟ ’ਚ ਪੰਜਾਬੀਆਂ ਨਾਲ ਕੀਤਾ ਗਿਆ ਧੋਖਾ : ਸੁਖਬੀਰ ਬਾਦਲ



ਚੰਡੀਗੜ੍ਹ : ਆਮ ਆਦਮੀ ਪਾਰਟੀ (ਆਪ) ਅਤੇ ਮੁੱਖ ਮੰਤਰੀ ਪੰਜਾਬ ਨੇ 2025-26 ਦੇ ਬਜਟ ’ਚ ਪੰਜਾਬੀਆਂ ਨਾਲ ਕੀਤੇ ਵਾਅਦੇ ਪੂਰੇ ਕਰਨ ਤੋਂ ਮੁੱਕਰ ਕੇ ਪੰਜਾਬੀਆਂ ਨਾਲ ਵੱਡਾ ਧੋਖਾ ਕੀਤਾ ਹੈ ਤੇ ਕਿਸਾਨਾਂ, ਔਰਤਾਂ, ਨੌਜਵਾਨਾਂ, ਵਪਾਰੀਆਂ, ਸਰਕਾਰੀ ਮੁਲਾਜ਼ਮਾਂ ਤੇ ਸਮਾਜ ਦੇ ਕਮਜ਼ੋਰ ਵਰਗਾਂ ਨਾਲ ਵਿਤਕਰਾ ਕੀਤਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕੀਤਾ। ਉਨ੍ਹਾਂ ਕਿਹਾ ਕਿ ਬਜਟ ਵਿਚ ਪੂੰਜੀ ਖ਼ਰਚ ਲਈ ਕੋਈ ਪੈਸਾ ਨਹੀਂ ਰੱਖਿਆ ਗਿਆ ਤੇ ਸਿਰਫ਼ 10 ਹਜ਼ਾਰ ਕਰੋੜ ਰੁਪਏ ਰੱਖੇ ਗਏ ਜਦਕਿ ਸੂਬੇ ਸਿਰ ਕਰਜ਼ਾ ‘ਆਪ’ ਸਰਕਾਰ ਦੇ ਕਾਰਜਕਾਲ ਵੇਲੇ 1.54 ਕਰੋੜ ਰੁਪਏ ਵਧ ਕੇ 4.17 ਕਰੋੜ ਰੁਪਏ ਹੋ ਜਾਵੇਗਾ।

## ਸਿਰ.ਫ ਜੁਮਲਿਆਂ ਵਾਲਾ ਬਜਟ : ਅਸ਼ਵਨੀ ਸ਼ਰਮਾ



ਚੰਡੀਗੜ੍ਹ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੇ ਕਿਹਾ ਕਿ ‘ਆਪ’ ਸਰਕਾਰ ਨੇ ਅੱਜ ਜੁਮਲਿਆਂ ਵਾਲਾ ਬਜਟ ਪੇਸ਼ ਕਰਕੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕੀਤਾ ਹੈ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਦਾ ਬਜਟ ਝੂਠੇ ਵਾਅਦੇ ਅਤੇ ਖੋਖਲੀਆਂ ਗਾਰੰਟੀਆਂ ਨਾਲ ਭਰਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਰਥਿਕ ਹਾਲਤ ਹੋਰ ਵੀ ਬਦਤਰ ਹੁੰਦੀ ਜਾ ਰਹੀ ਹੈ, ਪਰ ‘ਆਪ’ ਸਰਕਾਰ ਨੂੰ ਸਿਰਫ਼ ਇਸ਼ਤਿਹਾਰਾਂ ਤੇ ਝੂਠੇ ਦਾਅਵਿਆਂ ਤੋਂ ਫ਼ੁਰਸਤ ਨਹੀਂ। ਉਨ੍ਹਾਂ ਕਿਹਾ ਕਿ ਸਰਕਾਰ ਦੇ ਚੌਥੇ ਬਜਟ ’ਚ ਵੀ ਮਾਯੂਸੀ ਹੀ ਹੋਈ, ਸਰਕਾਰ ਦੱਸੇ ਕਿ ਔਰਤਾਂ ਨੂੰ 1000 ਕਦੋਂ ਮਿਲਣਗੇ? ਉਨ੍ਹਾਂ ਕਿਹਾ ਕਿ ਬਜਟ ਤੋਂ ਹਰ ਵਰਗ ਨੂੰ ਨਿਰਾਸ਼ਾ ਹੀ ਮਿਲੀ ਹੈ।

## .ਗਲਤ ਅੰਕੜਿਆਂ ਨਾਲ ਗੁਮਰਾਹ ਕਰਨ ਦੀ ਕੋਸ਼ਿਸ਼ : ਬਾਜਵਾ



ਚੰਡੀਗੜ੍ਹ : ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਬਜਟ ਨੂੰ ਨਮਕ ਤੇ ਮੱਖਣ ਨਾਲ ਚੋਪੜੀ ’ਬਾਸੀ ਰੋਟੀ’ ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਨੇ ਗ਼ਲਤ ਅੰਕੜਿਆਂ ਨਾਲ ਹਰ ਵਰਗ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਬਜਟ ’ਚ ਨਾ ਔਰਤਾਂ ਨੂੰ 1100 ਮਿਲੇ ਤੇ ਨਾ ਕਿਸਾਨਾਂ ਨੂੰ ਐਮ.ਐਸ.ਪੀ.। ਉਨ੍ਹਾਂ ਕਿਹਾ ਕਿ ਖ਼ਜ਼ਾਨਾ ਮੰਤਰੀ ਨੇ ਇਸ ਬਜਟ ਨਾਲ ਪੰਜਾਬ ਦੇ ਹਰ ਵਰਗ ਨਾਲ ਵਾਅਦਾ ਖ਼ਿਲਾਫ਼ੀ ਅਤੇ ਧੋਖਾ ਕੀਤਾ ਹੈ ਕਿਉਂਕਿ ਇਹ ਸਿਰਫ਼ ਗੱਲਾਂ ਵਾਲਾ ਬਜਟ ਹੈ, ਜਦ ਕਿ ਸਰਕਾਰ ਕੋਲ ਕਿਸੇ ਵੀ ਖੇਤਰ ’ਤੇ ਲਾਉਣ ਲਈ ਇਕ ਰੁਪਈਆ ਵੀ ਨਹੀਂ, ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕੁਝ ਦਿੱਤਾ ਹੈ ਉਹ ਹੈ ਕਰਜ਼ੇ ਦਾ ਬੋਝ।

## ਬਜਟ ਦਿਸ਼ਾਹੀਣ ਤੇ ਲੋਕ ਵਿਰੋਧੀ : ਕਰੀਮਪੁਰੀ



ਜਲੰਧਰ : ਬਹੁਜਨ ਸਮਾਜ ਪਾਰਟੀ (ਬਸਪਾ) ਨੇ ਅੱਜ ਸੂਬੇ ਦੀ ‘ਆਪ’ ਸਰਕਾਰ ਵਲੋਂ ਪੇਸ਼ ਕੀਤੇ ਗਏ ਬਜਟ ਨੂੰ ਦਿਸ਼ਾਹੀਣ, ਲੋਕ ਵਿਰੋਧੀ ਤੇ ਪੰਜਾਬ ਨੂੰ ਹੋਰ ਘੋਰ ਅੰਧਕਾਰ ਵੱਲ ਧੱਕਣ ਵਾਲਾ ਕਰਾਰ ਦਿੱਤਾ ਹੈ । ਇਸ ਸੰਬੰਧੀ ਬਸਪਾ ਦੇ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਜਟ ਵਿਚ ਅਜਿਹਾ ਕੋਈ ਵੀ ਪ੍ਰਬੰਧ ਨਹੀਂ ਕੀਤਾ ਗਿਆ, ਜਿਸ ਨਾਲ ਪੰਜਾਬ ਬੇਰੁਜ਼ਗਾਰੀ ਦੇ ਸੰਕਟ ’ਚੋਂ ਬਾਹਰ ਨਿਕਲ ਸਕਦਾ ਹੋਵੇ । ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਸੰਭਾਲਣ, ਕਿਸਾਨੀ, ਦੱਬੇ ਕੁਚਲੇ ਸਮਾਜ ਆਦਿ ਨਾਲ ਜੁੜੇ ਮੁੱਦਿਆਂ ’ਤੇ ਇਹ ਬਜਟ ਖਾਮੋਸ਼ ਹੈ ।

## ਪੰਜਾਬ ਹੋਰ ਕਰਜ਼ਾਈ ਹੋਵੇਗਾ : ਚੀਮਾ



ਚੰਡੀਗੜ੍ਹ : ਪੰਜਾਬ ਵਿਚਲੀ ‘ਆਪ’ ਸਰਕਾਰ ਵਲੋਂ ਪੇਸ਼ ਕੀਤੇ ਗਏ ਬਜਟ ’ਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜ਼ਿਆਦਾ ਚੀਜ਼ਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਲੋਕਾਂ ਸਾਹਮਣੇ ਸੱਚ ਨਾ ਸਕੇ ਅਤੇ ਹੈਰਾਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਆਪ ਪਾਰਟੀ ਦੀ ਸਰਕਾਰ ਲੋਕਾਂ ਨੂੰ ਵੱਡੇ ਸੁਪਨੇ ਦਿਖਾ ਕੇ ਸੱਤਾ ਵਿਚ ਆਈ ਸੀ ਪਰ ਅੱਜ ਇਹ ਹਾਲ ਹੈ ਕਿ ਸਰਕਾਰ ਦੇ ਇਸ ਬਜਟ ਤੋਂ ਬਾਅਦ ਪੰਜਾਬ ਸਿਰ ਕਰਜ਼ਾ 4,17,136 ਕਰੋੜ ਹੋ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਬਜਟ ਨਾਲ ਪੰਜਾਬ ਹੋਰ ਕਰਜ਼ਾਈ ਹੋਵੇਗਾ।

## ਮੁੰਗੇਰੀ ਲਾਲ ਦੇ ਸੁਪਨਿਆਂ ਵਾਲਾ ਬਜਟ : ਰਾਣਾ ਗੁਰਜੀਤ ਸਿੰਘ



ਚੰਡੀਗੜ੍ਹ : ਕਾਂਗਰਸ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਬਜਟ ਮੁੰਗੇਰੀ ਲਾਲ ਦੇ ਸੁਪਨਿਆਂ ਤੋਂ ਜ਼ਿਆਦਾ ਕੁਝ ਵੀ ਨਹੀਂ। ਸਰਕਾਰ ਨੇ ਨਾ ਤਾਂ ਕਿਸਾਨਾਂ ਲਈ ਇਸ ਬਜਟ ’ਚ ਕੁਝ ਖ਼ਾਸ ਕੀਤਾ ਹੈ ਤੇ ਨਾ ਹੀ ਸਰਕਾਰ ਔਰਤਾਂ ਨਾਲ ਕੀਤਾ ਆਪਣਾ ਵਾਅਦਾ ਹੀ ਪੂਰਾ ਕਰ ਸਕੀ। ਉਨ੍ਹਾਂ ਕਿਹਾ ਕਿ ਅੰਕੜਿਆਂ ਜ਼ਰੀਏ ਸਿਰਫ਼ ਪੰਜਾਬ ਦੇ ਲੋਕਾਂ ਦੀਆਂ ਅੱਖਾਂ ’ਚ ਘੱਟਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਦਾ ਅਸਲ ’ਚ ਕੋਈ ਸਵਰੂਪ ਹੀ ਨਹੀਂ। ਉਨ੍ਹਾਂ ਸਰਕਾਰ ਦੇ ਬਜਟ ਨੂੰ ਲਿਫ਼ਾਫ਼ਾ ਬਜਟ ਦੱਸਿਆ।

## ਖੇਤੀ ਸੰਕਟ ਦੇ ਹੱਲ ਸੰਬੰਧੀ ਬਜਟ ਪੂਰੀ ਤਰ੍ਹਾਂ ਖੋਖਲਾ : ਜੰਗਵੀਰ ਸਿੰਘ ਚੌਹਾਨ



ਜਲੰਧਰ : ਪੰਜਾਬ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਖੇਤੀ ਖੇਤਰ ਦੇ ਸੰਕਟ ਨੂੰ ਹੱਲ ਕਰਨ ਪੱਖੋਂ ਬਜਟ ਪੂਰੀ ਤਰ੍ਹਾਂ ਦਿਸ਼ਾਹੀਨ ਹੈ ਅਤੇ ਪੰਜਾਬ ਸਰਕਾਰ ਨੇ ਕਿਸਾਨਾਂ ਦੀ ਕਰਜ਼ਾ ਮੁਕਤੀ ਦੀ ਮੰਗ ਨੂੰ ਬਜਟ ’ਚ ਮੂਲੋਂ ਹੀ ਵਿਸਾਰ ਦਿੱਤਾ ਹੈ, ਜਦਕਿ ਬਾਸਮਤੀ, ਮੱਕੀ, ਮੂੰਗੀ, ਆਲੂ, ਮਟਰ ਅਤੇ ਗੋਭੀ ਆਦਿ ਫਸਲਾਂ ਦੀ ਐਮ.ਐਸ.ਪੀ. ’ਤੇ ਖਰੀਦ ਸੰਬੰਧੀ ਮੰਗ ਤੋਂ ਵੀ ਇਕ ਢੰਗ ਨਾਲ ਟਾਲਾ ਵੱਟ ਲਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਦੋਆਬਾ ਕਿਸਾਨ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਜੰਗਵੀਰ ਸਿੰਘ ਚੌਹਾਨ ਨੇ ਕਿਹਾ ਕਿ ਭਾਵੇਂ ਵਿੱਤ ਮੰਤਰੀ ਨੇ ਖੇਤੀ ਬਜਟ ’ਚ ਪੰਜ .ਫੀਸਦੀ ਦਾ ਵਾਧਾ ਕਰਨ ਲਈ ਆਪਣੀ ਪਿੱਠ ਆਪ ਥਾਪੜੀ ਹੈ ਪਰ ਬੀਤੇ ਸਾਲਾਂ ਦੇ ਮੁਕਾਬਲੇ ਕੀਮਤਾਂ ਵਿੱਚ ਹੋਏ ਵਾਧੇ ਕਾਰਨ ਅਸਲ ’ਚ ਇਹ ਵਾਧਾ ਕੋਈ ਵਾਧਾ ਨਹੀਂ ਹੈ।

### ਕੁਝ ਲੋਕਾਂ ਨੇ ਭਿੰਡਰਾਵਾਲਾ ਬਣਨ ਦੀ ਕੋਸ਼ਿਸ਼ ਕੀਤੀ, ਅੱਜ ਆਸਾਮ 'ਚ ਬੈਠ ਕੇ ਪਾਠ ਕਰ ਰਹੇ ਹਨ

# ਦੇਸ਼ ਨੂੰ ਖਤਰਾ ਦੇਣ ਵਾਲਿਆਂ ਨੂੰ ਖੜ੍ਹਾ ਹੋਣ ਤੋਂ ਪਹਿਲਾਂ ਹੀ ਖਤਮ ਕਰ ਦਿੱਤਾ ਜਾਵੇਗਾ : ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਵੱਡੀ ਧਮਕੀ

ਨਵੀਂ ਦਿੱਲੀ : ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਾਜ ਸਭਾ ਵਿੱਚ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦੇਸ਼ ਦੀ ਸੁਰੱਖਿਆ 'ਤੇ ਚਰਚਾ ਕੀਤੀ। ਉਨ੍ਹਾਂ ਨੇ ਜੰਮੂ ਅਤੇ ਕਸ਼ਮੀਰ ਸਮੱਸਿਆ, ਖੱਬੇ ਪੱਖੀ ਅੱਤਵਾਦ ਅਤੇ ਉੱਤਰ ਪੂਰਬ ਵਿੱਚ ਬਗਾਵਤ ਦਾ ਜ਼ਿਕਰ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਪੂਰੀ ਦੁਨੀਆ ਵਿੱਚ ਸਿਰਫ਼ ਦੋ ਹੀ ਦੇਸ਼ (ਇਜ਼ਰਾਈਲ ਅਤੇ ਅਮਰੀਕਾ) ਸਨ ਜੋ ਆਪਣੀਆਂ ਸਰਹੱਦਾਂ ਅਤੇ ਫੌਜ ਲਈ ਹਰ ਪੱਧਰ 'ਤੇ ਤਿਆਰ ਸਨ। ਇਸ ਸੂਚੀ ਵਿੱਚ ਭਾਰਤ ਦਾ ਨਾਮ ਸ਼ਾਮਲ ਹੈ। ਅਸੀਂ ਪਾਕਿਸਤਾਨ ਵਿੱਚ ਦਾਖਲ ਹੋ ਕੇ ਬਦਲਾ ਲਿਆ ਹੈ।



ਰਾਜ ਸਭਾ ਵਿੱਚ, ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਆਪਣਾ ਭਾਸ਼ਣ ਸ਼ੁਰੂ ਕੀਤਾ। ਉਨ੍ਹਾਂ ਕਿਹਾ, ਮੈਂ ਉਨ੍ਹਾਂ ਸੈਨਿਕਾਂ ਨੂੰ ਸ਼ਰਧਾਂਜਲੀ ਦਿੰਦਾ ਹਾਂ ਜਿਨ੍ਹਾਂ ਨੇ ਆਜ਼ਾਦੀ ਤੋਂ ਬਾਅਦ ਦੇਸ਼ ਦੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਲਈ ਸਰਵਉੱਚ ਕੁਰਬਾਨੀ ਦਿੱਤੀ। ਮੈਂ ਸ਼ਹੀਦਾਂ ਦੇ ਪਰਿਵਾਰਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਦੇਸ਼ ਦੀ ਰੱਖਿਆ ਲਈ ਭੇਜਿਆ। ਇਸ ਦੌਰਾਨ ਅਮਿਤ ਸ਼ਾਹ ਨੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਵੱਡਾ ਬਿਆਨ ਦਿੱਤਾ।

ਅਮਿਤ ਸ਼ਾਹ ਨੇ ਕਿਹਾ ਕਿ ਪੰਜਾਬ ਵਿੱਚ ਕੁਝ ਲੋਕ ਜਰਨੈਲ ਸਿੰਘ ਭਿੰਡਰਾਵਾਲਾ ਬਣਨਾ ਚਾਹੁੰਦੇ ਸਨ। ਕੋਸ਼ਿਸ਼ਾਂ ਵੀ ਕੀਤੀਆਂ, ਪਰ ਅੱਜ ਉਹ ਲੋਕ ਆਸਾਮ ਵਿੱਚ ਬੈਠੇ ਆਰਾਮ ਨਾਲ ਗੁਰੂ ਸਾਹਿਬ ਦਾ ਪਾਠ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲਾਂਕਿ, ਪੰਜਾਬ ਵਿੱਚ ਸਾਡੀ ਸਰਕਾਰ ਨਹੀਂ ਸੀ, ਫਿਰ ਵੀ ਗ੍ਰਹਿ ਮੰਤਰਾਲੇ ਨੇ ਦ੍ਰਿੜ ਇਰਾਦੇ ਨਾਲ ਅਜਿਹੇ ਲੋਕਾਂ ਨੂੰ ਆਸਾਮ ਭੇਜਿਆ।

ਉਨ੍ਹਾਂ ਅੱਗੇ ਕਿਹਾ ਕਿ ਗ੍ਰਹਿ ਮੰਤਰਾਲਾ ਬਹੁਤ ਮੁਸ਼ਕਲ ਹਾਲਾਤਾਂ ਵਿੱਚ ਕੰਮ ਕਰਦਾ ਹੈ। ਸਰਹੱਦੀ ਸੁਰੱਖਿਆ ਅਤੇ ਅੰਦਰੂਨੀ ਸੁਰੱਖਿਆ ਗ੍ਰਹਿ ਮੰਤਰਾਲੇ ਦੇ ਅਧੀਨ ਆਉਂਦੀ ਹੈ। ਪਰ ਜਦੋਂ ਕਾਨੂੰਨ ਵਿਵਸਥਾ ਦੀ ਜ਼ਿੰਮੇਵਾਰੀ ਰਾਜਾਂ ਦੀ ਹੁੰਦੀ ਹੈ, ਤਾਂ ਅਜਿਹੀ ਸਥਿਤੀ ਪੈਦਾ ਹੁੰਦੀ ਹੈ ਜਿਸ ਵਿੱਚ ਬਹੁਤ ਸਾਰੇ ਮਾਮਲਿਆਂ ਵਿੱਚ, ਚੀਜ਼ਾਂ ਸਿਰਫ ਰਾਜਾਂ ਦੀਆਂ ਸੀਮਾਵਾਂ ਤੱਕ ਸੀਮਤ ਨਹੀਂ ਰਹਿੰਦੀਆਂ।

**ਦੇਸ਼ ਦੀਆਂ ਸਰਹੱਦਾਂ ਤੋਂ ਬਾਹਰ ਹੁੰਦੀ ਹੈ ਸਾਜਿਸ਼** : ਅਮਿਤ ਸ਼ਾਹ ਨੇ ਕਿਹਾ, ਕਈ ਅਪਰਾਧ ਅਜਿਹੇ ਹੁੰਦੇ ਹਨ, ਜੋ ਦੇਸ਼ ਦੀਆਂ ਸਰਹੱਦਾਂ ਤੋਂ ਬਾਹਰ ਵੀ ਦੇਸ਼ ਦੇ ਖਿਲਾਫ ਹੁੰਦੇ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਗ੍ਰਹਿ ਮੰਤਰਾਲੇ ਵਿੱਚ ਵੀ ਬਦਲਾਅ ਜ਼ਰੂਰੀ ਹਨ। ਮੈਂ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਬਦਲਾਅ ਲਿਆ ਕੇ ਦੇਸ਼ ਨੂੰ ਮਜ਼ਬੂਤ ਕੀਤਾ ਹੈ। ਜਦੋਂ ਅਸੀਂ ਗ੍ਰਹਿ ਮੰਤਰਾਲੇ ਦੀ ਗੱਲ ਕਰਦੇ ਹਾਂ, ਤਾਂ 2014 ਤੋਂ ਪਹਿਲਾਂ ਦੇਸ਼ ਵਿੱਚ ਬਹੁਤ ਸਾਰੇ ਮੁੱਦੇ ਸਨ, ਜਿਨ੍ਹਾਂ ਨੂੰ ਮੋਦੀ ਸਰਕਾਰ ਨੂੰ ਮਿਲੇ। ਇਸ ਦੇਸ਼ ਦਾ ਵਿਕਾਸ ਤਿੰਨ ਸਮੱਸਿਆਵਾਂ ਕਾਰਨ ਰੁਕ ਗਿਆ ਸੀ। ਇਹ ਨਾਸੂਰ ਸਨ, ਇਹ ਅਜਿਹੀਆਂ ਸਮੱਸਿਆਵਾਂ ਸਨ ਜੋ ਦੇਸ਼ ਦੀ ਸ਼ਾਂਤੀ ਨੂੰ ਭੰਗ ਕਰ ਰਹੀਆਂ ਸਨ।

**ਸਰਜੀਕਲ ਸਟ੍ਰਾਈਕ ਅਤੇ ਏਅਰ ਸਟ੍ਰਾਈਕ ਕੀਤੀ** : ਗ੍ਰਹਿ ਮੰਤਰੀ ਨੇ ਕਿਹਾ, ਸਾਡੇ ਸੱਤਾ ਵਿੱਚ ਆਉਣ ਤੋਂ ਬਾਅਦ, ਉਰੀ ਅਤੇ ਪੁਲਵਾਮਾ ਵਿੱਚ ਹਮਲੇ ਵੀ ਹੋਏ, ਪਰ ਅਸੀਂ ਚੁੱਪ ਰਹਿਣ ਵਾਲਿਆਂ ਵਿੱਚੋਂ ਨਹੀਂ ਸੀ। ਅਸੀਂ ਸਿਰਫ਼ ਦਸ ਦਿਨਾਂ ਵਿੱਚ ਪਾਕਿਸਤਾਨ ਵਿੱਚ ਵੜ੍ਹ ਕੇ ਸਰਜੀਕਲ ਸਟ੍ਰਾਈਕ ਅਤੇ ਹਵਾਈ ਹਮਲੇ ਕੀਤੇ। ਪੂਰੀ ਦੁਨੀਆ ਵਿੱਚ ਸਿਰਫ਼ ਦੋ ਹੀ ਦੇਸ਼ (ਇਜ਼ਰਾਈਲ ਅਤੇ ਅਮਰੀਕਾ) ਸਨ ਜੋ ਆਪਣੀਆਂ ਸਰਹੱਦਾਂ ਅਤੇ ਫੌਜ ਲਈ ਹਰ ਪੱਧਰ 'ਤੇ ਤਿਆਰ ਰਹੇ। ਇਸ ਸੂਚੀ ਵਿੱਚ ਭਾਰਤ ਦਾ ਨਾਮ ਵੀ ਸ਼ਾਮਲ ਹੈ। ਇਹ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਹੋਇਆ ਹੈ।

**ਸ਼ਾਹ ਨੇ ਇਨ੍ਹਾਂ ਤਿੰਨਾਂ ਮੁੱਦਿਆਂ ਨੂੰ ਦੱਸਿਆ ਨਾਸੂਰ** : ਗ੍ਰਹਿ ਮੰਤਰੀ ਨੇ ਕਿਹਾ, ਜੰਮੂ ਕਸ਼ਮੀਰ (ਅੱਤਵਾਦ), ਖੱਬੇਪੱਖੀ ਅਤਿਵਾਦ ਅਤੇ ਤੀਜੀ ਸਮੱਸਿਆ ਉੱਤਰ ਪੂਰਬ ਵਿੱਚ ਅਤਿਵਾਦ ਸੀ। ਇਨ੍ਹਾਂ ਸਮੱਸਿਆਵਾਂ ਕਾਰਨ ਚਾਰ ਦਹਾਕਿਆਂ ਵਿੱਚ ਦੇਸ਼ ਦੇ ਲਗਭਗ 92 ਹਜ਼ਾਰ ਨਾਗਰਿਕ ਮਾਰੇ ਗਏ। ਕਸ਼ਮੀਰ ਵਿੱਚ ਗੁਆਂਢੀ ਦੇਸ਼ ਤੋਂ ਅੱਤਵਾਦੀ ਹਰ ਰੋਜ਼ ਦਾਖਲ ਹੁੰਦੇ ਸਨ, ਹਮਲਾ ਕਰਦੇ ਸਨ। ਇੱਕ ਵੀ ਤਿਉਹਾਰ ਅਜਿਹਾ ਨਹੀਂ ਸੀ ਜੋ ਚਿੰਤਾਵਾਂ ਤੋਂ ਬਿਨਾਂ ਨਾ ਲੰਘਿਆ ਹੋਵੇ। ਪਹਿਲਾਂ ਦੀਆਂ ਸਰਕਾਰਾਂ ਚੁੱਪ ਧਾਰੀ ਰੱਖਦੀਆਂ ਸਨ। ਪਰ ਮੋਦੀ ਸਰਕਾਰ ਵਿੱਚ, ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਨਾਲ ਕੰਮ ਕੀਤਾ ਗਿਆ।

**ਹੁਣ ਨਹੀਂ ਨਿਕਲਦੇ ਅੱਤਵਾਦੀਆਂ ਦੇ ਜਨਾਜੇ:** ਗ੍ਰਹਿ ਮੰਤਰੀ ਨੇ ਕਿਹਾ, ਧਾਰਾ 370 ਹਟਾਏ ਜਾਣ ਤੋਂ ਬਾਅਦ, ਜੰਮੂ-ਕਸ਼ਮੀਰ ਦੇ ਨੌਜਵਾਨਾਂ ਨੇ ਅੱਤਵਾਦ ਵੱਲ ਨਾ ਮੁੜਨ ਦਾ ਫੈਸਲਾ ਕੀਤਾ ਹੈ। ਦਸ ਸਾਲ ਪਹਿਲਾਂ, ਅੱਤਵਾਦੀਆਂ ਦੀ ਵਡਿਆਈ ਕਰਨਾ ਆਮ ਗੱਲ ਸੀ ਅਤੇ ਉਨ੍ਹਾਂ ਦੇ ਜਨਾਜੇ ਕੱਢੇ ਜਾਂਦੇ ਸਨ। ਪਰ ਹੁਣ ਜਦੋਂ ਅੱਤਵਾਦੀ ਮਾਰੇ ਜਾਂਦੇ ਹਨ, ਤਾਂ ਉਨ੍ਹਾਂ ਨੂੰ ਉੱਥੇ ਹੀ ਦਫ਼ਨਾ ਦਿੱਤਾ ਜਾਂਦਾ ਹੈ। ਅੱਤਵਾਦੀਆਂ ਦੇ ਰਿਸ਼ਤੇਦਾਰ, ਜੋ ਕਦੇ ਸਰਕਾਰੀ ਸਹੂਲਤਾਂ ਦਾ ਆਨੰਦ ਮਾਣਦੇ ਸਨ, ਉਨ੍ਹਾਂ ਨੂੰ ਸਰਕਾਰੀ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਹੈ, ਤਾਂ ਜੋ ਸਖ਼ਤ ਸੰਦੇਸ਼ ਦਿੱਤਾ ਜਾ ਸਕੇ।

ਅਮਿਤ ਸ਼ਾਹ ਨੇ ਰਾਜ ਸਭਾ ਵਿੱਚ ਕਿਹਾ, ਇੱਕ ਦੇਸ਼ ਵਿੱਚ ਦੋ ਨਿਸ਼ਾਨ, ਦੋ ਪ੍ਰਧਾਨ ਅਤੇ ਦੋ ਵਿਧਾਨ ਨਹੀਂ ਹੋ ਸਕਦੇ। ਇਹ ਕਿਵੇਂ ਸੰਭਵ ਹੋ ਸਕਦਾ ਹੈ? ਦੇਸ਼ ਵਿੱਚ ਸਿਰਫ਼ ਇੱਕ ਪ੍ਰਧਾਨ ਮੰਤਰੀ ਹੋ ਸਕਦਾ ਹੈ, ਸਿਰਫ਼ ਇੱਕ ਵਿਧਾਨ ਅਤੇ ਦੇਸ਼ ਦਾ ਸਿਰਫ਼ ਇੱਕ ਝੰਡਾ ਵੀ ਇੱਕ ਹੀ ਹੋ ਸਕਦਾ ਹੈ। ਪਰ, ਇਹ ਪ੍ਰਥਾ ਕਈ ਸਾਲਾਂ ਤੱਕ ਜਾਰੀ ਰਹੀ। 5 ਅਗਸਤ, 2019 ਨੂੰ, ਅਸੀਂ ਧਾਰਾ 370 ਨੂੰ ਹਟਾ ਦਿੱਤਾ ਅਤੇ ਇੱਕ ਨਿਸ਼ਾਨ, ਇੱਕ ਵਿਧਾਨ ਅਤੇ ਇੱਕ ਪ੍ਰਦਾਨ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਅਸੀਂ ਕਸ਼ਮੀਰ ਨੂੰ ਹਮੇਸ਼ਾ ਲਈ ਭਾਰਤ ਨਾਲ ਜੋੜਨ ਦੀ ਪ੍ਰਕਿਰਿਆ ਸ਼ੁਰੂ ਕੀਤੀ।

## ਭਿੰਡਰਾਵਾਲੇ ਇੱਕ ਸੰਤ ਸਨ ਉਨ੍ਹਾਂ 'ਤੇ ਇੱਕ ਵੀ ਐਫਆਈਆਰ ਦਰਜ ਨਹੀਂ ਸੀ : ਸਰਬਜੀਤ ਸਿੰਘ ਖਾਲਸਾ



ਨਵੀਂ ਦਿੱਲੀ : ਅਮਿਤ ਸ਼ਾਹ ਦੇ ਅੰਮ੍ਰਿਤਪਾਲ ਤੇ ਦਿੱਤੇ ਬਿਆਨ ਤੇ ਤਿੱਖਾ ਹਮਲਾ ਬੋਲਦਿਆਂ ਫਰੀਦਕੋਟ ਤੋਂ ਆਜ਼ਾਦ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਕਿਹਾ ਕਿ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ। ਵਿਦੇਸ਼ਾਂ ਵਿੱਚ ਲੋਕ ਸਿੱਖ ਭਾਈਚਾਰੇ ਦੀ ਸ਼ਲਾਘਾ ਕਰਦੇ ਹਨ। ਕਿਧਰੇ ਕੋਈ ਵੀ ਕੁਦਰਤੀ ਆਫਤ ਆ ਜਾਵੇ ਤਾਂ ਸਿੱਖ ਸਭ ਤੋਂ ਪਹਿਲਾਂ ਅੱਗੇ ਹੁੰਦੇ ਹਨ। ਉਹ ਪੀੜਤਾਂ ਨੂੰ ਲੰਗਰ ਸਮੇਤ ਹੋਰ ਜ਼ਰੂਰੀ ਮਦਦ ਪਹੁੰਚਾਉਂਦੇ ਹਨ, ਪਰ ਭਾਰਤ ਵਿੱਚ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ।

ਖਾਲਸਾ ਨੇ ਕਿਹਾ ਕਿ ਜਿਹੜੇ 1947 ਵੇਲੇ ਸਾਡੇ ਨਾਲ ਸਮਝੌਤੇ ਹੋਏ ਸਨ, ਉਨ੍ਹਾਂ ਨੂੰ ਪੂਰਾ ਨਹੀਂ ਕੀਤਾ ਗਿਆ। ਮਹਾਤਮਾ ਗਾਂਧੀ ਨੇ ਸਿੱਖਾਂ ਨੂੰ ਵੱਖਰਾ ਦੇਸ਼ ਦੇਣ ਦੀ ਗੱਲ ਕਹੀ ਸੀ, ਪਰ ਇਹ ਵਾਅਦਾ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਅਸੀਂ ਮਹਾਰਾਜਾ ਰਣਜੀਤ ਸਿੰਘ ਵਾਂਗ ਵੱਖਰੇ ਰਾਜ ਦੀ ਮੰਗ ਕਰਦੇ ਹਾਂ। ਹਾਲਾਂਕਿ ਉਨ੍ਹਾਂ ਨੇ ਵੱਖਰੇ ਦੇਸ਼ ਦੀ ਗੱਲ ਤੋਂ ਸਾਫ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਭਿੰਡਰਾਵਾਲੇ ਇੱਕ ਸੰਤ ਸਨ। ਉਨ੍ਹਾਂ ਤੇ ਇੱਕ ਵੀ ਐਫਆਈਆਰ ਦਰਜ ਨਹੀਂ ਸੀ।

# ਤਿਆਗ, ਸਮਰਪਣ, ਸੇਵਾ ਅਤੇ ਦੂਰਅੰਦੇਸ਼ੀ ਦੀ ਭਾਵਨਾ ਤੋਂ ਸੱਖਣੀ ਅਗਵਾਈ ਕਰਕੇ ਪਾਰਟੀ ਦਾ ਵੱਡਾ ਘਾਣ ਹੋਇਆ: 5 ਮੈਂਬਰੀ ਕਮੇਟੀ

### ਦੁਆਬੇ ਵਿੱਚ ਪੰਜ ਮੈਂਬਰੀ ਭਰਤੀ ਕਮੇਟੀ ਦੀ ਮੀਟਿੰਗ ਨੂੰ ਵੀ ਸੰਗਤ ਦਾ ਵੱਡਾ ਹੁਲਾਰਾ



ਜਲੰਧਰ : ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਬਣੀ ਭਰਤੀ ਕਮੇਟੀ ਦੀ ਜਲੰਧਰ ਵਿਖੇ ਹੋਈ ਦੂਜੀ ਮੀਟਿੰਗ ਨੂੰ ਵੀ ਸੰਗਤ ਨੇ ਬਹੁੱਤ ਭਰਵਾਂ ਹੁੰਗਾਰਾ ਦਿੱਤਾ। ਜਲੰਧਰ ਜ਼ਿਲ੍ਹੇ ਦੀ ਸਥਾਨਕ ਲੀਡਰਸ਼ਿਪ ਅਤੇ ਵਰਕਰਾਂ ਦੇ ਰੂਬਰੂ ਹੋਣ ਲਈ ਭਰਤੀ ਕਮੇਟੀ ਦੇ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਇਕਬਾਲ ਸਿੰਘ ਝੂੰਦਾ, ਜੱਥੇਦਾਰ ਸੰਤਾ ਸਿੰਘ ਉਮੈਦਪੁਰ, ਬੀਬੀ ਸਤਵੰਤ ਕੌਰ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਖਾਸ ਤੌਰ ਤੇ ਹਾਜ਼ਰ ਰਹੇ।

ਸਤਵੰਤ ਕੌਰ ਵੱਲੋ ਸੰਗਤਾਂ ਦੇ ਸਨਮੁੱਖ ਹੁੰਦਿਆਂ ਜਿੱਥੇ ਆਪਣੇ ਪਰਿਵਾਰ ਦੀ ਕੁਰਬਾਨੀ ਦਾ ਜ਼ਿਕਰ ਕੀਤਾ ਉਥੇ ਹੀ ਅੱਜ ਕੌਮ ਪੰਥ ਅਤੇ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਦੇ ਹਾਲਤਾਂ ਦਾ ਜਿਕਰ ਵੀ ਕੀਤਾ ਅਤੇ ਫ਼ ?ਕਰ ਵੀ ਕੀਤਾ। ਬੀਬੀ ਸਤਵੰਤ ਕੌਰ ਨੇ ਕਿਹਾ ਕਿ, ਸਿੱਖ ਚਾਹੇ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਵਸਦਾ ਹੋਵੇ, ਉਸ ਦੀ ਸ਼ਕਤੀ ਦਾ ਧੁਰਾ ਹਮੇਸ਼ਾ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਰਹਿੰਦਾ ਹੈ, ਪਰ ਅੱਜ ਅਸੀਂ ਸਾਡੀਆਂ ਸੰਸਥਾਵਾਂ ਦੇ ਹੋ ਰਹੇ ਨਿਘਾਰ ਦੇ ਚਸ਼ਮਦੀਦ ਗਵਾਹ ਬਣ ਲਈ ਮਜਬੂਰ ਹੋ ਰਹੇ ਹਾਂ। ਇਸ ਖਲਾਅ ਵਿੱਚੋ ਪੰਥ ਅਤੇ ਗੁਰੂ ਗ੍ਰੰਥ ਨੂੰ ਸਮਰਪਿਤ ਲੀਡਰਸ਼ਿਪ ਪੈਦਾ ਹੋਵੇ, ਇਸ ਲਈ ਅਸੀਂ ਆਪਣੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਗਾਈ ਜ਼ਿੰਮੇਵਾਰੀ ਨੂੰ ਤਨਦੇਹੀ, ਸਮਰਪਿਤ ਭਾਵਨਾ ਨਾਲ ਨਿਭਾਅ ਰਹੇ ਹਾਂ। ਬੀਬੀ ਸਤਵੰਤ ਕੌਰ ਨੇ ਕਿਹਾ ਕਿ, ਕਾਂਗਰਸ ਵਲੋ ਕੀਤੇ ਫੌਜੀ ਹਮਲੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਢਾਹੁਣ ਦੀ ਕੋਸ਼ਿਸ਼ ਹੋਈ,ਅਜ਼ਮਤ ਦੀ ਰਾਖੀ ਕਰਦੇ ਹੋਏ ਖੂਨ ਡੁੱਲਦੇ ਵੇਖਿਆ, ਅੱਜ ਆਪਣਿਆਂ ਵਲੋ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸੰਕਲਪ ਤੇ ਹਮਲਾ ਕਰਦੇ ਵੇਖ ਰਹੇ ਹਾਂ, ਸਾਡੇ ਆਪਣੇ ਹੀ ਕੌਮ ਦੀ ਪਿੱਠ ਤੇ ਛੁਰਾ ਮਾਰ ਰਹੇ ਹਨ। ਬੀਬੀ ਸਤਵੰਤ ਕੌਰ ਨੇ ਕਿਹਾ ਕਿ ਅੱਜ ਹਰ ਪਾਸੇ ਚਰਚਾ ਹੈ ਕਿ ਏਕਤਾ ਹੋਵੇ, ਸਿਆਸੀ ਤਾਕਤ ਮਜ਼ਬੂਤ ਹੋਵੇ, ਨਵੀਂ ਅਤੇ ਤਾਕਤਵਰ ਲੀਡਰਸ਼ਿਪ ਉੱਭਰੇ ਪਰ ਹੁਕਮਨਾਮਾ ਸਾਹਿਬ ਅਨੁਸਾਰ ਜਿਹੜੀ ਲੀਡਰਸ਼ਿਪ ਸਿਆਸੀ ਅਗਵਾਈ ਕਰਨ ਦਾ ਨੈਤਿਕ ਅਧਾਰ ਗੁਆ ਚੁੱਕੀ ਹੈ, ਉਸ ਲੀਡਰਸ਼ਿਪ ਨਾਲ ਏਕੇ ਦੀ ਗੱਲ ਕਿਵੇਂ ਹੋਵੇ, ਪੰਥ ਅਤੇ ਕੌਮ ਨੂੰ ਸੋਚਣਾ ਪਵੇਗਾ।

ਸੰਤਾ ਸਿੰਘ ਉਮੈਦਪੁਰ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਜਿੱਥੇ ਬੀਬੀ ਸਤਵੰਤ ਕੌਰ ਦੀਆਂ ਭਾਵਨਾਵਾਂ ਦੀ ਪ੍ਰੋੜਤਾ ਕੀਤੀ, ਉਥੇ ਹੀ ਕਿਹਾ ਕਿ ਅਸੀਂ ਆਪਣੇ ਕਿਸੇ ਸਿਆਸੀ ਏਜੰਡੇ ਨੂੰ ਨਹੀਂ ਪੇਸ਼ ਕਰ ਰਹੇ, ਇਹ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋ ਪ੍ਰਗਟ ਹੋਈ ਭਾਵਨਾ ਹੈ, ਜਿਸ ਲਈ ਸਾਡੀ ਇਮਾਨਦਾਰੀ, ਵਚਨਬੱਧਤਾ, ਸਮਰਪਿਤ ਭਾਵਨਾ ਗੁਰੂ ਗ੍ਰੰਥ, ਗੁਰੂ ਪੰਥ ਲਈ ਦੇਣਦਾਰ ਹੈ। ਜਥੇਦਾਰ ਉਮੈਦਪੁਰੀ ਨੇ ਕਿਹਾ ਕਿ, ਅੱਜ ਤੋ 105 ਸਾਲ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਸਿਰਜਣਾ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਈ, ਤੇ ਹੁਣ ਪੁਨਰ ਸੁਰਜੀਤੀ ਲਈ ਹੁਕਮ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਹੋਏ ਹਨ, ਇਸ ਕਰਕੇ ਸਾਨੂੰ ਸਾਰਿਆਂ ਨੂੰ ਇਕੱਠੇ ਹੋਕੇ ਸਿਧਾਤਾਂ ਤੇ ਪਹਿਰਾ ਦੇਣ ਦੀ ਲੋੜ ਹੈ।

ਜੱਥੇਦਾਰ ਉਮੈਦਪੁਰੀ ਨੇ ਕਿਹਾ ਕਿ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿਰਫ ਧਾਰਮਿਕ ਹੁਕਮ ਹੀ ਨਹੀਂ ਸਗੋਂ ਸਮੇਂ ਸਮੇਂ ਤੇ ਸਮਾਜਿਕ, ਆਰਥਿਕ, ਰਾਜਨੀਤਿਕ ਫੈਸਲੇ ਵੀ ਹੋਏ, ਇਸ ਤੋਂ ਇਲਾਵਾ ਸਿਰਫ ਸਿੱਖ ਹੀ ਨਹੀਂ ਸਗੋਂ ਦੂਜੇ ਧਰਮਾਂ ਦੇ ਲੋਕ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਫੈਸਲੇ ਕਰਵਾਉਂਦੇ ਰਹੇ ਹਨ। ਜੱਥੇਦਾਰ ਉਮੈਦਪੁਰੀ ਨੇ ਕਿਹਾ ਕਿ, ਦੋ ਦਸੰਬਰ ਨੂੰ ਇਤਿਹਾਸਕ ਹੁਕਮਨਾਮੇ ਜਾਰੀ ਹੋਏ, ਪਰ ਕੁਝ ਲੋਕਾਂ ਨੂੰ ਹੁਕਮਨਾਮੇ ਭਾਂਉਦੇ ਨਹੀਂ ਸਨ, ਇਸ ਕਰਕੇ ਹੁਕਮਨਾਮਾ ਪ੍ਰਤੀ ਸਿਰ ਨਿਵਾਉਣ ਦੀ ਬਜਾਏ ਜੱਥੇਦਾਰਾਂ ਪ੍ਰਤੀ ਬਦਲਾਲਊ ਭਾਵਨਾ ਤਹਿਤ ਵਰਤਾਰਾ ਕੀਤਾ ਗਿਆ।

ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਜਿਸ ਜਮਾਤ ਦਾ ਜਨਮ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਿਧਾਂਤਾਂ ਲਈ ਸੁਰੱਖਿਆ ਕਵਚ ਬਣਨ ਲਈ ਹੋਇਆ ਸੀ, ਬਦਕਿਸਮਤੀ ਦੀ ਗੱਲ ਹੈ ਕਿ ਜਿਸ ਜਮਾਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਅਜ਼ਮਤ ਦੀ ਰਾਖੀ ਕਰਨੀ ਸੀ, ਅੱਜ ਉਸ ਜਮਾਤ ਦੀ ਲੀਡਰਸ਼ਿਪ ਹਮਲਾ ਕਰ ਰਹੀ ਹੈ।

# ਅੱਜ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖ਼ਤਰਾ ਗ੍ਰਹਿ ਮੰਤਰੀ ਸ਼ਾਹ ਤੋਂ ਹੈ : ਭਾਈ ਮਹਿਤਾ, ਭਾਈ ਚਾਵਲਾ

ਸ੍ਰੀ ਅਨੰਦਪੁਰ ਸਾਹਿਬ : ਸ਼੍ਰੋਮਣੀ ਕਮੇਟੀ ਮੈਂਬਰਾਂ ਭਾਈ ਰਜਿੰਦਰ ਸਿੰਘ ਮਹਿਤਾ ਅਤੇ ਭਾਈ ਅਮਰਜੀਤ ਸਿੰਘ ਚਾਵਲਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਲੋਕ ਸਭਾ ਵਿਚ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਕਰਨ ਬਾਰੇ ਕੀਤੀ ਟਿੱਪਣੀ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਗ੍ਰਹਿ ਮੰਤਰੀ ਭਾਰਤ ਦੇ ਵੱਖ-ਵੱਖ ਧਰਮਾਂ ਅਤੇ ਕੌਮਾਂ ਵਿਚਕਾਰ ਫੁੱਟ ਦੇ ਬੀਜ ਬੀਜ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਆਪ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖ਼ਤਰਾ ਬਣੇ ਹੋਏ ਹਨ ਅਤੇ ਦੇਸ਼ ਦੇ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਵਾਲਾ ਮਾਹੌਲ ਪੈਦਾ ਕਰਨ ਦਾ



ਭਾਈ ਅਮਰਜੀਤ ਸਿੰਘ ਚਾਵਲਾ ਤੇ ਭਾਈ ਰਜਿੰਦਰ ਸਿੰਘ ਮਹਿਤਾ।

ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਜਨੇਊ ਤੇ ਤਿਲਕ ਲਾਉਣ ਵਾਲੇ ਇਨ੍ਹਾਂ ਆਗੂਆਂ ਨੂੰ ਸਿੱਖ ਗੁਰੂਆਂ ਦਾ ਹੱਥ ਜੋੜ ਕੇ ਸ਼ੁਕਰਾਨਾ ਕਰਨਾ ਚਾਹੀਦਾ ਹੈ, ਗੁਰੂਆਂ ਦੀ ਬਦੌਲਤ ਹੀ ਅੱਜ ਉਨ੍ਹਾਂ ਦਾ ਧਰਮ ਸੁਰੱਖਿਅਤ ਹੋ ਸਕਿਆ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਦੀ 5 ਮੈਂਬਰੀ ਕਮੇਟੀ ਨੂੰ ਪ੍ਰਧਾਨ ਮੰਤਰੀ ਵੱਲੋਂ ਮੁਲਾਕਾਤ ਲਈ ਸਮਾਂ ਨਾ ਦੇਣਾ ਠੀਕ ਨਹੀਂ : ਹਰਜਿੰਦਰ ਸਿੰਘ ਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਮੇਟੀ ਨੂੰ ਮਿਲਣ ਲਈ ਸਮਾਂ ਨਾ ਦੇਣ ਦੀ ਨੀਤੀ ਦੀ ਕਰੜੀ ਆਲੋਚਨਾ ਕੀਤੀ ਹੈ। ਕੇਂਦਰ ਸਰਕਾਰ ਦੀ ਇਸ ਪ੍ਰਤੀ ਉਦਾਸੀਨ ਨੀਤੀ ਦੀ ਸਖ਼ਤ ਆਲੋਚਨਾ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਸਰਕਾਰ ਦੀ ਇਸ ਪਹੁੰਚ ਨੂੰ ਮਨੁੱਖੀ ਹੱਕਾਂ ਦੀ ਉਲੰਘਣਾ, ਨਿਆਂ ਦੀਆਂ ਕਦਰਾਂ ਕੀਮਤਾਂ ਦੀ ਤੌਹੀਨ ਅਤੇ ਸਿੱਖਾਂ ਨਾਲ ਬੇਇਨਸਾਫ਼ੀ ਕਰਾਰ ਦਿੱਤਾ ਹੈ। ਅੱਜ ਸ਼੍ਰੋਮਣੀ ਕਮੇਟੀ ਦਫ਼ਤਰ ਪੁੱਜੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੇ ਇਸ ਸੰਜੀਦਾ ਮਾਮਲੇ ਉੱਤੇ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਯਤਨ ਕਰ ਰਹੀ ਹੈ ਪਰ ਕੇਂਦਰ ਸਰਕਾਰ ਦਾ ਨਾਂਹਦਰੂ ਰਵੱਈਆ ਇਸ ਵਿੱਚ ਅੜਿੱਕਾ ਬਣਿਆ ਹੋਇਆ ਹੈ। ਉਨ੍ਹਾਂ ਆਖਿਆ ਬੀਤੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ, ਪਰ ਦੁਖਦ ਪਹਿਲੂ ਇਹ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਸਿੱਖਾਂ ਦੇ ਸਰਬਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੁਮਾਇੰਦਗੀ ਵਾਲੀ ਕਮੇਟੀ ਨੂੰ ਸਮਾਂ ਦੇਣਾ ਵੀ ਮੁਨਾਸਿਬ ਨਹੀਂ ਸਮਝਿਆ ਗਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਲਈ ਕਈ ਯਤਨ ਕੀਤੇ ਗਏ ਪਰ ਡੇਢ ਸਾਲ ਤੋਂ ਵੱਧ ਸਮਾਂ ਬੀਤਣ ਤੋਂ ਬਾਅਦ ਸਰਕਾਰ ਵੱਲੋਂ ਨਿਰਾਸ਼ਾਜਨਕ ਜਵਾਬ ਮਿਲਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੂੰ ਬੀਤੇ ਦਿਨੀਂ ਕੇਂਦਰ ਸਰਕਾਰ ਵੱਲੋਂ ਭੇਜੀ ਗਈ ਸੂਚਨਾ ਅਨੁਸਾਰ ਬੰਦੀ ਸਿੰਘਾਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੰਜ ਮੈਂਬਰੀ ਕਮੇਟੀ ਨੇ ਜੋ ਸਮਾਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਲਈ ਦਸੰਬਰ 2023 ਵਿੱਚ ਮੰਗਿਆ ਸੀ, ਜਿਸ ਨੂੰ 21 ਮਾਰਚ 2025 ਨੂੰ ਇਹ ਕਹਿੰਦਿਆਂ ਰੱਦ ਕਰ ਦਿੱਤਾ ਗਿਆ ਹੈ ਕਿ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰਾਲੇ ਪਾਸ ਵਿਚਾਰ ਅਧੀਨ ਹੈ।

ਉਨ੍ਹਾਂ ਕਿਹਾ ਕਿ ਜੇ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰਾਲੇ ਪਾਸ ਵਿਚਾਰ ਅਧੀਨ ਹੈ ਤਾਂ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਸਰਕਾਰ ਵੱਲੋਂ ਫੈਸਲਾ ਕਿਉਂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਇਹ ਕਿਹਾ ਗਿਆ ਸੀ ਕਿ ਇਸ ਮਾਮਲੇ ਸਬੰਧੀ ਗ੍ਰਹਿ ਮੰਤਰੀ ਨਾਲ ਗੱਲਬਾਤ ਕੀਤੀ ਜਾਵੇ ਪਰ ਗ੍ਰਹਿ ਮੰਤਰਾਲੇ ਵੱਲੋਂ ਵੀ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਭਰਿਆ ਗਿਆ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੇ ਮਾਮਲੇ ਸਿੱਖ ਭਾਵਨਾਵਾਂ ਨਾਲ ਜੁੜੇ ਹੋਏ ਹਨ ਅਤੇ ਇਨ੍ਹਾਂ ਬੰਦੀਆਂ ਨੇ ਲੰਮੀਆਂ ਸਜ਼ਾਵਾਂ ਵੀ ਭੁਗਤ ਲਈਆਂ ਹਨ, ਇਸ ਲਈ ਭਾਰਤ ਸਰਕਾਰ ਨੂੰ ਬਿਨਾਂ ਦੇਰੀ ਫੈਸਲਾ ਲੈਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਨਿਆਂ ਦਾ ਨਿਯਮ ਸਭ ਲਈ ਇਕਸਾਰ ਲਾਗੂ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਅਤੇ ਇਸ 'ਤੇ ਰਾਜਸੀ ਪਹੁੰਚ ਠੀਕ ਨਹੀਂ ਹੈ।

# ਪੰਜਾਬ ਦਾ ਇੰਚਾਰਜ ਹੋਣ ਦੇ ਨਾਤੇ ਨਸ਼ਿਆਂ ਖਿਲਾਫ ਜੰਗ ਮੇਰੀ ਤਰਜੀਹ : ਮਨੀਸ਼ ਸਿਸੋਦੀਆ



ਚੰਡੀਗੜ੍ਹ : ਆਪ ਦੇ ਸੀਨੀਅਰ ਆਗੂ ਅਤੇ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਨੇ ਚੰਡੀਗੜ੍ਹ ਹਵਾਈ ਅੱਡੇ 'ਤੇ ਇੱਕ ਬਿਆਨ ਦਿੰਦਿਆਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਸ਼ਾਨਦਾਰ ਕੰਮ ਕੀਤੇ ਹਨ। ਮੀਡੀਆ ਨਾਲ ਗੱਲ ਕਰਦਿਆਂ, ਸਿਸੋਦੀਆ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚੋਂ ਨਸ਼ਿਆਂ ਦੇ ਖ਼ਾਤਮੇ, ਵਿਕਾਸ ਨੂੰ ਤੇਜ਼ ਕਰਨ ਅਤੇ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਅਟੱਲ ਵਚਨਬੱਧਤਾ 'ਤੇ ਜ਼ੋਰ ਦਿੱਤਾ।

ਸਿਸੋਦੀਆ ਨੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਪੰਜਾਬ ਦੇ ਵਿਕਾਸ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਸੌਂਪਣ ਲਈ ਧੰਨਵਾਦ ਪ੍ਰਗਟਾਇਆ। ਉਨ੍ਹਾਂ ਮਾਨ ਸਰਕਾਰ ਵੱਲੋਂ ਪਿਛਲੀਆਂ ਸਰਕਾਰਾਂ ਵੱਲੋਂ ਫੈਲਾਈ ਗੰਦਗੀ ਨੂੰ ਸਾਫ਼ ਕਰਨ ਅਤੇ ਪੰਜਾਬ ਨੂੰ ਤੇਜ਼ੀ ਨਾਲ ਵਿਕਾਸ ਦੇ ਰਾਹ 'ਤੇ ਪਾਉਣ ਲਈ ਕੀਤੇ ਗਏ ਬੇਮਿਸਾਲ ਕਾਰਜਾਂ ਦੀ ਸ਼ਲਾਘਾ ਕੀਤੀ।

ਸਿਸੋਦੀਆ ਨੇ ਕਿਹਾ 'ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ, ਪੰਜਾਬ ਸਰਕਾਰ ਨੇ ਸਿਰਫ਼ ਇੱਕ ਮਹੀਨੇ ਵਿੱਚ ਉਹ ਪ੍ਰਾਪਤੀ ਕੀਤੀ ਹੈ ਜੋ ਪਿਛਲੀਆਂ ਸਰਕਾਰਾਂ ਦਹਾਕਿਆਂ ਵਿੱਚ ਪ੍ਰਾਪਤ ਨਹੀਂ ਕਰ ਸਕੀਆਂ'। ਉਨ੍ਹਾਂ ਨਸ਼ਿਆਂ ਦੇ ਖ਼ਤਰੇ ਨਾਲ ਨਜਿੱਠਣ ਵਿੱਚ ਮਾਨ ਦੀ ਨਿਰਣਾਇਕ ਅਗਵਾਈ ਦੀ ਪ੍ਰਸ਼ੰਸਾ ਕੀਤੀ, ਜਿਸਨੇ ਪੰਜਾਬ ਨੂੰ ਸਾਲਾਂ ਤੋਂ ਪ੍ਰੇਸ਼ਾਨ ਕੀਤਾ ਹੋਇਆ ਹੈ, ਅਤੇ ਜ਼ੋਰ ਦਿੱਤਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ।

ਮਨੀਸ਼ ਸਿਸੋਦੀਆ ਨੇ ਰੇਖਾਂਕਿਤ ਕੀਤਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਇੱਕ ਸਰਕਾਰੀ ਪਹਿਲਕਦਮੀ ਨਹੀਂ ਹੈ ਬਲਕਿ ਇਹ ਆਮ ਆਦਮੀ ਪਾਰਟੀ ਲਈ ਇੱਕ ਮਿਸ਼ਨ ਹੈ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਰਹਿਨੁਮਾਈ ਹੇਠ ਮਾਨ ਸਰਕਾਰ ਨੇ ਪੰਜਾਬ ਵਿੱਚ ਨਸ਼ਿਆਂ ਖ਼ਿਲਾਫ਼ ਤਿੱਖੀ ਜੰਗ ਛੇੜੀ ਹੋਈ ਹੈ। 'ਨਤੀਜੇ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੇ ਹਨ। ਸਿਰਫ਼ ਇੱਕ ਮਹੀਨੇ ਵਿੱਚ, ਸਰਕਾਰ ਨੇ ਮਹੱਤਵਪੂਰਨ ਤਰੱਕੀ ਕੀਤੀ ਹੈ ਜੋ ਪਿਛਲੀਆਂ ਸਰਕਾਰਾਂ ਦਹਾਕਿਆਂ ਵਿੱਚ ਹਾਸਲ ਨਹੀਂ ਕਰ ਸਕੀਆਂ ਸਨ'।

ਸਿਸੋਦੀਆ ਨੇ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਸੂਬੇ ਦੇ ਹਰ ਪਿੰਡ ਨੂੰ ਨਸ਼ਾ ਮੁਕਤ ਬਣਾਉਣ ਲਈ ਅਣਥੱਕ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪੰਜਾਬ ਦੇ ਕੋਨੇ-ਕੋਨੇ ਤੱਕ ਪਹੁੰਚ ਕਰੇਗੀ ਅਤੇ ਨਸ਼ੇ ਨੂੰ ਖ਼ਤਮ ਕਰਨ ਦੇ ਆਪਣੇ ਮਿਸ਼ਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਸਿਸੋਦੀਆ ਨੇ ਮਾਨ ਸਰਕਾਰ ਵੱਲੋਂ ਕੀਤੇ ਵਿਕਾਸ ਕਾਰਜਾਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ, ਢਹਿ ਢੇਰੀ ਸਿੱਖਿਆ ਪ੍ਰਣਾਲੀ, ਅਣਗੌਲੇ ਸਿਹਤ ਸੇਵਾਵਾਂ ਅਤੇ ਅਸਮਾਨ ਛੂਹ ਰਹੀ ਬੇਰੁਜ਼ਗਾਰੀ ਵਰਗੀ ਗੰਭੀਰ ਹਾਲਤ ਵਿੱਚ ਛੱਡ ਦਿੱਤਾ ਸੀ ਜਦਕਿ ਮਾਨ ਸਰਕਾਰ ਨੇ 20 ਸਾਲਾਂ ਦੀ ਇਸ ਗੰਦਗੀ ਨੂੰ ਸਿਰਫ਼ ਤਿੰਨ ਸਾਲਾਂ ਵਿੱਚ ਹੀ ਦੂਰ ਕਰ ਦਿੱਤਾ ਹੈ, ਜਿਸ ਕਾਰਨ ਪੰਜਾਬ ਹੁਣ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। 'ਆਪ' ਸਰਕਾਰ ਦੇ ਅਧੀਨ ਸਿੱਖਿਆ, ਸਿਹਤ ਅਤੇ ਰੁਜ਼ਗਾਰ ਵਰਗੇ ਖੇਤਰਾਂ ਵਿੱਚ ਹੋਈ ਮਹੱਤਵਪੂਰਨ ਪ੍ਰਗਤੀ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਕਿਹਾ ਕਿ ਤੇਜ਼ੀ ਨਾਲ ਫੈਸਲੇ ਲੈਣ ਅਤੇ ਨੀਤੀਆਂ ਨੂੰ ਲਾਗੂ ਕਰਨ ਵਿੱਚ ਹਾਲ ਹੀ ਵਿੱਚ ਹੋਇਆ ਵਾਧਾ ਲੋਕਾਂ ਦੀ ਭਲਾਈ ਲਈ 'ਆਪ' ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਸਿਸੋਦੀਆ ਨੇ ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਆਮ ਆਦਮੀ ਪਾਰਟੀ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ, 'ਪੰਜਾਬ ਦੇ ਇੰਚਾਰਜ ਹੋਣ ਦੇ ਨਾਤੇ, ਇਹ ਯਕੀਨੀ ਬਣਾਉਣਾ ਮੇਰੀ ਜ਼ਿੰਮੇਵਾਰੀ ਹੈ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਵੱਲੋਂ ਕੀਤੇ ਹਰ ਵਾਅਦੇ ਨੂੰ ਪੂਰਾ ਕੀਤਾ ਜਾਵੇ। ਪੰਜਾਬ ਚੰਗੇ ਪ੍ਰਸ਼ਾਸਨ ਦਾ ਹੱਕਦਾਰ ਹੈ ਅਤੇ 'ਆਪ' ਸਰਕਾਰ ਇੱਕ ਪਾਰਦਰਸ਼ੀ, ਜਵਾਬਦੇਹ ਅਤੇ ਲੋਕ ਕੇਂਦਰਿਤ ਪ੍ਰਸ਼ਾਸਨ ਪ੍ਰਦਾਨ ਕਰਨ ਲਈ ਵਚਨਬੱਧ ਹੈ।' ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਦਾ ਧਿਆਨ ਭ੍ਰਿਸ਼ਟਾਚਾਰ ਨਾਲ ਲੜਨ ਅਤੇ ਨਸ਼ਾ ਮੁਕਤ ਰਾਜ ਪ੍ਰਦਾਨ ਕਰਨ ਦੇ ਨਾਲ-ਨਾਲ ਸਿੱਖਿਆ, ਸਿਹਤ ਸੰਭਾਲ ਅਤੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ 'ਤੇ ਰਹੇਗਾ।

# ਵਟਸਐਪ ਨੇ 1 ਕਰੋੜ ਭਾਰਤੀਆਂ ਦੇ ਅਕਾਊਂਟਸ ਕੀਤੇ ਬੈਨ

ਵਟਸਐਪ ਨੇ ਆਪਣੀ ਤਾਜ਼ਾ ਮੰਥਲੀ ਰਿਪੋਰਟ 'ਚ ਵੱਡਾ ਖੁਲਾਸਾ ਕੀਤਾ ਹੈ। ਕੰਪਨੀ ਨੇ ਦੱਸਿਆ ਹੈ ਕਿ ਜਨਵਰੀ 2025 'ਚ ਉਸਨੇ 99.67 ਲੱਖ ਤੋਂ ਵੱਧ ਅਕਾਊਂਟਸ ਨੂੰ ਬੈਨ ਕਰ ਦਿੱਤਾ ਹੈ।




ਇਹ ਕਾਰਵਾਈ ਵਧਦੇ ਸਪੈਮ, ਸਕੈਮ ਅਤੇ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਰੋਕ ਲਗਾਉਣ ਲਈ ਕੀਤੀ ਗਈ ਹੈ। ਮੈਟਾ ਦੀ ਮਲਕੀਅਤ ਵਾਲੇ ਇਸ ਐਪ ਨੇ ਸਾਫ ਕੀਤਾ ਹੈ ਕਿ ਜੇਕਰ ਕੋਈ ਯੂਜ਼ਰ ਨਿਯਮਾਂ ਦੀ ਉਲੰਘਣਾ ਕਰੇਗਾ ਤਾਂ ਅੱਗੇ ਵੀ ਅਜਿਹੇ ਅਕਾਊਂਟਸ ਨੂੰ ਬੈਨ ਕੀਤਾ ਜਾਵੇਗਾ।

**ਇਸ ਕਾਰਨ ਲੱਗਾ ਬੈਨ :** ਵਟਸਐਪ ਭਾਰਤ 'ਚ ਆਈ.ਟੀ. ਐਕਟ ਤਹਿਤ ਹਰ ਮਹੀਨੇ ਆਪਣੀ ਰਿਪੋਰਟ ਜਾਰੀ ਕਰਦਾ ਹੈ। ਇਸ ਵਿਚ ਉਹ ਆਪਣੇ ਯੂਜ਼ਰਜ਼ ਨੂੰ ਸੁਰੱਖਿਅਤ ਅਨੁਭਵ ਦੇਣ ਲਈ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਦਿੰਦਾ ਹੈ। ਕੰਪਨੀ ਮੁਤਾਬਕ, 1 ਜਨਵਰੀ ਤੋਂ 30 ਜਨਵਰੀ 2025 ਤਕ ਕੁੱਲ 99.67 ਲੱਖ ਅਕਾਊਂਟਸ ਬੈਨ ਕੀਤੇ ਗਏ। ਇਨ੍ਹਾਂ 'ਚੋਂ 13.27 ਲੱਖ ਅਕਾਊਂਟਸ ਅਜਿਹੇ ਸਨ ਜਿਨ੍ਹਾਂ ਨੂੰ ਕਿਸੇ ਵੀ ਸ਼ਿਕਾਇਤ ਤੋਂ ਪਹਿਲਾਂ ਹੀ ਬਲਾਕ ਕਰ ਦਿੱਤਾ ਗਿਆ ਸੀ।

ਇਸ ਤੋਂ ਇਲਾਵਾ ਵਟਸਐਪ ਨੂੰ ਜਨਵਰੀ 'ਚ 9,474 ਸ਼ਿਕਾਇਤਾਂ ਮਿਲੀਆਂ, ਜਿਨ੍ਹਾਂ 'ਚੋਂ 239 'ਤੇ ਕਾਰਵਾਈ ਕਰਦੇ ਹੋਏ ਕੰਪਨੀ ਨੇ ਅਕਾਊਂਟਸ ਬਲਾਕ ਕੀਤੇ ਅਤੇ ਹੋਰ ਸੁਰੱਖਿਆ ਉਪਾਅ ਅਪਣਾਏ।

**ਵਟਸਐਪ 3 ਤਰੀਕਿਆਂ ਨਾਲ ਕਰਦਾ ਹੈ ਅਕਾਊਂਟਸ ਬੈਨ :** ਵਟਸਐਪ ਨੇ ਦੱਸਿਆ ਕਿ ਉਸ ਕੋਲ 3 ਲੇਅਰ ਵਾਲਾ ਸਕਿਓਰਿਟੀ ਸਿਸਟਮ ਹੈ, ਜਿਸ ਨਾਲ ਉਹ ਸ਼ੱਕੀ ਅਕਾਊਂਟਸ ਦੀ ਪਛਾਣ ਕਰਕੇ ਉਨ੍ਹਾਂ ਨੂੰ ਬਲਾਕ ਕਰ ਸਕਦਾ ਹੈ।

1- ਸਾਈਨ-ਅਪ ਦੌਰਾਨ ਸਕੈਨਿੰਗ- ਜਦੋਂ ਕੋਈ ਨਵਾਂ ਅਕਾਊਂਟ ਬਣਦਾ ਹੈ ਤਾਂ ਵਟਸਐਪ ਦਾ ਸਿਸਟਮ ਸ਼ੱਕੀ ਗਤੀਵਿਧੀਆਂ ਨੂੰ ਸਕੈਨ ਕਰਕੇ ਉਸਨੂੰ ਤੁਰੰਤ ਬੈਨ ਕਰ ਸਕਦਾ ਹੈ।

2. ਸਪੈਮ ਅਤੇ ਬਲਕ ਮੈਸੇਜ ਡਿਟੈਕਸ਼ਨ- ਜੇਕਰ ਕੋਈ ਅਕਾਊਂਟ ਵਾਰ-ਵਾਰ ਸਪੈਮ ਜਾਂ ਬਲਕ ਮੈਸੇਜ ਭੇਜਦਾ ਹੈ ਤਾਂ ਇਹ ਸਿਸਟਮ ਉਸਨੂੰ ਆਟੋਮੈਟਿਕਲੀ ਬਲਾਕ ਕਰ ਦਿੰਦਾ ਹੈ।

3. ਯੂਜ਼ਰ ਫੀਡਬੈਕ 'ਤੇ ਕਾਰਵਾਈ- ਜੇਕਰ ਕੋਈ ਯੂਜ਼ਰ ਕਿਸੇ ਅਕਾਊਂਟ ਦੀ ਸ਼ਿਕਾਇਤ ਕਰਦਾ ਹੈ ਤਾਂ ਵਟਸਐਪ ਟੀਮ ਉਸਦੀ ਜਾਂਚ ਕਰਕੇ ਬਲਾਕ ਕਰਨ ਦਾ ਫੈਸਲਾ ਲੈਂਦੀ ਹੈ।

**ਇਨ੍ਹਾਂ ਗਲਤੀਆਂ ਕਾਰਨ ਬੈਨ ਹੋਵੇਗਾ ਅਕਾਊਂਟ :** ਜੇਕਰ ਕੋਈ ਯੂਜ਼ਰ ਵਟਸਐਪ ਦੀ ਪਾਲਿਸੀ ਦੀ ਉਲੰਘਣਾ ਕਰਦਾ ਹੈ ਤਾਂ ਉਸਦਾ ਅਕਾਊਂਟ ਬਲਾਕ ਕੀਤਾ ਜਾ ਸਕਦਾ ਹੈ। ਬਲਕ ਜਾਂ ਸਪੈਮ ਮੈਸੇਜ ਭੇਜਣ, ਫੇਕ ਨਿਊਜ਼ ਜਾਂ ਅਫਵਾਹ ਫੈਲਾਉਣ ਅਤੇ ਸਕੈਮ ਵਰਗੀਆਂ ਗਤੀਵਿਧੀਆਂ 'ਚ ਸ਼ਾਮਲ ਹੋਣ 'ਤੇ ਵਟਸਐਪ ਬਿਨਾਂ ਕਿਸੇ ਚਿਤਾਵਨੀ ਦੇ ਅਕਾਊਂਟ ਬਲਾਕ ਕਰ ਸਕਦਾ ਹੈ।

# ਕਰਨਲ ਕੁੱਟਮਾਰ ਮਾਮਲਾ: ਮੁੱਖ ਮੰਤਰੀ ਨਾਲ ਮੀਟਿੰਗ ਦੇ ਭਰੋਸੇ ਮਗਰੋਂ ਧਰਨਾ ਮੁਲਤਵੀ

## ਪੀੜਤ ਧਿਰ ਦੀ 31 ਮਾਰਚ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਮੁਕੱਰਰ



ਪਟਿਆਲਾ : ਇੱਥੇ ਪੁਲਿਸ ਵੱਲੋਂ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੀ ਕੁੱਟਮਾਰ ਕਰਨ ਦੇ ਮਾਮਲੇ 'ਚ ਪੀੜਤ ਪਰਿਵਾਰ ਵੱਲੋਂ ਸ੍ਰੀ ਬਾਠ ਦੀ ਪਤਨੀ ਜਸਵਿੰਦਰ ਕੌਰ ਬਾਠ ਦੀ ਅਗਵਾਈ ਹੇਠ ਤੀਜੇ ਦਿਨ ਵੀ ਡੀਸੀ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ। ਇਸ ਧਰਨੇ ਦੌਰਾਨ ਸਾਬਕਾ ਸੈਨਿਕਾਂ ਤੋਂ ਇਲਾਵਾ ਕਿਸਾਨਾਂ ਨੇ ਵੀ ਸ਼ਿਰਕਤ ਕੀਤੀ। ਉੱਧਰ, ਪੀੜਤ ਪਰਿਵਾਰ ਦੀ 31 ਮਾਰਚ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਮੁਕੱਰਰ ਹੋਣ 'ਤੇ ਧਰਨਾ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਮੀਟਿੰਗ 'ਚ ਵੀ ਇਨਸਾਫ਼ ਨਾ ਮਿਲਿਆ ਤਾਂ ਉਹ ਮੁੜ ਇੱਥੇ ਹੀ ਧਰਨਾ ਸ਼ੁਰੂ ਕਰਨਗੇ।

ਜ਼ਿਕਰਯੋਗ ਹੈ ਕਿ ਕਰਨਲ ਬਾਠ ਤੇ ਉਨ੍ਹਾਂ ਦੇ ਪੁੱਤਰ ਅੰਗਦ ਸਿੰਘ 13 ਮਾਰਚ ਦੀ ਰਾਤ ਨੂੰ ਉਸ ਵੇਲੇ ਕੁੱਟਮਾਰ ਹੋਈ ਸੀ ਜਦੋਂ ਉਹ ਇੱਕ ਢਾਬੇ ਦੇ ਬਾਹਰ ਆਪਣੀ ਕਾਰ 'ਤੇ ਰੱਖ ਕੇ ਮੈਗੀ ਖਾ ਰਹੇ ਸਨ। ਇਸ ਮਗਰੋਂ ਪਰਿਵਾਰ ਨੇ ਕੁੱਟਮਾਰ ਕਰਨ ਵਾਲੇ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਮੁਅੱਤਲ ਕਰਨ ਤੇ ਪਟਿਆਲਾ ਤੋਂ ਬਾਹਰ ਬਦਲਣ, ਪੀੜਤ ਪਰਿਵਾਰ ਨੂੰ ਸੁਰੱਖਿਆ ਪ੍ਰਦਾਨ ਕਰਨ ਅਤੇ ਐੱਸਐੱਸਪੀ ਡਾ. ਨਾਨਕ ਸਿੰਘ ਦੀ ਬਦਲੀ ਸਣੇ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਰੱਖੀ ਸੀ। ਪਰਿਵਾਰ ਨੇ ਸ਼ਨਿਚਰਵਾਰ ਤੋਂ ਡੀਸੀ ਦਫ਼ਤਰ ਅੱਗੇ ਧਰਨਾ ਸ਼ੁਰੂ ਕੀਤਾ ਸੀ। ਅੱਜ ਤੀਜੇ ਦਿਨ ਦੇ ਧਰਨੇ 'ਚ ਵੀ ਸਾਬਕਾ ਫ਼ੌਜੀ ਵੱਡੀ ਗਿਣਤੀ 'ਚ ਪੁੱਜੇ ਇਸ ਤੋਂ ਇਲਾਵਾ ਅੱਜ ਕਿਸਾਨਾਂ ਦੀ ਵੀ ਵੱਡੀ ਗਿਣਤੀ ਰਹੀ। ਇਸ ਦੌਰਾਨ ਭਾਵੇਂ ਬਾਕੀ ਮੰਗਾਂ ਤਾਂ ਮੰਨੀਆਂ ਗਈਆਂ ਪਰ ਐੱਸਐੱਸਪੀ ਦੀ ਬਦਲੀ ਅਤੇ ਸੀਬੀਆਈ ਜਾਂਚ ਦੀ ਮੰਗ ਅਜੇ ਵੀ ਬਰਕਰਾਰ ਹੈ। ਉਂਜ, ਨਾਲ ਹੀ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਮੰਗ ਵੀ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਏਡੀਜੀਪੀ ਦੀ ਅਗਵਾਈ ਹੇਠ ਤਿੰਨ ਮੈਂਬਰੀ ਸਿਟ ਕਾਇਮ ਕਰ ਕੇ ਤਿੰਨ ਹਫ਼ਤਿਆਂ 'ਚ ਰਿਪੋਰਟ ਮੰਗੀ ਗਈ ਹੈ। ਇਸ ਤੋਂ ਇਲਾਵਾ ਨਗਰ ਨਿਗਮ ਦੇ ਕਮਿਸ਼ਨਰ ਆਈਏਐੱਸ ਅਧਿਕਾਰੀ ਨੂੰ ਇਨ੍ਹਾਂ ਪੁਲੀਸ ਵਾਲਿਆਂ ਦੀ ਵਿਭਾਗੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਉਧਰ, ਮੁੱਖ ਮੰਤਰੀ ਨਾਲ ਮੀਟਿੰਗ ਦਾ ਪੱਤਰ ਏਡੀਸੀ ਈਸ਼ਾ ਸਿੰਘਲ ਨੇ ਸਟੇਜ 'ਤੇ ਆ ਕੇ ਸੌਂਪਿਆ। ਇਸ ਵਿੱਚ ਪੀੜਤਾਂ ਦੀਆਂ ਦੋਵੇਂ ਮੰਗਾਂ 'ਤੇ ਵਿਚਾਰ ਚਰਚਾ ਲਈ 31 ਮਾਰਚ ਨੂੰ 12 ਵਜੇ ਮੁੱਖ ਮੰਤਰੀ ਨਾਲ ਉਨ੍ਹਾਂ ਦੇ ਨਿਵਾਸ 'ਤੇ ਮੀਟਿੰਗ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮਗਰੋਂ ਜਸਵਿੰਦਰ ਕੌਰ ਬਾਠ ਨੇ ਇਹ ਧਰਨਾ ਮੁਲਤਵੀ ਕਰਨ ਦਾ ਐਲਾਨ ਕੀਤਾ। ਇਸੇ ਦੌਰਾਨ ਪਿਛਲੇ ਦਿਨੀਂ ਇਸ ਧਰਨੇ 'ਚ ਮੀਡੀਆ ਨਾਲ ਹੋਈ ਬਦਸਲੂਕੀ ਲਈ ਵੀ ਬੀਬੀ ਬਾਠ ਨੇ ਮੁਆਫ਼ੀ ਮੰਗੀ। ਇਸ ਧਰਨੇ ਨੂੰ ਜਸਵਿੰਦਰ ਕੌਰ ਬਾਠ, ਗੁਰਤੇਜ ਸਿੰਘ ਢਿੱਲੋਂ, ਸਾਬਕਾ ਸੈਨਿਕ ਕ੍ਰਾਂਤੀਕਾਰੀ ਯੂਨੀਅਨ ਦੇ ਸੂਬਾਈ ਪ੍ਰਧਾਨ ਪਰਗਟ ਸਿੰਘ ਢੀਂਡਸਾ, ਡੀਐੱਮਐੱਫ ਦੇ ਸੂਬਾਈ ਆਗੂ ਰਾਜ ਕੁਮਾਰ ਕਨਸੂਹਾ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਗੁਰਮੀਤ ਕਾਲਾਝਾੜ, ਬੀਕੇਯੂ ਉਗਰਾਹਾਂ ਦੇ ਆਗੂ ਮਨਜੀਤ ਘਰਾਚੋਂ, ਕੇਕੇਯੂ ਦੇ ਆਗੂ ਰਤਨ ਸਿੰਘ ਆਦਿ ਸ਼ਾਮਲ ਹਨ।




## ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ 'ਚ ਪਹੁੰਚਣ ਦੀ ਬੇਨਤੀ



ਵਾਸ਼ਿੰਗਟਨ ਡੀਸੀ ਦੀ ਉਹ ਧਰਤੀ ਹੈ ਜਿਥੇ ਅਮਰੀਕਾ ਭਰ ਤੋਂ ਚੁਣੇ ਹੋਏ ਕਾਂਗਰਸਮੈਨ ਸੈਨੇਟਰ ਅਤੇ ਦੁਨੀਆ ਭਰ ਦੇ ਆਗੂ ਪਹੁੰਚਦੇ ਹਨ। ਇਥੇ ਦੇ ਸਿੱਖ ਪਰੇਡ ਸਿੱਖ ਹੋਂਦ ਲਈ ਅਹਿਮ ਸਥਾਨ ਰੱਖਦੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਥੇ ਪਰਿਵਾਰ ਸਮੇਤ ਪਹੁੰਚ ਕੇ ਹਰ ਸਾਲ ਹਾਜ਼ਰੀਆਂ ਭਰਿਆ ਕਰਨ। ਸਿੱਖ ਪੰਥ ਦੀ ਅਜਾਦੀ ਦਾ ਪ੍ਰਤੀਕ ਅਤੇ Washington, D.C ਤੋਂ ਕੌਮ ਦੀ ਅੰਤਰਰਾਸ਼ਟਰੀ ਅਵਾਜ਼ ਨੈਸ਼ਨਲ ਸਿੱਖ ਡੇਅ ਪਰੇਡ USA ਜੋ ਕਿ ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 8th ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਹੋ ਰਹੀ ਹੈ ਸਮੂਹ ਸੰਗਤਾਂ ਨੂੰ ਪ੍ਰਵਾਰ ਸਮੇਤ ਪਹੁੰਚਣ ਦੀ ਬੇਨਤੀ।

ਸ੍ਰ. ਹਿੰਮਤ ਸਿੰਘ,
ਕੋਆਰਡੀਨੇਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਯੂਐਸਏ

## ਨੈਸ਼ਨਲ ਸਿੱਖ ਡੇਅ ਪਰੇਡ 'ਚ ਸੰਗਤਾਂ ਹੁੰਮ ਹੁੰਮਾ ਕੇ ਪਹੁੰਚਣ : ਸ੍ਰ. ਹਰਜਿੰਦਰ ਸਿੰਘ



ਸਿੱਖਾਂ ਦੀ ਆਵਾਜ਼ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਹਰਜਿੰਦਰ ਸਿੰਘ, ਸਪੋਕਸਮੈਨ ਸਿੱਖ ਕੋਆਰਡੀਨੇਸ਼ਨ ਕਮੇਟੀ ਯੂ ਐਸ ਏ

## ਵਾਸ਼ਿੰਗਟਨ ਦੀ ਨੈਸ਼ਨਲ ਸਿੱਖ ਡੇਅ ਪਰੇਡ ਸਿੱਖਾਂ 'ਚ ਅਹਿਮ ਸਥਾਨ ਰੱਖਦੀ ਹੈ : ਸ੍ਰ. ਗੁਰਦੇਵ ਸਿੰਘ ਕੰਗ



ਨਿਊਯਾਰਕ ਦੀਆਂ ਸਿੱਖ ਸੰਗਤਾਂ ਵਲੋਂ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਦੇਵ ਸਿੰਘ ਕੰਗ
ਹਿਊਮਨ ਰਾਇਟਸ ਕਮਿਸ਼ਨਰ
ਨਿਊਯਾਰਕ

## ਸਿੱਖਾਂ ਦਾ ਹੁਣ ਆਪਣੇ ਘਰ ਬਿਨਾਂ ਅਤੇ ਮੁਕੰਮਲ ਅਜ਼ਾਦੀ ਤੋਂ ਵਗੈਰ ਕੋਈ ਹੱਲ ਨਹੀਂ



ਵਾਸ਼ਿੰਗਟਨ ਤੋਂ ਕੌਮ ਦੀ ਅੰਤਰਾਸ਼ਟਰੀ ਆਵਾਜ਼ ਖਾਲਿਸਤਾਨ ਅਫੇਅਰ ਸੈਂਟਰ ਵਲੋਂ ਅਮਰੀਕਾ 'ਚ ਵਸਦੇ ਸਮੂਹ ਸਿੱਖਾਂ ਨੂੰ ਸਿੱਖ ਕੌਮ ਦੀ ਕੀਤੀ ਗਈ ਨਸਲਕੁਸ਼ੀ ਦੀ 41ਵੀਂ ਵਰ੍ਹੇਗੰਢ ਉਪਰ ਅਤੇ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ।

ਡਾ: ਅਮਰਜੀਤ ਸਿੰਘ ਖਾਲਿਸਤਾਨ ਅਫੇਅਰ ਸੈਂਟਰ,
ਵਾਸ਼ਿੰਗਟਨ ਡੀ.ਸੀ.

## ਸਿੱਖ ਕਲਚਰ, ਸੁਸਾਇਟੀ ਨਿਊਯਾਰਕ ਦੇ ਪ੍ਰਧਾਨ ਸ੍ਰ. ਦਵਿੰਦਰ ਸਿੰਘ ਬੋਪਾਰਾਏ ਵਲੋਂ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਬੋਪਾਰਾਏ
ਪ੍ਰਧਾਨ ਸਿੱਖ ਕਲਚਰਲ, ਰਿਚਮੰਡ ਹਿੱਲ,
ਨਿਊਯਾਰਕ

## ਡਾ. ਪ੍ਰਿਤਪਾਲ ਸਿੰਘ ਵਲੋਂ ਸਿੱਖ ਡੇਅ ਪਰੇਡ 'ਚ ਪਹੁੰਚਣ ਦਾ ਸੱਦਾ



ਪੂਰੇ ਭਾਰਤ ਵਿਚ ਸਿੱਖਾਂ ਦੀ ਨਸਲਕੁਸ਼ੀ ਨੂੰ 41 ਸਾਲ ਹੋ ਗਏ। ਕਿਸੇ ਸਰਕਾਰ ਅਤੇ ਕਿਸੇ ਭਾਰਤੀ ਅਦਾਲਤ ਨੇ ਸਿੱਖਾਂ ਨੂੰ ਇਨਸਾਫ਼ ਨਹੀਂ ਦਿੱਤਾ। ਸਿੱਖਾਂ ਦੇ ਕਾਤਲ ਉਚ ਅਹੁਦਿਆਂ 'ਤੇ ਬਿਰਾਜਮਾਨ ਹਨ ਅਤੇ ਹੁਣ ਵਿਦੇਸ਼ਾਂ 'ਚ ਸਿੱਖਾਂ ਲਈ ਇਨਸਾਫ਼ ਮੰਗਣ ਵਾਲੇ ਆਗੂਆਂ ਦੇ ਕਤਲ ਕੀਤੇ ਜਾ ਰਹੇ ਹਨ। ਇਸ ਇਤਹਾ ਨੂੰ ਠੱਲ੍ਹ ਪਾਉਣ ਲਈ ਪੂਰੀ ਕੌਮ ਨੂੰ ਇਕ ਝੰਡੇ ਹੇਠ ਇਕੱਠੇ ਹੋ ਕੇ ਕੌਮ ਦੀ ਮੁਕੰਮਲ ਅਜ਼ਾਦੀ ਦੀ ਗੱਲ ਕਰਨੀ ਚਾਹੀਦੀ ਹੈ।

ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ,
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ



ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੁਰਜੀਤ ਸਿੰਘ ਕੁਲਾਰ
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਮਰੀਕਾ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਬੂਟਾ ਸਿੰਘ ਖਰੋਦ,
ਕਨਵੀਨਰ ਸ਼੍ਰੋਮਣੀ ਅਕਾਲੀ ਦਲ ਅਮਰੀਕਾ



ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖ ਕੌਮ ਦੀ ਅਜ਼ਾਦੀ ਲਈ ਸਮੂਹ ਸਿੱਖ ਜਗਤ ਨੂੰ ਇਕ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ।

ਸ੍ਰ. ਜਸਵੰਤ ਸਿੰਘ ਹੋਠੀ, ਪ੍ਰਧਾਨ
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਮਰੀਕਾ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਡਾ. ਹਰਦਮ ਸਿੰਘ ਆਜ਼ਾਦ



ਸਿੱਖਾਂ ਦਾ ਆਜ਼ਾਦੀ ਬਿਨਾਂ ਕੋਈ ਹੱਲ ਨਹੀਂ

ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਅਤੇ ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦਾ ਆਪਣੇ ਘਰ ਬਿਨਾਂ ਕੋਈ ਹੱਲ ਨਹੀਂ।

ਡਾ. ਬਖਸ਼ੀਸ਼ ਸਿੰਘ ਸੰਧੂ (SFJ)
ਕੌਂਸਲ ਆਫ ਖਾਲਿਸਤਾਨ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ. ਬਲਜਿੰਦਰ ਸਿੰਘ
ਬਰਾੜ ਨਿਊਜਰਸੀ



ਸਿੱਖਾਂ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਚੱਠਾ ਵਰਜੀਨੀਆ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਵਿੰਦਰ ਸਿੰਘ ਚੱਠਾ
ਵਰਜੀਨੀਆ




8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਭਗਤ ਸਿੰਘ ਪੈਨਸਿਲਵੇਨੀਆ



ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਾਕਾ ਸਿੰਘ ਨਿਊਯਾਰਕ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 8ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸਮੂਹ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ੍ਰ. ਦਲਜਿੰਦਰ ਸਿੰਘ ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਬਦੇਸ਼ਾ, ਵਰਜੀਨੀਆ



ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਹਰਚਰਨ ਸਿੰਘ ਪੈਨਸਿਲਵੇਨੀਆ



ਵਰਜੀਨੀਆ ਦੀ ਸੰਗਤ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਦਿਓ ਵਰਜੀਨੀਆ




ਨਿਊਜਰਸੀ ਦੀਆਂ ਸਿੱਖ ਸੰਗਤਾਂ ਵਲੋਂ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਪ੍ਰਦੀਪ, ਸਿੰਘ ਖਾਲਸਾ, ਨਿਊਜਰਸੀ



ਮੈਰੀਲੈਂਡ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਖਸ਼ੀਸ਼ ਸਿੰਘ ਮੈਰੀਲੈਂਡ



ਯੂਨਾਈਟਿਡ ਸਿੱਖ ਵਲੋਂ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 8ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ੍ਰ. ਹਰਦਿਆਲ ਸਿੰਘ, ਯੂਨਾਈਟਿਡ ਸਿੱਖ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਹਰਮਿੰਦਰ ਸਿੰਘ ਆਹਲੂਵਾਲੀਆ ਨਿਊਯਾਰਕ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਜਾਫੀ ਸਿੰਘ ਇੰਡੀਆਨਾ



ਸਿੱਖ ਯੂਥ ਆਫ ਅਮਰੀਕਾ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਸਵੀਰ ਸਿੰਘ,
ਸਿੱਖ ਯੂਥ ਆਫ ਅਮਰੀਕਾ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਤਿੰਦਰ ਸਿੰਘ ਖੱਟੜਾ
ਨਿਊਜਰਸੀ



ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਪਰ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ।

ਸ੍ਰ. ਜੋਗਰਾਜ ਸਿੰਘ ਨਿਊਜਰਸੀ



ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਕੇਵਲ ਸਿੰਘ ਸੰਧੂ, ਫਿਲਾਡੇਲਫੀਆ



ਸਿੱਖਾਂ ਦੀ ਆਵਾਜ਼ ਸ੍ਰ. ਸਤਨਾਮ ਸਿੰਘ ਵਿਰਕ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਸਤਨਾਮ ਸਿੰਘ ਵਿਰਕ
ਕਾਰਟਰੇਟ ਨਿਊਜਰਸੀ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਰਨਜੀਤ ਸਿੰਘ ਖਾਲਸਾ
ਸਿਟੀ ਕੌਂਸਲਰ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਅਵਤਾਰ ਸਿੰਘ ਪੰਨੂ (SFJ)



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਵਤੇਜ ਸਿੰਘ ਤੇਜੀ ਪੈਨਸਿਲਵੇਨੀਆ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪ੍ਰਿਤਪਾਲ ਸਿੰਘ ਖਾਲਸਾ
ਨਿਊਜਰਸੀ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਰਾਜਵਿੰਦਰ ਸਿੰਘ ਬਦੇਸ਼ਾ ਨਿਊਜਰਸੀ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੰਤੋਖ ਸਿੰਘ ਇੰਡੀਆਨਾ



ਸ੍ਰ. ਸਰਵਣ ਸਿੰਘ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਰਵਣ ਸਿੰਘ ਨਿਊਜਰਸੀ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਊਧਮ ਸਿੰਘ ਵਰਜੀਨੀਆ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਵੰਤ ਸਿੰਘ ਦਿਓਲ ਨਿਊਯਾਰਕ






ਸਿੱਖਾਂ ਦੀ ਆਵਾਜ਼ ਸ੍ਰ. ਸੱਜਣ ਸਿੰਘ ਨਿਊਯਾਰਕ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੱਜਣ ਸਿੰਘ ਨਿਊਯਾਰਕ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜੋਗਾ ਸਿੰਘ ਨਿਊਜਰਸੀ



ਸਿੱਖ ਕੌਮ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਨਿਊਯਾਰਕ ਵਲੋਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਬਲਵਿੰਦਰ ਸਿੰਘ ਨਿਊਯਾਰਕ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਲੇਰ ਸਿੰਘ ਨਿਊਯਾਰਕ



ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਵਿੰਦਰ ਸਿੰਘ
ਪ੍ਰਧਾਨ ਸਿੰਘ ਸਭਾ ਗਲੇਨਰਾਕ, ਨਿਊਜਰਸੀ



ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਮੇਲ ਸਿੰਘ, ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਿੰਦਰ ਸਿੰਘ, ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੇਵਲ ਸਿੰਘ ਨਿਊਜਰਸੀ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਮਹਿਤਾਬ ਸਿੰਘ ਵਰਜੀਨੀਆ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਲਾਲ ਸਿੰਘ, ਪੈਨਸਿਲਵੇਨੀਆ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਟਹਿਲ ਸਿੰਘ, ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪਰਮਿੰਦਰ ਸਿੰਘ ਬਿੱਲਾ ਨਿਊਯਾਰਕ



ਸ੍ਰ. ਸਵਿੰਦਰ ਸਿੰਘ ਮੈਰੀਲੈਂਡ ਵਲੋਂ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਿੰਦਰ ਸਿੰਘ ਮੈਰੀਲੈਂਡ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਰਿੰਦਰ ਸਿੰਘ ਵਰਜੀਨੀਆ



ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਇੰਦਰਜੀਤ ਸਿੰਘ, ਪ੍ਰਧਾਨ
ਗੁਰਦੁਆਰਾ ਦਸਮੇਸ਼ ਦਰਬਾਰ, ਕਾਟਰੇਟ ਨਿਊਜਰਸੀ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਖਾਲਸਾ, ਨਿਊਯਾਰਕ



ਸ੍ਰ. ਰਾਜਿੰਦਰ ਸਿੰਘ ਨਿਊਯਾਰਕ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਰਾਜਿੰਦਰ ਸਿੰਘ ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਕੁਲਵੰਤ ਸਿੰਘ ਮਿਆਣੀ ਨਿਊਯਾਰਕ






ਸ੍ਰ. ਪਿਆਰਾ ਸਿੰਘ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਪਿਆਰਾ ਸਿੰਘ ਸਾਬਕਾ ਪ੍ਰਧਾਨ
ਗੁਰਦੁਆਰਾ ਕਾਰਟਰੇਟ ਨਿਊਜਰਸੀ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਦਾਵਰ ਸਿੰਘ ਨਿਊਜਰਸੀ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਜਿੰਦਰ ਸਿੰਘ ਮੁਲਤਾਨੀ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਤੇਜਪਾਲ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ
ਸਿੰਘ ਸਭਾ ਫੇਅਰ ਫੈਕਸ ਵਰਜੀਨੀਆ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਖਸ਼ੀਸ਼ ਸਿੰਘ ਵਰਜੀਨੀਆ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਸਰਬਜੀਤ ਸਿੰਘ ਸਾਬਕਾ ਪ੍ਰਧਾਨ
ਗੁਰਦੁਆਰਾ ਸਾਹਿਬ ਫਿਲਾਡਲਫੀਆ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਸੁਖਵਿੰਦਰ ਸਿੰਘ ਇੰਡੀਆਨਾ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਾਹਿਬ ਸਿੰਘ ਸਿਆਟਲ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਗੁਰਦੇਵ ਸਿੰਘ ਧਾਲੀਵਾਲ
ਪ੍ਰਧਾਨ ਗੁਰਦੁਆਰਾ ਪਾਈਨਹਿੱਲ ਨਿਊਜਰਸੀ



ਸ੍ਰ. ਹਰਪਾਲ ਸਿੰਘ ਸਿਆਟਲ ਵਲੋਂ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਹਰਪਾਲ ਸਿੰਘ ਸਿਆਟਲ



ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਗੁਰਤੇਜ ਸਿੰਘ ਨਿਊਯਾਰਕ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਹਰਿੰਦਰਵੀਰ ਸਿੰਘ ਵੜੈਚ



ਸ੍ਰ. ਸੁਖਜਿੰਦਰ ਸਿੰਘ ਸੁਭਾਨਪੁਰ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਸੁਖਜਿੰਦਰ ਸਿੰਘ ਸੁਭਾਨਪੁਰ ਪ੍ਰਧਾਨ
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ
ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਰਘਬੀਰ ਸਿੰਘ ਸੁਭਾਨਪੁਰ ਸਾਬਕਾ ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਨਿਊਯਾਰਕ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਜੀਤ ਸਿੰਘ ਨਿਊਯਾਰਕ

ਝੂਲਤੇ ਨਿਸ਼ਾਨ ਰਹੇਂ — ਅਕਾਲ ਸਹਾਇ — ਪੰਥ ਮਹਾਰਾਜ ਕੇ

ਖ਼ਾਲਸਈ ਜਾਹੋ ਜਲਾਲ ਦੇ ਪ੍ਰਤੀਕ **ਹੋਲਾ ਮਹੱਲਾ** ਦੇ ਪਾਵਨ ਦਿਹਾੜੇ ਨੂੰ ਸਮਰਪਿਤ

# 14ਵਾਂ ਨਗਰ ਕੀਰਤਨ



## ਐਤਵਾਰ, ਅਪ੍ਰੈਲ 6, 2025

## ਸਾਲਾਨਾ ਸਮਾਗਮ

ਮਾਰਚ 24, 2025 ਤੋਂ ਅਪ੍ਰੈਲ 6, 2025 ਤੱਕ

# ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ

ਵਿਖੇ ਬੜੇ ਹੀ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਜੱਥੇ ਅਤੇ ਵਿਦਵਾਨ ਗੁਰੂ ਜਸ ਸਰਵਣ ਕਰਾਉਣਗੇ। ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋ ਵੱਧ ਹਾਜ਼ਰੀਆਂ ਭਰ ਕੇ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸ਼੍ਰੋਮਣੀ ਰਾਗੀ - ਪਦਮਸ਼੍ਰੀ
ਭਾਈ ਹਰਜਿੰਦਰ ਸਿੰਘ ਜੀ
ਸ੍ਰੀਨਗਰ ਵਾਲੇ
ਅਪ੍ਰੈਲ 2 ਤੋਂ 6



ਭਾਈ ਸਾਹਿਬ
ਭਾਈ ਪਿੰਦਰਪਾਲ ਸਿੰਘ ਜੀ
ਅਪ੍ਰੈਲ 2 ਤੋਂ 6



ਭਾਈ ਸਰਬਜੀਤ ਸਿੰਘ ਜੀ ਰੰਗੀਲਾ
ਦੁਰਗ ਵਾਲੇ
ਮਾਰਚ 25 ਤੋਂ 30



ਭਾਈ ਸਰਬਜੀਤ ਸਿੰਘ ਜੀ
ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ
ਅਪ੍ਰੈਲ 2 ਤੋਂ 6



ਡਾ. ਗੁਰਿੰਦਰ ਸਿੰਘ ਜੀ ਬਟਾਲਾ
ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ
ਮਾਰਚ 27 ਤੋਂ ਅਪ੍ਰੈਲ 1



ਭਾਈ ਕਮਲਜੀਤ ਸਿੰਘ ਜੀ
ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ
ਮਾਰਚ 24 ਤੋਂ ਮਾਰਚ 26



ਭਾਈ ਓਂਕਾਰ ਸਿੰਘ ਜੀ
ਊਨੇ ਵਾਲੇ
ਮਾਰਚ 31 ਤੋਂ ਅਪ੍ਰੈਲ 1



ਭਾਈ ਮਹਿਲ ਸਿੰਘ ਜੀ
ਕਵੀਸ਼ਰੀ ਜਥਾ, ਚੰਡੀਗੜ੍ਹ ਵਾਲੇ
ਮਾਰਚ 26 ਤੋਂ 30



ਭਾਈ ਲਖਵਿੰਦਰ ਸਿੰਘ ਜੀ ਸੋਹਲ
ਗੋਲਡ ਮੈਡਲਿਸਟ ਢਾਡੀ ਜਥਾ
ਅਪ੍ਰੈਲ 5 ਤੋਂ 6



ਭਾਈ ਸਿਰੀਪਾਲ ਸਿੰਘ ਜੀ
ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ



ਭਾਈ ਸੁਖਮਨ ਸਿੰਘ ਜੀ
ਦਮਦਮੀ ਟਕਸਾਲ, ਟਰੇਸੀ



ਗਿ. ਦਿਲਬਾਗ ਸਿੰਘ ਜੀ
ਦਮਦਮੀ ਟਕਸਾਲ, ਟਰੇਸੀ

ਮਾਰਚ 24, ਸੋਮਵਾਰ ਤੋ ਅਪ੍ਰੈਲ 5, ਸ਼ਨੀਵਾਰ ਤੱਕ ਰੋਜ਼ਾਨਾ ਸ਼ਾਮ 6.00 ਤੋਂ 9:00 ਤੱਕ ਦੀਵਾਨ ਸੱਜਣਗੇ।
ਅਪ੍ਰੈਲ 6, ਐਤਵਾਰ 9:30 ਤੋਂ 12:30 ਵਜੇ ਤੱਕ ਦੀਵਾਨ ਸਜਣਗੇ।

**ਸਪੋਰਟਸ ਡੇਅ** ਅਪ੍ਰੈਲ 5, ਸ਼ਨਿੱਚਰਵਾਰ ਨੂੰ ਹੋਵੇਗਾ ਜਿਸ ਵਿੱਚ ਹਰੇਕ AGE GROUP ਦੀਆਂ ਵੱਖ-ਵੱਖ ਖੇਡਾਂ ਹੋਣਗੀਆਂ ।

**ਅਪ੍ਰੈਲ 6, ਐਤਵਾਰ ਨਗਰ ਕੀਰਤਨ ਵਾਲੇ ਦਿਨ** ਗੱਡੀਆਂ ਦੀ ਪਾਰਕਿੰਗ ਗੁਰੂ-ਘਰ ਦੀ ਚਾਰ-ਦਿਵਾਰੀ ਦੇ ਪਿਛਲੇ ਪਾਸੇ ਨਿਯਤ ਜਗਾ ਤੇ ਹੀ ਕੀਤੀ ਜਾਵੇ।

- ਨਗਰ ਕੀਰਤਨ ਦੀ ਆਰੰਭਤਾ ਅਪ੍ਰੈਲ 6, ਐਤਵਾਰ ਨੂੰ 1:00 ਵਜੇ ਹੋਵੇਗੀ ।
- ਦੋਵੇਂ ਹਫਤੇ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਨਿਰੰਤਰ ਜਾਰੀ ਰਹੇਗੀ ।

ਦੁਕਾਨਾਂ ਲਗਾਉਣ ਲਈ ਸੰਪਰਕ ਕਰੋ : 209-607-4141 EMAIL : ggnptracy@gmail.com

ਲੰਗਰ ਸਟਾਲ ਲਗਾਉਣ ਲਈ ਸੰਪਰਕ ਕਰੋ : 209-346-4270

## ਅੰਮ੍ਰਿਤ ਸੰਚਾਰ

ਅਪ੍ਰੈਲ 5
ਸ਼ਨੀਵਾਰ
ਸਵੇਰੇ 10 ਵਜੇ

ਪੰਜ ਪਿਆਰੇ ਸਾਹਿਬਾਨ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ। ਕਕਾਰ ਗੁਰੂ-ਘਰ ਵੱਲੋਂ ਦਿੱਤੇ ਜਾਣਗੇ।



ਵੱਲੋਂ :
ਬਾਬਾ ਧਰਮ ਸਿੰਘ ਜੀ

**GURDWARA GUR NANAK PARKASH DAMDAMI TAKSAL**
16101 WEST GRANT LINE RD TRACY CA 95304
TEL. 209 346 4270

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਪ੍ਰਵਾਨ ਕਿਉਂ ਨਹੀਂ ਚੜ੍ਹ ਰਹੇ ?





ਮੀਰੀ ਪੀਰੀ ਦੇ ਸਿਧਾਂਤ ਦੀ ਸਿੱਖ ਪੰਥ ਵਿਚ ਪਹਿਰੇਦਾਰੀ ਕਰਨ ਵਾਲੇ ਮਹਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਕਾਇਮ ਰੱਖਣ ਬਾਰੇ ਅੱਜ ਹਰ ਸਿੱਖ ਪੰਥ ਦਰਦੀ ਚਿੰਤਤ ਹੈ। ਪੰਥ ਪ੍ਰਤੀ ਜੋ ਨਿਸ਼ਠਾ ਅਤੇ ਸਮਰਪਿਤ ਭਾਵਨਾ ਖ਼ਾਲਸਾ ਸਾਜਨਾ ਦਿਵਸ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੋਂ ਦੋ ਦਹਾਕੇ ਬਾਅਦ ਤੱਕ ਰਹੀ ਉਸ ਵਿਚ ਅੱਜ ਵੱਡੀ ਤਬਦੀਲੀ ਆ ਗਈ ਹੈ। ਇਸ ਆਏ ਬਦਲਾਓ ਲਈ ਕੇਵਲ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਜਾਂ ਧਰਮ ਪ੍ਰਚਾਰਕਾਂ ਨੂੰ ਜ਼ਿੰਮੇਵਾਰ ਦੱਸਣ ਤੋਂ ਪਹਿਲਾਂ ਸਾਨੂੰ 20ਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਆਏ ਸਮਾਜਿਕ, ਆਰਥਿਕ ਅਤੇ ਰਾਜਨੀਤਕ ਬਦਲਾਓ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ।

**ਹੁਕਮ ਲਾਗੂ ਕਿਉਂ ਨਹੀਂ ਹੋ ਰਹੇ :** ਅਕਾਲ ਤਖ਼ਤ ਦੇ ਹੁਕਮਨਾਮੇ ਲਾਗੂ ਕਰਨ ਦੀ ਸਮੁੱਚੇ ਸਿੱਖ ਜਗਤ ਦੀ ਜੋ ਜ਼ਿੰਮੇਵਾਰੀ ਬਣਦੀ ਹੈ। ਉਸ ਵਿਚ ਸਮੇਂ ਨਾਲ ਆਈ ਸਮਾਜਿਕ ਅਤੇ ਰਾਜਨੀਤਕ ਤਬਦੀਲੀ ਨੇ ਵੱਡਾ ਖਲਾਅ ਪੈਦਾ ਕਰ ਦਿੱਤਾ। ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਅਕਾਲ ਤਖ਼ਤ ਵਲੋਂ ਸਿੱਖ ਪੰਥ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਪੰਥ, ਦੇ ਦੋਖੀਆਂ ਪ੍ਰਤੀ ਲਏ ਗਏ ਫ਼ੈਸਲਿਆਂ ਨੂੰ ਹੇਠਲੇ ਪੱਧਰ ਤੱਕ ਕਾਮਯਾਬੀ ਨਾਲ ਲਾਗੂ ਨਹੀਂ ਕੀਤਾ ਜਾ ਸਕਿਆ, ਜਿਸ ਕਾਰਨ ਕੇਵਲ ਰਾਜਨੀਤਕ ਅਤੇ ਪ੍ਰਤਿਸ਼ਠਾਵਾਨ ਵਿਅਕਤੀਆਂ ਨੂੰ ਛੱਡ ਕੇ ਆਮ ਲੋਕਾਂ ਨੇ ਹੁਕਮਾਂ ਦੀ ਪ੍ਰਵਾਹ ਘਟਾ ਦਿੱਤੀ ਹੈ, ਜਿਸ ਦੀ ਮਿਸਾਲ ਸਿਰਸਾ ਵਾਲੇ ਬਾਬੇ ਤੋਂ ਲੈ ਕੇ ਵੇਖੀ ਜਾ ਸਕਦੀ ਹੈ। ਇਸ ਅਹਿਮ ਹੁਕਮਨਾਮੇ ਤੋਂ ਬਾਅਦ ਵੀ ਪਿੰਡਾਂ ਤੇ ਸ਼ਹਿਰਾਂ ਵਿਚ ਬਹੁਤ ਸਾਰੇ ਸਿੱਖ ਸਿਰਸਾ ਡੇਰੇ ਜਾਂਦੇ ਰਹੇ ਤੇ ਗੁਰੂ ਘਰਾਂ ਨਾਲ ਜੁੜੇ ਗੁਰਮੁਖ ਸਿੱਖ ਉਨ੍ਹਾਂ ਨੂੰ ਨਾ ਤਾਂ ਜਾਣ ਤੋਂ ਰੋਕ ਸਕੇ ਅਤੇ ਨਾ ਉਨ੍ਹਾਂ ਦਾ ਮੁਕੰਮਲ ਬਾਈਕਾਟ ਕਰ ਸਕੇ। ਇਥੋਂ ਤੱਕ ਕਿ 2013 ਵਿਚ ਅਕਾਲ ਤਖ਼ਤ ਦਾ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰ ਅੰਮ੍ਰਿਤਧਾਰੀ ਹੋਣ ਬਾਰੇ ਹੁਕਮਨਾਮਾ ਆਇਆ ਪਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਤੋਂ ਬਾਹਰਲੇ ਜ਼ਿਆਦਾਤਰ ਗੁਰਦੁਆਰਿਆਂ ਵਿਚ ਅੱਜ ਵੀ ਗ਼ੈਰ-ਅੰਮ੍ਰਿਤਧਾਰੀ ਕਮੇਟੀਆਂ ਕੰਮ ਕਰਦੀਆਂ ਹਨ। ਜਿੱਥੇ ਕਿਤੇ ਗੁਰਮੁਖ ਸਿੱਖਾਂ ਨੇ ਇਹ ਫ਼ੈਸਲੇ ਗੁਰਦੁਆਰਿਆਂ ਵਿਚ ਲਾਗੂ ਕਰਨ ਦੇ ਯਤਨ ਕੀਤੇ ਉੱਥੇ ਕਈ ਡੇਰੇਦਾਰਾਂ ਅਤੇ ਪਤਿਤ ਸਿੱਖਾਂ ਨੇ ਕੋਈ ਪੇਸ਼ ਨਹੀਂ ਜਾਣ ਦਿੱਤੀ। ਸ਼੍ਰੋਮਣੀ ਕਮੇਟੀ ਵੀ ਆਮ ਪਿੰਡਾਂ, ਸ਼ਹਿਰਾਂ ਅਤੇ ਮੁਹੱਲਿਆਂ ਦੇ ਗੁਰੂ ਘਰਾਂ ਵਿਚ ਇਹ ਫ਼ੈਸਲੇ ਲਾਗੂ ਨਾ ਕਰਵਾ ਸਕੀ। ਘੱਲੂਘਾਰੇ ਜਾਂ ਸ਼ਹੀਦੀ ਸਾਕੇ ਮਨਾਉਣ ਬਾਰੇ ਘਰਾਂ ਉੱਪਰ ਕੇਸਰੀ ਨਿਸ਼ਾਨ ਝੁਲਾਉਣ ਜਾਂ ਮੂਲ ਮੰਤਰ ਦੇ ਪਾਠ ਕਰਨ ਜਾਂ ਘਰਾਂ 'ਤੇ ਕਾਲੀਆਂ ਝੰਡੀਆਂ ਲਾਉਣ ਬਾਰੇ ਐਲਾਨ ਵੀ ਲਾਗੂ ਹੋਏ ਵੇਖਣ ਨੂੰ ਨਹੀਂ ਮਿਲੇ। ਅਕਾਲ ਤਖ਼ਤ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਸਿੱਖ ਸੰਗਤ ਲਈ ਜੋ ਪਰੰਪਰਾ ਬਣਾਈ ਗਈ ਸੀ, ਉਸ ਵਿਚ ਇਹ ਸ਼ਾਮਿਲ ਸੀ ਕਿ ਜੇਕਰ ਕੋਈ ਸਿੱਖ ਅਕਾਲ ਤਖ਼ਤ ਦਾ ਫ਼ੈਸਲਾ ਨਹੀਂ ਮੰਨੇਗਾ ਦਾ ਸਿੱਖ ਜਗਤ ਬਾਈਕਾਟ ਕਰੇਗਾ, ਇਹ ਇਹ ਸਿਧਾਂਤ ਬਹੁਤ ਕਾਰਗਰ ਸਾਬਤ ਹੁੰਦਾ ਰਿਹਾ। ਸਾਡੇ ਇਤਿਹਾਸਕ ਪੰਚਾਇਤੀ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਵੀ ਪਿੰਡਾਂ ਵਿਚ ਇਹ ਸਿਧਾਂਤ ਚਲਦਾ ਰਿਹਾ। ਹਰਿਆਣੇ ਦੀਆਂ ਖਾਪ ਪੰਚਾਇਤਾਂ ਵੀ ਇਸੇ ਸਿਧਾਂਤ 'ਤੇ ਚਲਦੀਆਂ ਹਨ, ਪਰ ਇਹ ਏਡਾ ਵੱਡਾ ਸਿਧਾਂਤ ਅਕਾਲ ਤਖ਼ਤ ਦੇ ਹੁਕਮਾਂ ਨੂੰ ਲਾਗੂ ਕਰਨ ਵਿਚ ਅੱਜ ਕਿਉਂ ਸਫਲ ਨਹੀਂ ਹੋ ਰਿਹਾ ਇਸ ਦੀ ਸਮੀਖਿਆ ਕਰਨੀ ਬਣਦੀ ਹੈ।

**ਅਕਾਲ ਤਖ਼ਤ ਤੋਂ ਰਾਜਨੀਤਕ ਫ਼ੈਸਲੇ :** ਗੁਰੂ ਸਾਹਿਬਾਨਾਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ ਅਤੇ ਉਸ ਤੋਂ ਬਾਅਦ ਦੇਸ਼ ਦੀ ਆਜ਼ਾਦੀ ਦੇ ਮੁਢਲੇ ਦੋ ਦਹਾਕਿਆਂ ਤੱਕ ਅਕਾਲ ਤਖ਼ਤ ਤੋਂ ਬਹੁਤ ਖਾਸ ਹਾਲਤਾਂ ਵਿਚ ਰਾਜਨੀਤਕ ਹਸਤੀਆਂ ਜਾਂ ਪ੍ਰਤਿਸ਼ਠ ਵਿਅਕਤੀਆਂ ਦੀ ਸਿੱਖ ਮਰਿਆਦਾ ਜਾਂ ਪੰਥ ਵਿਰੋਧੀ ਕਾਰਗੁਜ਼ਾਰੀ ਨੂੰ ਨੱਥ ਪਾਉਣ ਲਈ ਹੁਕਮਨਾਮੇ ਜਾਰੀ ਕੀਤੇ ਜਾਂਦੇ ਸਨ। ਉਹ ਰਾਜਨੀਤਕ ਜਾਂ ਪ੍ਰਤਿਸ਼ਠਾਮਾਨ ਵਿਅਕਤੀ ਆਪਣਾ ਰਾਜਨੀਤਕ ਜਾਂ ਸਮਾਜਿਕ ਅਕਸ ਖਰਾਬ ਹੋਣ ਤੋਂ ਬਚਣ ਲਈ ਅਕਾਲ ਤਖ਼ਤ ਸਾਹਮਣੇ ਸਿਰ ਨੀਵਾਂ ਕਰਕੇ ਭੁੱਲ ਬਖਸ਼ਾ ਲੈਂਦਾ ਸੀ ਅਤੇ ਅਕਾਲ ਤਖ਼ਤ ਵਲੋਂ ਵੀ ਜਿਹੜੀ ਸਿੱਖ ਸਿਧਾਂਤਾਂ ਤੇ ਪਰੰਪਰਾਵਾਂ ਅਨੁਸਾਰ ਪਾਠ ਕਰਨ, ਚੌਰ ਸਾਹਿਬ ਕਰਨ, ਜੋੜੇ ਝਾੜਨ ਵਰਗੀਆਂ ਧਾਰਮਿਕ ਸਜ਼ਾਵਾਂ ਲਾ ਕੇ ਮੁਆਫ਼ੀ ਦੇ ਦਿੱਤੀ ਜਾਂਦੀ ਸੀ। ਇਸ ਲਈ ਇਹ ਹੁਕਮਨਾਮੇ ਜਿਨ੍ਹਾਂ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਨ ਦੀ ਨਾ ਤਾਂ ਬਹੁਤੀ ਜ਼ਰੂਰਤ ਪੈਂਦੀ ਸੀ ਅਤੇ ਨਾ ਹੀ ਕਦੇ ਮੁਸ਼ਕਿਲ ਆਉਂਦੀ ਸੀ। ਪਰ ਪਿਛਲੇ 5 ਦਹਾਕਿਆਂ ਤੋਂ ਜਦ ਅਕਾਲ ਤਖ਼ਤ ਦੀ ਸੇਵਾ ਸੰਭਾਲਣ ਵਾਲੇ ਜਥੇਦਾਰ ਸਾਹਿਬਾਨ ਵਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਇਕੱਠਾ ਕਰਨ ਲਈ ਅਕਾਲ ਤਖ਼ਤ ਤੋਂ ਰਾਜਨੀਤਕ ਫ਼ੈਸਲੇ ਲਏ ਗਏ, ਇਨ੍ਹਾਂ ਵਿਚੋਂ ਇਕ ਧੜੇ ਨੂੰ ਲਾਭ ਦੇਣ ਅਤੇ ਦੂਜੇ ਨੂੰ ਠਿੱਬੀ ਲਾਉਣ ਦੀ ਬੋ ਆਉਂਦੀ ਰਹੀ।

ਇਸੇ ਦੌਰਾਨ ਜਿਸ ਜਥੇਦਾਰ ਨੂੰ ਸੇਵਾ ਮੁਕਤ ਕੀਤਾ ਗਿਆ ਉਹ ਅਕਾਲ ਤਖ਼ਤ, ਸ਼ ?ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਪੰਥ ਦਾ ਵਿਰੋਧੀ ਵੀ ਬਣ ਗਿਆ। ਅਕਾਲ ਤਖ਼ਤ ਦੇ ਫ਼ੈਸਲੇ ਪ੍ਰਤੀ ਜਦੋਂ ਉੱਠ ਕੇ ਐਰਾ-ਗ਼ੈਰਾ ਜਥੇਦਾਰਾਂ ਨੂੰ ਸੰਬੋਧਨ ਕਰਨ ਲੱਗੇ, ਉਸ ਸਮੇਂ ਵੀ ਇਸ ਮਹਾਨ ਤਖ਼ਤ ਦੀ ਸ਼ਾਨ ਤੇ ਸਰਵਉੱਚਤਾ ਤੇ ਸਵਾਲ ਖੜ੍ਹੇ ਹੁੰਦੇ ਹਨ।

**ਜ਼ਿੰਮੇਵਾਰੀ ਕੌਣ ਲਵੇ ? :** ਮੁੱਢਲੇ ਤੌਰ 'ਤੇ ਸਮੁੱਚੇ ਸਿੱਖ ਜਗਤ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਕਾਲ ਤਖ਼ਤ ਦੇ ਹੁਕਮਾਂ ਨੂੰ ਪ੍ਰਵਾਨ ਚੜ੍ਹਾਵੇ। ਪਰ ਵੋਟਾਂ ਦੇ ਰਾਜ ਵਿਚ ਰਾਜਨੀਤਕ ਲੋਕਾਂ ਦੀਆਂ ਮਜਬੂਰੀਆਂ ਸਖ਼ਤ ਫ਼ੈਸਲੇ ਲੈਣ ਤੋਂ ਉਨ੍ਹਾਂ ਨੂੰ ਮਨਾਂ ਕਰਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਵੀ ਇਕ ਰਾਜਨੀਤਕ ਪਾਰਟੀ ਦੇ ਤੌਰ 'ਤੇ ਲੋਕਾਂ ਵਿਚ ਵਿਚਰਦੀ ਹੈ ਤਾਂ ਇਸ ਨੂੰ ਵੀ ਹਰ ਧਿਰ ਦੀ ਵੋਟ ਦੀ ਲੋੜ ਹੁੰਦੀ ਹੈ, ਇਸ ਲਈ ਸ਼ ?ਰੋਮਣੀ ਅਕਾਲੀ ਦਲ 'ਤੇ ਹੁਕਮਾਂ ਨੂੰ ਲਾਗੂ ਕਰਾਉਣ ਦੀ ਜ਼ਿੰਮੇਵਾਰੀ ਉਨ੍ਹਾਂ 'ਤੇ ਪਾਉਣੀ ਘੱਟ ਹੀ ਸਫ਼ਲ ਹੋਵੇਗੀ। ਇਹ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੀ ਹੋਣੀ ਚਾਹੀਦੀ ਹੈ, ਪਰ ਸ਼੍ਰੋਮਣੀ ਕਮੇਟੀ ਮੌਜੂਦਾ ਸਮੇਂ ਵਿਚ ਗੁਰਦੁਆਰਾ ਐਕਟ ਦੀ ਧਾਰਾ 82 ਅਤੇ 86 ਦੇ ਘੇਰੇ ਵਿਚ ਆਉਂਦੇ ਜ਼ਿਆਦਾਤਰ ਇਤਿਹਾਸਕ ਗੁਰਦੁਆਰਿਆਂ ਦਾ ਹੀ ਪ੍ਰਬੰਧ ਦੇਖਦੀ ਹੈ।

ਅਸਲ ਵਿਚ ਅਕਾਲ ਤਖ਼ਤ ਦੇ ਫ਼ੈਸਲਿਆਂ ਨੂੰ

ਰਵਿੰਦਰ ਸਿੰਘ ਚੀਮਾ

ਲਾਗੂ ਕਰਨ ਲਈ ਸਾਡੇ ਪੇਂਡੂ-ਸ਼ਹਿਰੀ ਕਾਲੋਨੀਆਂ ਤੇ ਮੁਹੱਲਿਆਂ ਦੇ ਗੁਰਦੁਆਰਿਆਂ ਦੀ ਸੰਗਤ 'ਤੇ ਸ਼੍ਰੋਮਣੀ ਕਮੇਟੀ ਦਾ ਕੋਈ ਕੰਟਰੋਲ ਨਹੀਂ। ਆਮ ਗੁਰਦੁਆਰਿਆਂ ਦੀਆਂ ਕਮੇਟੀਆਂ ਜਾਂ ਉਨ੍ਹਾਂ ਦੇ ਪ੍ਰਬੰਧਕ ਜਾਂ ਸੇਵਾਦਾਰ ਸ਼੍ਰੋਮਣੀ ਕਮੇਟੀ ਜਾਂ ਅਕਾਲ ਤਖ਼ਤ ਨਾਲ ਕਿਸੇ ਤੰਦ ਤਾਣੇ ਵਿਚ ਬੱਝੇ ਹੋਏ ਨਹੀਂ। ਸ਼੍ਰੋਮਣੀ ਕਮੇਟੀ ਨੂੰ ਸਮੁੱਚੇ ਗੁਰਦੁਆਰਿਆਂ ਨੂੰ ਐਕਟ ਅਨੁਸਾਰ ਕੰਟਰੋਲ ਹੇਠ ਲਿਆਉਣਾ ਚਾਹੀਦਾ ਹੈ। ਪਰ ਲੋਕਲ ਗੁਰਦੁਆਰਿਆਂ ਦੇ ਪ੍ਰਬੰਧਕ ਡਰਦੇ ਹਨ, ਕਿ ਸ਼ਾਇਦ ਸ਼੍ਰੋਮਣੀ ਕਮੇਟੀ ਉਨ੍ਹਾਂ ਦੀ ਆਮਦਨ ਲੈ ਜਾਵੇਗੀ ਇਸ ਲਈ ਲੋਕਲ ਗੁਰਦੁਆਰਿਆਂ ਨੂੰ ਸ਼੍ਰੋਮਣੀ ਕਮੇਟੀ ਵਿਚ ਸ਼ਾਮਿਲ ਕਰਨ ਤੋਂ ਪਹਿਲਾਂ ਲੋਕਲ ਪ੍ਰਬੰਧਕ ਕਮੇਟੀਆਂ ਨੂੰ ਵੀ ਵਿਸ਼ਵਾਸ ਦਿਵਾਉਣਾ ਪਵੇਗਾ ਕਿ ਸ਼੍ਰੋਮਣੀ ਕਮੇਟੀ ਆਮ ਪੇਂਡੂ ਸ਼ਹਿਰੀ ਗੁਰਦੁਆਰਿਆਂ ਦੀ ਆਮਦਨ ਵਿਚੋਂ ਕੋਈ ਹਿੱਸਾ ਨਹੀਂ ਲਵੇਗੀ, ਕੇਵਲ ਇਨ੍ਹਾਂ ਗੁਰਦੁਆਰਿਆਂ ਵਿਚ ਸਿੱਖ ਪੰਥ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਦੀ ਹੀ ਉਸ ਦੀ ਜ਼ਿੰਮੇਵਾਰੀ ਹੋਵੇਗੀ।

ਹਰ ਗੁਰਦੁਆਰੇ ਵਿਚ ਹੋਣ ਪੰਜ ਪਿਆਰੇ

ਜਿਵੇਂ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਤਨਖਾਹ ਲਾਉਂਦੇ ਹਨ, ਉਸੇ ਤਰ੍ਹਾਂ ਜੇਕਰ ਕੋਈ ਅਕਾਲ ਤਖ਼ਤ ਦਾ ਹੁਕਮ ਪੇਂਡੂ ਸ਼ਹਿਰੀ ਖੇਤਰਾਂ ਵਿਚ ਨਹੀਂ ਮੰਨਦਾ ਜਾਂ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਨਹੀਂ ਦਿੰਦਾ ਜਾਂ ਕਿਸੇ ਪੰਥਕ ਮਾਣ ਮਰਿਆਦਾ ਦੇ ਹੁਕਮ ਦੀ ਉਲੰਘਣਾ ਕਰਦਾ ਹੈ ਤਾਂ ਅਜਿਹੇ ਸਥਾਨਕ ਮਸਲਿਆਂ ਨੂੰ ਅਕਾਲ ਤਖ਼ਤ ਤੱਕ ਰੋਜ਼ ਲਿਜਾਣਾ ਵਾਜਿਬ ਨਹੀਂ ਹੋਵੇਗਾ। ਸਿੱਖ ਜਗਤ ਦਾ ਹਰ ਵਿਅਕਤੀ ਕਿਸੇ ਨਾ ਕਿਸੇ ਸਥਾਨਕ ਗੁਰੂ ਘਰ ਨਾਲ ਨਿਤਨੇਮ ਲਈ ਜੁੜਿਆ ਹੁੰਦਾ ਹੈ।

ਸਿੱਖ ਪੰਥ ਦੇ ਹੁਕਮ ਦੀ ਅਦੂਲੀ ਕਰਨ ਵਾਲੇ ਦੋਸ਼ੀ ਨੂੰ ਸਭ ਤੋਂ ਪਹਿਲਾਂ ਉਹਦੇ ਸਮਾਜ ਵਿਚ ਹੀ ਘੇਰਿਆ ਜਾਣਾ ਚਾਹੀਦਾ ਹੈ, ਕਿਉਂਕਿ ਸਮਾਜਿਕ ਬਾਈਕਾਟ ਦਾ ਸਿਧਾਂਤ ਤਾਂ ਹੀ ਕਾਰਗਰ ਹੁੰਦਾ ਹੈ। ਜਦ ਦੋਸ਼ੀ ਵਿਅਕਤੀ ਦਾ ਉਸ ਦੇ ਲੋਕਲ ਸਮਾਜ ਵਿਚ ਬਾਈਕਾਟ ਹੁੰਦਾ ਹੈ ਤਾਂ ਹੀ ਉਹ ਝੁਕਣ ਲਈ ਮਜਬੂਰ ਹੁੰਦਾ ਹੈ। ਜੇ ਅਸੀਂ ਸਥਾਨਕ ਗੁਰਦੁਆਰਿਆਂ ਦੇ ਕੰਮ ਕਾਰ ਨੂੰ ਨੇੜੇ ਹੋ ਕੇ ਵੇਖੀਏ ਤਾਂ ਹਰ ਗੁਰੂ ਘਰ ਵਿਚ ਰੋਜ਼ਾਨਾ ਸੁਬਹਾ ਸ਼ਾਮ ਦੇ ਨਿਤਨੇਮ ਮੌਕੇ ਕੁਝ ਸ਼ਰਧਾਵਾਨ ਅੰਮ੍ਰਿਤਧਾਰੀ ਗੁਰਸਿੱਖ ਹਾਜ਼ਰ ਹੁੰਦੇ ਹਨ ਤੇ ਇਹੀ ਜ਼ਿਆਦਾਤਰ ਉਸ ਗੁਰੂ ਘਰ ਦੀ ਸੇਵਾ ਕਰਦੇ ਹਨ, ਪ੍ਰਧਾਨਗੀ ਭਾਵੇਂ ਕੋਈ ਹੋਰ ਕਰਦਾ ਹੋਵੇ। ਸ਼੍ਰੋਮਣੀ ਕਮੇਟੀ ਨੂੰ ਲੋਕਲ ਗੁਰੂ ਘਰਾਂ ਨਾਲ ਸੰਬੰਧਿਤ ਇਨ੍ਹਾਂ ਅੰਮ੍ਰਿਤਧਾਰੀ ਚੰਗੇ ਕਿਰਦਾਰ ਦੇ ਗੁਰਮੁਖ ਸਿੱਖਾਂ ਵਿਚੋਂ ਪੰਜ ਪਿਆਰੇ ਥਾਪ ਦੇਣੇ ਚਾਹੀਦੇ ਹਨ। ਅੱਜ ਵੀ ਹਰ ਗੁਰੂ ਘਰ ਤੋਂ ਜਦੋਂ ਅੰਮ੍ਰਿਤ ਪਾਨ ਕਰਾਇਆ ਜਾਂਦਾ ਹੈ ਤਾਂ ਸਥਾਨਕ ਸੰਗਤ ਵਿਚੋਂ ਪੰਜ ਸਿੰਘ ਪੰਜ ਪਿਆਰਿਆਂ ਦੇ ਰੂਪ ਵਿਚ ਥਾਪੇ ਜਾਂਦੇ ਹਨ। ਇਨ੍ਹਾਂ ਥਾਪੇ ਪੰਜ ਪਿਆਰਿਆਂ ਨੂੰ ਕਿਸੇ ਤਰ੍ਹਾਂ ਦੇ ਤਨਖ਼ਾਹ ਭੱਤੇ ਦੀ ਜ਼ਰੂਰਤ ਨਹੀਂ ਹੁੰਦੀ। ਪੰਜ ਪਿਆਰੇ ਸਾਹਿਬਾਨ ਦੀ ਸੇਵਾ ਜੋ ਖ਼ੁਸ਼ੀ ਨਾਲ ਕਰਨ ਲਈ ਸਹਿਮਤ ਹੋਵੇ ਉਹਨੂੰ ਹੀ ਦੇਣੀ ਚਾਹੀਦੀ ਹੈ। ਜੋ ਬਾਗੀ ਸਿੱਖ ਪਰੰਪਰਾਵਾਂ ਮਰਿਆਦਾ ਜਾਂ ਅਕਾਲ ਤਖ਼ਤ ਦਾ ਹੁਕਮ ਨਹੀਂ ਮੰਨਦੇ ਉਨ੍ਹਾਂ ਨੂੰ ਸਥਾਨਕ ਗੁਰਦੁਆਰਾ ਸਾਹਿਬਾਨਾਂ ਦੇ ਇਨ੍ਹਾਂ ਪੰਜ ਪਿਆਰਿਆਂ ਵਲੋਂ ਵੀ ਸਜ਼ਾ ਲਾਉਣ ਦਾ ਅਖਤਿਆਰ ਹੋਣਾ ਚਾਹੀਦਾ ਹੈ, ਤਾਂ ਜੋ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਹੇਠਲੇ ਪੱਧਰ ਤੱਕ ਸਖਤੀ ਨਾਲ ਲਾਗੂ ਹੋਣਗੇ।


**ਅਕਾਲ ਤਖ਼ਤ ਦਾ ਵਿਧੀ ਵਿਧਾਨ :** ਅੱਜ ਦੇ ਯੁਗ ਵਿਚ ਸਿੱਖ ਪੰਥ 'ਤੇ ਹੋ ਰਹੇ ਹਮਲਿਆਂ ਤੇ ਦੁਸ਼ਮਣ ਦੀਆਂ ਚਾਲਾਂ ਨੂੰ ਜਾਣਦੇ ਹੋਏ ਅਕਾਲ ਤਖ਼ਤ ਦੇ ਵਿਧੀ ਵਿਧਾਨ ਨੂੰ ਲਿਖਤੀ ਰੂਪ ਵਿਚ ਸਪੱਸ਼ਟ ਕਰਨਾ ਜ਼ਰੂਰੀ ਬਣ ਗਿਆ ਹੈ। ਸ਼੍ਰੋਮਣੀ ਕਮੇਟੀ ਵਲੋਂ ਜਥੇਦਾਰਾਂ ਦੀ ਨਿਯੁਕਤੀ, ਉਨ੍ਹਾਂ ਦਾ ਕਾਰਜ ਖੇਤਰ, ਉਨ੍ਹਾਂ ਦੀ ਸੇਵਾ-ਸੰਭਾਲ ਅਤੇ ਸੇਵਾ ਮੁਕਤੀ ਬਾਰੇ ਸਿਧਾਂਤ ਸਪੱਸ਼ਟ ਹੋਣੇ ਚਾਹੀਦੇ ਹਨ। ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਅਕਾਲ ਤਖ਼ਤ ਦੀ ਸੇਵਾ ਸੰਭਾਲਣ ਵਾਲੇ ਜਥੇਦਾਰਾਂ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੇ ਕਾਰਜ ਖੇਤਰ ਸੰਬੰਧੀ ਕੋਈ ਵਿਧੀ ਵਿਧਾਨ ਨਾ ਹੋਣ ਕਰਕੇਜਥੇਦਾਰ ਸਾਹਿਬਾਨ ਆਪਣੇ ਬੁੱਧ ਵਿਵੇਕ ਮੁਤਾਬਿਕ ਫ਼ੈਸਲੇ ਲੈਂਦੇ ਰਹੇ। ਇਨ੍ਹਾਂ ਵਿਚੋਂ ਕੁਝ ਫ਼ੈਸਲਿਆਂ ਨੂੰ ਆਲੋਚਨਾ ਦਾ ਵੀ ਸਾਹਮਣਾ ਕਰਨਾ ਪਿਆ। ਹੇਠਲੇ ਪੱਧਰ 'ਤੇ ਕਮਜ਼ੋਰ ਤਾਣਾ ਬਾਣਾ ਹੋਣ ਕਾਰਨ ਅਕਾਲ ਤਖ਼ਤ ਦੇ ਹੁਕਮ ਹੇਠਾਂ ਤੱਕ ਪ੍ਰਵਾਨ ਕਰਵਾਉਣ ਵਿਚ ਵੱਡੀ ਕਠਿਨਾਈ ਦਾ ਸਾਹਮਣਾ ਕਰਨਾ ਪਿਆ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਅਕਾਲ ਤਖ਼ਤ ਸੰਬੰਧੀ ਕੋਈ ਸਪੱਸ਼ਟ ਵਿਧੀ ਵਿਧਾਨ ਦੀ ਅਣਹੋਂਦ ਵਿਚ ਪਰੰਪਰਾ ਅਤੇ ਹਾਲਾਤ ਮੁਤਾਬਕ ਫੈਸਲੇ ਲੈਣ ਲਈ ਮਜਬੂਰ ਰਹੀ, ਪਰ ਹੁਣ ਦੋ ਦਸੰਬਰ ਦੇ ਫ਼ੈਸਲੇ ਤੋਂ ਬਾਅਦ ਜਿਸ ਹਾਲਾਤ ਵਿਚ ਅਕਾਲ ਤਖ਼ਤ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਪਹੁੰਚ ਗਿਆ ਹੈ ਇਸ ਗੰਭੀਰ ਹਾਲਾਤ ਵਿਚੋਂ ਵਿਧੀ ਵਿਧਾਨ ਬਣਾ ਕੇ ਹੀ ਨਿਕਲਿਆ ਜਾ ਸਕੇਗਾ। ਵਿਧੀ ਵਿਧਾਨ ਬਣਨ ਨਾਲ ਇਸ ਤਖ਼ਤ 'ਤੇ ਬਿਰਾਜਮਾਨ ਕੋਈ ਜਥੇਦਾਰ ਆਪਣੇ ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਕਿਸੇ ਦੀ ਸ਼ਹਿ 'ਤੇ ਸਜ਼ਾ ਵਧਾਉਣੀ ਜਾਂ ਮੁਆਫੀ ਦੇਣ ਦੀ ਮਨਮਾਨੀ ਨਹੀਂ ਕਰੇਗਾ। ਜੇਕਰ ਅਕਾਲ ਤਖ਼ਤ ਦੀ ਨਿਯੁਕਤੀ ਜਾਂ ਮੁਕਤੀ ਨੂੰ ਸਮੁੱਚੇ ਸਰਬੱਤ ਖ਼ਾਲਸੇ ਦੇ ਜ਼ਿੰਮੇ ਲਾਇਆ ਜਾਵੇ ਤਾਂ ਇਹ ਕਦੇ ਵੀ ਸਿਰੇ ਨਹੀਂ ਚੜ੍ਹ ਸਕੇਗਾ, ਕਿਉਂਕਿ ਹੁਣ ਸਰਬੱਤ ਖ਼ਾਲਸੇ ਦੀ ਕੋਈ ਸਪੱਸ਼ਟ ਪਰਿਭਾਸ਼ਾ ਨਹੀਂ। ਇਸ ਲਈ ਮੌਜੂਦਾ ਹਾਲਾਤ ਵਿਚ ਸ਼੍ਰੋਮਣੀ ਕਮੇਟੀ ਹੀ ਇਸ ਦੇ ਵਿਧੀ ਵਿਧਾਨ ਬਣਾਉਣ ਲਈ ਜ਼ਿੰਮੇਵਾਰ ਹੋਣੀ ਚਾਹੀਦੀ ਹੈ ਅਤੇ ਸ਼੍ਰੋਮਣੀ ਕਮੇਟੀ 'ਤੇ ਵੀ ਉਸ ਵਿਧੀ ਵਿਧਾਨ ਦਾ ਬੰਧਨ ਹੋਣਾ ਚਾਹੀਦਾ ਹੈ, ਕਿ ਬਿਨਾਂ ਕਿਸੇ ਵਾਜਬ ਕਾਰਨ ਤੋਂ ਕਿਸੇ ਜਥੇਦਾਰ ਨੂੰ ਨਾ ਹਟਾਇਆ ਜਾਵੇ। ਇਸ ਮਹਾਨ ਪਦਵੀ ਦੀ ਮਿਆਦ ਵੀ ਖੁੱਲ੍ਹੀ ਨਹੀਂ ਹੋਣੀ ਚਾਹੀਦੀ, ਸਗੋਂ ਤਖ਼ਤਾਂ ਦੇ ਜਥੇਦਾਰ ਦੀ ਮਿਆਦ ਦੋ ਤੋਂ ਚਾਰ ਸਾਲ ਤੱਕ ਹੀ ਹੋਣੀ ਚਾਹੀਦੀ। ਇਸ ਤੋਂ ਇਲਾਵਾ ਅਕਾਲ ਤਖ਼ਤ ਦੇ ਜਥੇਦਾਰ ਦੀ ਸ਼ਖ਼ਸੀਅਤ ਵਿਚੋਂ ਧਾਰਮਿਕ ਭਾਵਨਾ ਸਹਿਜ ਅਤੇ ਨਿਮਰਤਾ ਸਾਹਮਣੇ ਆਉਣੀ ਚਾਹੀਦੀ ਹੈ। ਚੰਗਾ ਹੋਵੇ ਜੇਕਰ ਅਕਾਲ ਤਖ਼ਤ ਦੀ ਸੇਵਾ ਕਿਸੇ ਸਿੱਖੀ ਰੰਗ ਵਿਚ ਰੰਗੀ ਰੂਹ ਨੂੰ ਦਿੱਤੀ ਜਾਵੇ। ਪਿਛਲੇ ਸਮਿਆਂ ਵਿਚ ਜ਼ਿਆਦਾਤਰ ਜਥੇਦਾਰ ਸਾਹਿਬਾਨ ਭਾਵੇਂ ਧਾਰਮਿਕ ਰੁਤਬਿਆਂ ਤੋਂ ਆਏ, ਪਰ ਉਨ੍ਹਾਂ ਦੀ ਬੋਲ ਚਾਲ ਵਿਵਹਾਰ ਅਤੇ ਔਰਾ ਅਕਾਲ ਤਖ਼ਤ 'ਤੇ ਬਿਰਾਜਮਾਨ ਬਾਬਾ ਦੀਪ ਸਿੰਘ, ਅਕਾਲੀ ਫੂਲਾ ਸਿੰਘ ਦੇ ਕਿਰਦਾਰ ਦੇ ਨੇੜੇ-ਤੇੜੇ ਵੀ ਢੁੱਕਦਾ ਨਹੀਂ ਲੱਗਿਆ। ਅੰਤ ਵਿਚ ਮੈਂ ਪੂਰੇ ਸਿੱਖ ਜਗਤ ਦੇ ਆਗੂ ਸਾਹਿਬਾਨ ਭਾਵੇਂ ਉਹ ਜਿਸ ਵੀ ਮਰਜ਼ੀ ਰੁਤਬੇ 'ਤੇ ਹੋਣ ਨੂੰ ਨਿਮਾਣੇ ਸਿੱਖ ਵਜੋਂ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਮੌਜੂਦਾ ਹਾਲਾਤ ਵਿਚ ਸਿੱਖ ਜਗਤ ਨੂੰ ਅਪਣੇ ਦੁਸ਼ਮਣਾਂ ਦੀ ਬਰੀਕੀ ਨਾਲ ਪਹਿਚਾਣ ਕਰਨੀ ਚਾਹੀਦੀ ਹੈ। ਇਕ ਪਾਸੇ ਜਦੋਂ ਲੰਗਰਾਂ ਅਤੇ ਹੋਰ ਸੇਵਾਵਾਂ ਕਰਕੇ ਅੰਤਰਰਾਸ਼ਟਰੀ ਪੱਧਰ ਤੇ ਸਿੱਖੀ ਸ਼ਾਨ ਦੇ ਝੰਡੇ ਝੂਲਦੇ ਹਨ, ਉੱਥੇ ਸਾਨੂੰ ਆਪਣੇ ਦੇਸ਼ ਵਿਚ ਆਪਣੇ ਹੀ ਰਾਜਨੀਤਕ ਲੋਕਾਂ ਤੋਂ ਦੁਸ਼ਮਣਾਂ ਵਾਲਾ ਵਿਵਹਾਰ ਸਹਿਣਾ ਪੈ ਰਿਹਾ ਹੈ। ਇਸ ਲਈ ਆਓ, ਪਿਛਲੀਆਂ ਹੋਈਆਂ ਗਲਤੀਆਂ ਤੋਂ ਸਿੱਖਿਆ ਲੈ ਕੇ ਅੱਗੇ ਲਈ ਰਲ ਮਿਲ ਕੇ ਪੰਥਕ ਅਤੇ ਪਾਰਟੀ ਪਲੇਟਫਾਰਮਾਂ ਤੇ ਸਹਿਜ ਵਿਚਾਰਾਂ ਕਰਕੇ ਅਕਾਲ ਤਖ਼ਤ ਦੇ ਝੰਡੇ ਹੇਠ ਪੂਰਾ ਸਿੱਖ ਜਗਤ ਇਕੱਠਾ ਕਰੀਏ।

**'ਹੋਇ ਇਕਤ੍ਰ ਮਿਲਹੁ ਮੇਰੇ ਭਾਈ**
**ਦੁਬਿਧਾ ਦੂਰਿ ਕਰਹੁ ਲਿਵ ਲਾਇ॥'**

**(ਗੁਰੂ ਗ੍ਰੰਥ ਸਾਹਿਬ ਜੀ, ਅੰਗ: 1185)**

# ਅਮਰੀਕਨ ਡੈਮੋਕਰੈਟਿਕ ਕਾਂਗਰਸਮੈਨ Eric Swalwell ਦਾ ਡਾ. ਪ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਸਿੱਖ ਸੰਸਥਾਵਾਂ ਵਲੋਂ ਫੰਡ ਰੇਜ਼ਿੰਗ

## ਸਿੱਖਾਂ ਉਪਰ ਵਿਦੇਸ਼ੀ ਖਤਰਿਆਂ ਅਤੇ ਅਮਰੀਕਾ ਦੀ ਤਾਜ਼ਾ ਸਥਿਤੀ ਪ੍ਰਤੀ ਅਹਿਮ ਵਿਚਾਰਾਂ






ਫਰੀਮਾਂਟ/ਕੈਲੀਫੋਰਨੀਆ : ਸਿੱਖ ਕਮਿਊਨਿਟੀ ਨਾਲ ਹਮੇਸ਼ਾ ਚਟਾਨ ਵਾਂਗ ਖੜਨ ਵਾਲੇ ਕਾਂਗਰਸਮੈਨ Congressman Eric Swalwell ਦਾ ਡਾ. ਪ੍ਰਿਤਪਾਲ ਸਿੰਘ ਅਤੇ ਮਨਜੀਤ ਕੌਰ ਦੇ ਗ੍ਰਹਿ ਵਿਖੇ ਮੁਲਾਕਾਤ ਕੀਤੀ।

Congressman Eric Swalwell ਨੇ ਅਮਰੀਕਾ ਵਿੱਚ ਸਿੱਖਾਂ ਦੀ ਦੇਣ ਅਤੇ ਮਨੁੱਖਤਾ ਦੇ ਭਲੇ ਲਈ ਬਿਨਾ ਭੇਦਭਾਵ ਦੇ ਸਦੀਆਂ ਤੋਂ ਕੀਤੀ ਜਾ ਰਹੀ ਸੇਵਾ ਦੀ ਸਰਾਹਨਾ ਕੀਤੀ ਅਤੇ ਅਮਰੀਕਾ ਵਿੱਚ ਸਿੱਖਾਂ ਨੂੰ ਆ ਰਹੇ ਦਰਪੇਸ਼ ਖਤਰਿਆਂ ਬਾਰੇ ਗਹਿਰੀ ਚਿੰਤਾ ਜਾਹਿਰ ਕੀਤੀ।

Congressman Eric Swalwell ਨਾਲ ਨਾਲ ਸੰਖੇਪ ਅਤੇ ਭਰਵੀਂ ਮੀਟਿੰਗ ਹੋਈ ਅਤੇ ਹਰ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ।

Congressman Eric Swalwell ਲਈ ਇਕ ਫੰਡ ਰੇਜ਼ਿੰਗ ਡਾ. ਪ੍ਰਿਤਪਾਲ ਦੇ ਗ੍ਰਹਿ ਵਿਖੇ ਕੀਤਾ ਗਿਆ। ਇਥੇ ਡਾ. ਪ੍ਰਿਤਪਾਲ ਸਿੰਘ ਤੋਂ ਇਲਾਵਾ ਵੱਖ-ਵੱਖ ਸ਼ਖ਼ਸੀਅਤਾਂ ਨੇ Congressman Eric Swalwell ਦਾ ਭਰਵਾਂ ਸਵਾਗਤ ਕੀਤਾ। ਇਨ੍ਹਾਂ ਵਿੱਚ ਸ੍ਰ. ਗੈਰੀ ਸਿੰਘ ਮੇਅਰ ਯੂਨੀਅਨ ਸਿਟੀ ਕੈਲੀਫੋਰਨੀਆ, ਸਿੱਖ ਕਾਕਸ ਤੋਂ ਸ੍ਰ. ਹਰਪ੍ਰੀਤ ਸਿੰਘ ਸੰਧੂ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਪ੍ਰਧਾਨ ਸ੍ਰ. ਜਸਵਿੰਦਰ ਸਿੰਘ ਜੰਡੀ, ਸ੍ਰ. ਭੁਪਿੰਦਰ ਸਿੰਘ ਪਰਮਾਰ ਖਜ਼ਾਨਚੀ ਗੁਰਦੁਆਰਾ ਸਾਹਿਬ ਫਰੀਮਾਂਟ, ਸਿੱਖ ਆਗੂ ਸ੍ਰ. ਹਰਪਾਲ ਸਿੰਘ ਮਾਨ, ਉਘੇ ਬਿਜ਼ਨਸਮੈਨ ਸ੍ਰ. ਅਜਮੇਰ ਸਿੰਘ ਬਿੱਟੂ ਨਿੱਝਰ, ਡਾ. ਜਸਪ੍ਰੀਤ ਸਿੰਘ ਅਟਵਾਲ ਸੁਪਰੀਮ ਕੌਂਸਲ ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੀਨੀਅਰ ਸੇਵਾਦਾਰ ਭਾਈ ਐਚ ਪੀ ਸਿੰਘ ਸੁਪਰੀਮ ਕੌਂਸਲ ਗੁਰਦੁਆਰਾ ਸਾਹਿਬ ਫਰੀਮਾਂਟ, ਸ੍ਰ. ਜਸਦੇਵ ਸਿੰਘ ਸੁਪਰੀਮ ਕੌਂਸਲ ਗੁਰਦੁਆਰਾ ਸਾਹਿਬ ਫਰੀਮਾਂਟ, ਸਿੱਖ ਆਗੂ ਅਤੇ ਸ਼ਹੀਦਾਂ ਦੇ ਪ੍ਰਵਾਰ ਵਿੱਚੋਂ ਸ੍ਰ. ਬਲਵਿੰਦਰਪਾਲ ਸਿੰਘ ਖਾਲਸਾ, ਸ੍ਰ. ਰਜਿੰਦਰ ਸਿੰਘ ਰਾਜਾ ਸੁਪਰੀਮ ਕੌਂਸਲ ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸ਼ਖ਼ਸੀਅਤਾਂ ਇਸ ਫੰਡ ਰੇਜ਼ਿੰਗ ਸਮਾਗਮ ਵਿਚ ਹਾਜ਼ਰ ਸਨ।







# ਅਮਰੀਕਨ ਡੈਮੋਕਰੈਟਿਕ ਕਾਂਗਰਸਮੈਨ Eric Swalwell ਦਾ ਡਾ. ਪ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਸਿੱਖ ਸੰਸਥਾਵਾਂ ਵਲੋਂ ਫੰਡ ਰੇਜ਼ਿੰਗ

## ਸਿੱਖਾਂ ਉਪਰ ਵਿਦੇਸ਼ੀ ਖਤਰਿਆਂ ਅਤੇ ਅਮਰੀਕਾ ਦੀ ਤਾਜ਼ਾ ਸਥਿਤੀ ਪ੍ਰਤੀ ਅਹਿਮ ਵਿਚਾਰਾਂ







ਸਭ ਤੋਂ ਪਹਿਲਾਂ ਸ੍ਰ. ਗੈਰੀ ਸਿੰਘ ਮੇਅਰ ਯੂਨੀਅਨ ਸਿਟੀ ਕੈਲੀਫੋਰਨੀਆ ਨੇ Congressman Eric Swalwell ਦਾ ਇਥੇ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਅਤੇ ਉਨ੍ਹਾਂ ਬਾਰੇ ਆਈਆਂ ਸ਼ਖ਼ਸੀਅਤਾਂ ਨੂੰ ਜਾਣਕਾਰੀ ਦਿੱਤੀ। ਉਪਰੰਤ ਹਰਪ੍ਰੀਤ ਸਿੰਘ ਸੰਧੂ ਨੇ Congressman Eric Swalwell ਵੱਲੋਂ ਸਿੱਖਾਂ ਦੇ ਹੱਕ ਵਿਚ ਆਵਾਜ਼ ਉਠਾਉਣ ਲਈ ਧੰਨਵਾਦ ਕੀਤਾ।

ਡਾ. ਪ੍ਰਿਤਪਾਲ ਸਿੰਘ ਨੇ ਇਸ ਮੌਕੇ ਕਿਹਾ ਕਿ ਕਾਂਗਰਸਮੈਨ Congressman Eric Swalwell ਸਿੱਖਾਂ ਦੇ ਇੱਕ ਚੰਗੇ ਹਮਦਰਦ ਹਨ ਅਤੇ ਇਨ੍ਹਾਂ ਨੇ ਹਮੇਸ਼ਾ ਹੀ ਸਿੱਖਾਂ ਦੇ ਦੁੱਖ-ਸੁੱਖ ਵਿਚ ਸਾਥ ਦਿੱਤਾ ਹੈ।

ਕਾਂਗਰਸਮੈਨ Eric Swalwell ਨੇ ਉਸ ਮੌਕੇ ਕਿਹਾ ਕੀ ਅਮਰੀਕਾ ਹਰ ਸਮੇਂ ਸਿੱਖਾਂ ਨਾਲ ਚਟਾਨ ਵਾਂਗ ਖੜ੍ਹਾ ਹੈ।

ਇਸ ਮੌਕੇ ਕਾਂਗਰਸਮੈਨ Eric Swalwell ਨੇ ਬੋਲਦਿਆਂ ਸਮੂਹ ਸਿੱਖ ਕੌਮ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਿੱਖਾਂ ਨੇ ਅਮਰੀਕਾ ਦੇ ਆਰਥਿਕ ਅਤੇ ਰਾਜਨੀਤਿਕ ਖੇਤਰ ਵਿਚ ਬਹੁਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਇਕ ਮਿਹਨਤਕਸ਼ ਕੌਮ ਹੈ।

ਉਹਨਾਂ ਆਏ ਸਿੱਖ ਆਗੂਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਮੈਂ ਹਮੇਸ਼ਾ ਹੀ ਸਿੱਖ ਕੌਮ ਦੇ ਨਾਲ ਖੜ੍ਹਾ ਹਾਂ। ਉਨ੍ਹਾਂ ਡਾ. ਪ੍ਰਿਤਪਾਲ ਅਤੇ ਉਨ੍ਹਾਂ ਦੀ ਪਤਨੀ ਮਨਜੀਤ ਕੌਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਹੜੇ ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਸੱਦ ਕੇ ਸਿੱਖ ਆਗੂਆਂ ਨਾਲ ਮਿਲਣ ਦਾ ਮੌਕਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਮੁਲਾਕਾਤਾਂ ਨਾਲ ਸਿੱਖਾਂ ਦੀਆਂ ਸਮੱਸਿਆਵਾਂ ਬਾਰੇ ਜਾਣਨ ਦਾ ਮੌਕਾ ਮਿਲਦਾ ਹੈ।

ਉਪਰੰਤ ਨੌਜਵਾਨ ਆਗੂ ਅਜਮੇਰ ਸਿੰਘ ਬਿੱਟੂ ਨਿੱਝਰ ਨੇ ਜਿਥੇ ਆਈਆਂ ਸਮੂਹ ਸੰਗਤਾਂ ਦਾ ਅਤੇ ਅੱਜ ਦੇ ਪ੍ਰੋਗਰਾਮ ਨੂੰ ਉਲੀਕਣ ਵਾਲੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ।










# ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਲਣ ਹੋਲਾ

## ਹੋਲੇ ਮਹੱਲੇ ਉਪਰ ਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਇਲਾਹੀ ਅਨੰਦਪੁਰੀ ਜਾਹੋ-ਜਲਾਲ ਘੋੜਸਵਾਰ, ਗੱਤਕਾ, ਖੇਡਾਂ, ਲੱਗੇ ਬਜ਼ਾਰ ਅਣਗਿਣਤ ਗੁਰੂ ਕੇ ਲੰਗਰ ਖਾਲਸਾ ਪੰਥ ਉਪਰ ਗਾਈਆਂ ਜਾ ਰਹੀਆਂ ਵਾਰਾਂ ਤੇ ਜੈਕਾਰਿਆਂ ਨਾਲ ਗੁਰੂਘਰ ਸੈਨਹੋਜ਼ੇ ਗੂੰਜ ਉਠਿਆ




ਕੈਲੀਫੋਰਨੀਆ, (ਸਾਡੇ ਲੋਕ) : ਸੈਨਹੋਜ਼ੇ ਗੁਰਦੁਆਰਾ ਸਾਹਿਬ ’ਚ ਐਤਵਾਰ 23 ਅਪ੍ਰੈਲ 2025 ਨੂੰ ਹੋਲਾ ਮਹੱਲਾ ਮਨਾਇਆ ਗਿਆ। ਹੋਲੇ-ਮਹੱਲੇ ਮੌਕੇ ਗੁਰਦੁਆਰਾ ਸਾਹਿਬ ’ਚ ਹਜ਼ਾਰਾਂ ਹੀ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਹਾਜ਼ਰ ਹੋਈਆਂ। ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਅਰਦਾਸ ਕਰਨ ਤੋਂ ਬਾਅਦ ਸੰਗਤਾਂ ਨੇ ਮੁੱਖ ਦੀਵਾਨ ਹਾਲ ’ਚ ਕੀਰਤਨ ਸਰਵਣ ਕੀਤਾ।

ਉਪ੍ਰੰਤ ਗੁਰੂਘਰ ਦੀ ਗਰਾਉਂਡ ’ਚ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਜਥਿਆਂ ਅਤੇ ਸਥਾਨਕ ਸੈਨਹੋਜ਼ੇ ਗੁਰੂਘਰ ਦੇ ਜਥਿਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ’ਚ ਦਰਬਾਰ ਸਾਹਿਬ ਦੇ ਹਾਲ ’ਚ ਪੂਰਾ ਦਿਨ ਕਥਾ ਕੀਰਤਨ ਦਾ ਪਰਵਾਹ ਚਲਦਾ ਰਿਹਾ। ਉਥੇ ਸੰਗਤ ਨੇ ਢਾਡੀ ਵਾਰਾਂ, ਗਤਕਾ, ਬਾਲੀਵਾਲ, ਰੱਸਾਕਸ਼ੀ, ਘੋੜ ਸਵਾਰੀ, ਦੌੜਾਂ ਅਤੇ ਹੋਰ ਕਈ ਖੇਡਾਂ ਦਾ ਵੀ ਖ਼ੂਬ ਆਨੰਦ ਲਿਆ। ਕਈ ਅਲੱਗ-ਅਲੱਗ ਪਰਿਵਾਰਾਂ ਅਤੇ ਸੰਗਠਨਾਂ ਵੱਲੋਂ ਲਗਾਏ ਗਏ ਸਵਾਦਿਸ਼ਟ ਲੰਗਰਾਂ ਦਾ ਆਨੰਦ ਲਿਆ। ਇਸ ਦੌਰਾਨ ਛੋਲੇ-ਭਟੂਰੇ, ਗਾਰਲਿਕ ਨਾਨ, ਵੈਜ ਬਰਗਰ, ਗਰਮ ਜਲੇਬੀ, ਗਰਮ ਚਾਹ, ਪਕੌੜੇ, ਦੁੱਧ, ਬਦਾਮ, ਆਈ ਕਰੀਮ, ਤਾਜ਼ੇ ਗੰਨੇ ਦੇ ਰਸ ਸਮੇਤ ਕਈ ਤਰ੍ਹਾਂ ਦੇ ਲੰਗਰ ਪਰੋਸੇ ਗਏ। ਲੰਗਰ ਦੀ ਸੇਵਾ ਕਰਨ ਵਾਲੇ ਸਾਰੇ ਪਰਿਵਾਰਾਂ ਦਾ ਬਹੁਤ ਧੰਨਵਾਦ ਕੀਤਾ ਗਿਆ। ਛੋਟੇ ਬੱਚਿਆਂ ’ਚ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਲਈ ਗੁਰਦੁਆਰਾ ਪ੍ਰਬੰਧਨ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਵਾਲੇ ਨੌਜਵਾਨਾਂ ਨੂੰ ਪੁਰਸਕਾਰ ਦਿੱਤੇ ਗਏ।

ਕੈਲੀਫੋਰਨੀਆ ਗਤਕਾ ਦਲ ਨਿਹੰਗ ਸਿੰਘ ਬਾਣੇ ’ਚ ਆਨੰਦਪੁਰ ਸਾਹਿਬ ਵਰਗਾ ਮਾਹੌਲ ਬਣਾਇਆ। ਖਾਲਸਾ ਸਕੂਲ ਦੇ ਕਾਰ ਸੇਵਕਾਂ ਨੇ ਬੱਚਿਆਂ ਦੇ ਲਈ ਖੇਡਾਂ ਦਾ ਪ੍ਰਬੰਧਕ ਕੀਤਾ ਸੀ। ਰੱਸਾਕਸ਼ੀ ਅਤੇ ਹੋਰ ਖੇਡਾਂ ’ਚ ਸਾਰੇ ਮੌਜੂਦ ਸਨ ਅਤੇ ਸਾਰਿਆਂ ਨੇ ਇਸ ਦਾ ਆਨੰਦ ਲਿਆ।

ਸੰਗਤਾਂ ਦੇ ਲਈ ਕਈ ਸਟਾਲ ਵੀ ਖਿੱਚ ਦਾ ਕੇਂਦਰ ਰਹੇ, ਅਣਗਿਣਤ ਸਟਾਲ ਲਗਾਏ ਗਏ ਜੋ ਧਰਮ ਸਾਹਿਤ, ਵਪਾਰ ਅਤੇ ਸਮਾਜਿਕ ਉਦੇਸ਼ਾਂ ਦੀ ਜਾਣਕਾਰੀ















# ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਲਣ ਹੋਲਾ

## ਹੋਲੇ ਮਹੱਲੇ ਉਪਰ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਇਲਾਹੀ ਅਨੰਦਪੁਰੀ ਜਾਹੋ-ਜਲਾਲ ਘੋੜਸਵਾਰ, ਗੱਤਕਾ, ਖੇਡਾਂ, ਲੱਗੇ ਬਜ਼ਾਰ ਅਣਗਿਣਤ ਗੁਰੂ ਕੇ ਲੰਗਰ ਖਾਲਸਾ ਪੰਥ ਉਪਰ ਗਾਈਆਂ ਜਾ ਰਹੀਆਂ ਵਾਰਾਂ ਤੇ ਜੈਕਾਰਿਆਂ ਨਾਲ ਗੁਰੂਘਰ ਸੈਨਹੋਜ਼ੇ ਗੂੰਜ ਉਠਿਆ







ਦੇ ਰਹੇ ਸਨ। ਸੈਨਹੋਜ਼ੇ ਗੁਰਦੁਆਰਾ ਸਾਹਿਬ ਦੇ ਵਲੰਟੀਅਰ ਟੀਮ, ਨਿੱਜੀ ਸੁਰੱਖਿਆ ਅਤੇ ਸੈਨਹੋਜ਼ੇ ਪੁਲਿਸ ਵੱਲੋਂ ਸੁਰੱਖਿਆ ਮੁਹੱਈਆ ਕਰਵਾਈ ਗਈ ਤਾਂ ਜੋ ਹੋਲੇ ਮਹੱਲੇ ਨੂੰ ਸੁਰੱਖਿਅਤ ਢੰਗ ਨਾਲ ਮਨਾਇਆ ਜਾ ਸਕੇ। ਸਥਾਨਕ ਅਤੇ ਰਾਜ ਦੇ ਅਧਿਕਾਰੀਆਂ ਨੇ ਸਿੱਖ ਭਾਈਚਾਰੇ ਨੂੰ ਹੋਲੇ-ਮਹੱਲੇ ਦੀਆਂ ਵਧਾਈਆਂ ਦਿੱਤੀਆਂ।

ਸੈਨਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ, ਸੇਵਾਦਾਰਾਂ ਅਤੇ ਸੰਗਤ ਨੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ’ਚ ਮਦਦ ਕੀਤੀ ਅਤੇ ਸੰਗਤਾਂ ਦਾ ਹੋਲੇ-ਮਹੱਲੇ ਮੌਕੇ ਪਹੁੰਚਣ ਲਈ ਧੰਨਵਾਦ ਕੀਤਾ।
























# ਸ਼ਹੀਦਾਂ ਦੇ ਇੱਕ ਪ੍ਰਵਾਰ ਵਲੋਂ ਥਾਪੇ ਨਵੇਂ ਜਥੇਦਾਰ ਨੂੰ ਦਿੱਤੀ ਮਾਨਤਾ





ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਨੂੰ ਸ਼ਹੀਦ ਭਾਈ ਸਤਵੰਤ ਸਿੰਘ ਜੀ ਦੇ ਮਾਤਾ ਪਿਆਰ ਕੌਰ ਜੀ, ਗੁਰਦੁਆਰਾ ਸਾਹਿਬ ਯਾਦਗਾਰ-ਏ-ਸ਼ਹੀਦਾਂ ਦੇ ਮੁੱਖ ਸੇਵਾਦਾਰ ਭਾਈ ਸੁਖਵਿੰਦਰ ਸਿੰਘ ਅਗਵਾਨ, ਪਰਿਵਾਰਕ ਮੈਂਬਰਾਂ ਭਾਈ ਸਰਵਨ ਸਿੰਘ, ਭਾਈ ਗੁਰਨਾਮ ਸਿੰਘ ਤੇ ਭਾਈ ਵਰਿਆਮ ਸਿੰਘ ਜੀ ਅਤੇ ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਜੀ ਦੀ ਭੈਣ ਬੀਬੀ ਕਮਲਦੀਪ ਕੌਰ ਰਾਜੋਆਣਾ ਜੀ ਨੇ ਦਸਤਾਰ ਭੇਂਟ ਕੀਤੀ।



ਯੂਕੇ ਦੀ ਪਾਰਲੀਮੈਂਟ ਵਿੱਚ ਸਲੋਹ ਤੋਂ ਮੈਂਬਰ ਪਾਰਲੀਮੈਂਟ ਸਰਦਾਰ ਤਰਨਜੀਤ ਸਿੰਘ ਢੇਸੀ ਨੇ ਐਲਾਨ ਕੀਤਾ ਕੀ ਜੇਕਰ ਕਿਸੇ ਨੇ ਸਥਾਨਕ ਮਸਜਿਦ ’ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਅਸੀਂ ਇਸਦੀ ਰੱਖਿਆ ਲਈ ਆਪਣੇ ਮੁਸਲਿਮ ਭਾਈਚਾਰੇ ਨਾਲ ਏਕਤਾ ਵਿੱਚ ਖੜ੍ਹੇ ਹੋਵਾਂਗੇ।

# ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਸਾਜ਼ਿਸ਼ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ: ਪੰਜਾਬ ਮਨੁੱਖੀ ਅਧਿਕਾਰ ਸੰਗਠਨ

## ਸੰਗਠਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਭੇਜੀ ਰਿਪੋਰਟ ਵਿਚ ਮਾਮਲੇ ਦੀ ਕਿਸੇ ਜੱਜ ਤੋਂ ਜਾਂਚ ਕਰਵਾਉਣ ਦੀ ਵਕਾਲਤ

ਅੰਮ੍ਰਿਤਸਰ : ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਖਿਲਾਫ਼ ਲੱਗੇ ਦੋਸ਼ਾਂ ਦੇ ਮਾਮਲੇ ਦੀ ਜਾਂਚ ਕੀਤੀ ਹੈ ਅਤੇ ਇਸ ਸਬੰਧੀ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਭੇਜੀ ਹੈ। ਜਾਂਚ ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਕਿ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸਾਜ਼ਿਸ਼ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ। ਸੰਗਠਨ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਇਸ ਕੇਸ ਦੀ ਡੂੰਘਾਈ ਨਾਲ ਜਾਂਚ ਦੀ ਲੋੜ ਹੈ ਅਤੇ ਇਸ ਦੀ ਜਾਂਚ ਕਿਸੇ ਜੱਜ ਤੋਂ ਕਰਵਾਈ ਜਾਣੀ ਚਾਹੀਦੀ ਹੈ।

ਇਹ ਜਾਂਚ ਰਿਪੋਰਟ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਮੁੱਖ ਜਾਂਚ ਕਰਤਾ ਸਰਬਜੀਤ ਸਿੰਘ ਵੇਰਕਾ, ਚੰਨਨ ਸਿੰਘ ਅਤੇ ਤਜਿੰਦਰ ਸਿੰਘ ਦੇ ਨਾਂ ਹੇਠ ਤਿਆਰ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਹ ਜਾਂਚ ਰਿਪੋਰਟ ਰਾਜਵਿੰਦਰ ਸਿੰਘ ਬੈਂਸ ਵੱਲੋਂ ਭੇਜੀ ਗਈ ਹੈ। ਛੇ ਸਫ਼ਿਆਂ ਦੀ ਜਾਂਚ ਰਿਪੋਰਟ ਵਿੱਚ ਦੱਸਿਆ ਗਿਆ ਕਿ ਸ਼੍ਰੋਮਣੀ ਕਮੇਟੀ ਦੇ ਅੰਤਰਿੰਗ ਕਮੇਟੀ ਮੈਂਬਰ ਅਤੇ ਚਾਰ ਹੋਰ ਮੈਂਬਰਾਂ ਵੱਲੋਂ ਸੰਗਠਨ ਕੋਲ ਇਸ ਮਾਮਲੇ ਦੀ ਜਾਂਚ ਵਾਸਤੇ ਅਪੀਲ ਕੀਤੀ ਗਈ ਸੀ। ਸੰਗਠਨ ਵੱਲੋਂ ਕੀਤੀ ਗਈ ਜਾਂਚ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਸਾਬਕਾ ਜਥੇਦਾਰ ਖਿਲਾਫ ਲੱਗੇ ਦੋਸ਼ਾਂ ਸਬੰਧੀ ਜਾਂਚ ਦੇ ਮਾਮਲੇ ਵਿੱਚ ਪੁਲਿਸ, ਅਦਾਲਤ ਅਤੇ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਸਾਬਕਾ ਜਥੇਦਾਰ ਦੀ ਸੋਸ਼ਲ ਮੀਡੀਆ ’ਤੇ ਕਿਰਦਾਰਕੁਸ਼ੀ ਕਰਨਾ ਗੰਭੀਰ ਵਿਸ਼ਾ ਹੈ ਅਤੇ ਇਸ ਦੀ ਡੂੰਘਾਈ ਨਾਲ ਜਾਂਚ ਦੀ ਲੋੜ ਹੈ।



ਮੁੱਖ ਜਾਂਚ ਕਰਤਾ ਨੇ ਦੱਸਿਆ ਕਿ ਸਾਬਕਾ ਜਥੇਦਾਰ ਖਿਲਾਫ ਉਸ ਦੇ ਇੱਕ ਰਿਸ਼ਤੇਦਾਰ ਗੁਰਪ੍ਰੀਤ ਸਿੰਘ ਵੱਲੋਂ ਦੋਸ਼ ਲਾਏ ਗਏ ਸਨ। ਇਸ ਸਬੰਧੀ ਲੱਗੇ ਦੋਸ਼ਾਂ ਦੀ ਕਾਪੀ ਸ਼੍ਰੋਮਣੀ ਕਮੇਟੀ ਕੋਲੋਂ ਪ੍ਰਾਪਤ ਕੀਤੀ ਗਈ ਹੈ ਅਤੇ ਇਸ ਮਾਮਲੇ ਵਿੱਚ ਪੁਲਿਸ, ਅਦਾਲਤ ਅਤੇ ਸ਼੍ਰੋਮਣੀ ਕਮੇਟੀ ਦਾ ਰਿਕਾਰਡ ਵੀ ਹਾਸਲ ਕੀਤਾ ਗਿਆ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ ਦੇ ਨਿਚੋੜ ਦੀ ਕਾਪੀ ਵੀ ਹਾਸਲ ਕੀਤੀ ਗਈ।

ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਜਾਂਚ ਕਮੇਟੀ ਦੀ ਜਾਂਚ ਇੱਕਪਾਸੜ ਸੀ ਅਤੇ ਸਾਬਕਾ ਜਥੇਦਾਰ ਨੂੰ ਦੋਸ਼ੀ ਸਾਬਤ ਕਰਨ ਲਈ ਅਦਾਲਤ ਦੇ ਰਿਕਾਰਡ ਨੂੰ ਵੀ ਅੱਖੋਂ ਪਰੋਖੇ ਕਰ ਦਿੱਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ 2007 ਵਿੱਚ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸ਼ਿਕਾਇਤ ਦੇ ਆਧਾਰ ’ਤੇ ਕੀਤੀ ਪੜਤਾਲ ਅਤੇ ਉਸ ਦੀ ਰਿਪੋਰਟ ਸਬੰਧੀ ਫਾਈਲ ਵੀ ਲਾਪਤਾ ਹੈ। ਇਸ ਵਿੱਚ ਦੋਸ਼ ਲਾਉਣ ਵਾਲੇ ਦੀਆਂ ਸ਼ਿਕਾਇਤਾਂ ਨੂੰ ਝੂਠਾ ਪਾਇਆ ਗਿਆ ਸੀ।

ਜਾਂਚ ਰਿਪੋਰਟ ਵਿੱਚ ਦਾਅਵਾ ਕੀਤਾ ਕਿ ਦੋਸ਼ ਲਾਉਣ ਵਾਲੇ ਗੁਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਦਾ ਆਪਸ ਵਿੱਚ ਪਰਿਵਾਰਕ ਝਗੜਾ ਸੀ। ਇਸ ਸਬੰਧੀ ਅਦਾਲਤ ਵਿੱਚ ਵੀ ਕੇਸ ਚੱਲਿਆ ਅਤੇ ਪੁਲਿਸ ਕੇਸ ਵੀ ਦਰਜ ਹੋਇਆ ਸੀ। ਉਨ੍ਹਾਂ ਕਿਹਾ ਕਿ 2016 ਵਿੱਚ ਦੋਵਾਂ ਦਾ ਤਲਾਕ ਹੋਇਆ ਸੀ ਅਤੇ ਉਸ ਵੇਲੇ ਤੱਕ ਸਾਬਕਾ ਜਥੇਦਾਰ ਖਿਲਾਫ ਨਜਾਇਜ਼ ਸਬੰਧਾਂ ਬਾਰੇ ਕਦੇ ਵੀ ਉਂਗਲ ਨਹੀਂ ਉੱਠੀ। ਉਨ੍ਹਾਂ ਕਿਹਾ ਕਿ ਜੇਕਰ 2007 ਵਿੱਚ ਗਿਆਨੀ ਹਰਪ੍ਰੀਤ ਸਿੰਘ ਖਿਲਾਫ ਲੱਗੇ ਦੋਸ਼ ਸਾਬਤ ਹੁੰਦੇ ਤਾਂ ਉਸ ਤੋਂ ਬਾਅਦ ਉਨ੍ਹਾਂ ਦੀ ਹੈਡ ਗ੍ਰੰਥੀ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਵਜੋਂ ਨਿਯੁਕਤੀ ਸੰਭਵ ਨਹੀਂ ਸੀ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਜਾਂਚ ਕਮੇਟੀ ਨੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਸੀ ਅਤੇ ਅੰਤਰਿੰਗ ਕਮੇਟੀ ਵੱਲੋਂ ਉਨ੍ਹਾਂ ਨੂੰ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਸੀ।

# ਜੰਮੂ: ਪੀਐਚਈ ਦੇ ਦਿਹਾੜੀਦਾਰਾਂ ਨੇ ਵਿਰੋਧ ਕੀਤਾ ਪ੍ਰਦਰਸ਼ਨ




ਜੰਮੂ ਵਿੱਚ ਬੁੱਧਵਾਰ ਨੂੰ ਪਬਲਿਕ ਹੈਲਥ ਇੰਜੀਨੀਅਰਿੰਗ (ਪੀਐਚਈ) ਦੇ ਦਿਹਾੜੀਦਾਰਾਂ ਨੇ ਆਪਣੀਆਂ ਸੇਵਾਵਾਂ ਨੂੰ ਨਿਯਮਤ ਕਰਨ ਅਤੇ ਬਕਾਇਆ ਤਨਖਾਹਾਂ ਜਾਰੀ ਕਰਨ ਦੀ ਮੰਗ ਨੂੰ ਲੈ ਕੇ ਇੱਕ ਵਿਰੋਧ ਪ੍ਰਦਰਸ਼ਨ ਕੀਤਾ।

# ਵਕ.ਫ ਸੋਧ ਬਿੱਲ 2024 ਦੇ ਖਿਲਾਫ ਲੋਕਾਂ ਨੇ ਧਰਨੇ ਵਿੱਚ ਲਿਆ ਹਿਸਾ










ਪਟਨਾ : ਬੁੱਧਵਾਰ ਨੂੰ ਪਟਨਾ ਵਿੱਚ ਵਕ.ਫ ਸੋਧ ਬਿੱਲ 2024 ਦੇ ਖਿਲਾਫ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੇ ਮੈਂਬਰਾਂ ਦੁਆਰਾ ਆਯੋਜਿਤ ਧਰਨੇ ਵਿੱਚ ਲੋਕਾਂ ਨੇ ਹਿੱਸਾ ਲਿਆ।

# ਔਰਤਾਂ ਨੇ ਮਨਾਇਆ ਗੰਗੌਰ ਤਿਉਹਾਰ



ਸੂਰਤ : ਬੁੱਧਵਾਰ ਨੂੰ ਸੂਰਤ ਵਿੱਚ ਗੰਗੌਰ ਤਿਉਹਾਰ ਦੇ ਜਸ਼ਨ ਦੌਰਾਨ ਮਾਰਵਾੜੀ ਭਾਈਚਾਰੇ ਦੇ ਸ਼ਰਧਾਲੂ ਤਸਵੀਰ ਖਿਚਵਾਉਂਦੇ ਹੋਏ।

# ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨੇ ਐਚਐਨਬੀਯੂਐਮਯੂ, ਦੇਹਰਾਦੂਨ ਦੇ 7ਵੇਂ ਕਨਵੋਕੇਸ਼ਨ ਸਮਾਰੋਹ 'ਚ ਕੀਤੀ ਸ਼ਿਰਕਤ



ਦੇਹਰਾਦੂਨ : ਉੱਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨੇ ਬੁੱਧਵਾਰ ਨੂੰ ਦੇਹਰਾਦੂਨ ਵਿੱਚ ਹੇਮਵਤੀ ਨੰਦਨ ਬਹੁਗੁਣਾ ਉੱਤਰਾਖੰਡ ਮੈਡੀਕਲ ਐਜੂਕੇਸ਼ਨ ਯੂਨੀਵਰਸਿਟੀ (ਐਚਐਨਬੀਯੂਐਮਯੂ) ਦੇ 7ਵੇਂ ਕਨਵੋਕੇਸ਼ਨ ਸਮਾਰੋਹ ਵਿੱਚ ਇੱਕ ਵਿਦਿਆਰਥੀ ਨੂੰ ਡਿਗਰੀ ਭੇਟ ਕੀਤੀ।

# ਡਾਕਟਰੇਟ ਕਰ ਰਹੀ ਵਿਦਿਆਰਥਣ ਲਈ ਹਿਰਾਸਤ 'ਚ





ਵਾਸ਼ਿੰਗਟਨ : ਅਮਰੀਕਾ ਦੀ ਟਫਟਸ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਤੁਰਕੀ ਦੀ ਇਕ ਵਿਦਿਆਰਥਣ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇੱਕ ਵੀਡੀਓ ਵਿੱਚ ਕੁਝ ਨਕਾਬਪੋਸ਼ ਆਦਮੀ ਵਿਦਿਆਰਥਣ ਨੂੰ ਫੜਦੇ, ਹੱਥਕੜੀ ਲਗਾਉਂਦੇ ਅਤੇ ਲਿਜਾਂਦੇ ਦੇਖੇ ਜਾ ਸਕਦੇ ਹਨ। ਤੁਰਕੀ ਦੀ ਵਿਦਿਆਰਥਣ ਨੂੰ ਕਿਹੜੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਹਿਰਾਸਤ ਵਿੱਚ ਲਈ ਗਈ ਵਿਦਿਆਰਥਣ ਦੀ ਪਛਾਣ ਰੂਮੀਆ ਓਜ਼ਤੁਰਕ (30) ਵਜੋਂ ਹੋਈ ਹੈ। ਵਿਦਿਆਰਥੀ ਦੇ ਵਕੀਲ ਦਾ ਕਹਿਣਾ ਹੈ ਕਿ ਓਜ਼ੁਰਕ ਨੂੰ ਹਿਰਾਸਤ ਵਿੱਚ ਕਿਉਂ ਲਿਆ ਗਿਆ ਹੈ, ਇਸ ਬਾਰੇ ਅਜੇ ਤੱਕ ਕੋਈ ਦੋਸ਼ ਦਾਇਰ ਨਹੀਂ ਕੀਤਾ ਗਿਆ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਰੂਮੀਆ ਓਜ਼ਤੁਰਕ ਮੰਗਲਵਾਰ ਰਾਤ ਨੂੰ ਸੋਮਰਵਿਲ ਸਥਿਤ ਆਪਣੇ ਘਰ ਤੋਂ ਆਪਣੇ ਦੋਸਤਾਂ ਨੂੰ ਮਿਲਣ ਲਈ ਨਿਕਲੀ ਸੀ, ਪਰ ਰਸਤੇ ਵਿੱਚ ਕੁਝ ਨਕਾਬਪੋਸ਼ ਵਿਅਕਤੀਆਂ ਨੇ ਉਸਨੂੰ ਰੋਕ ਲਿਆ ਅਤੇ ਉਸਨੂੰ ਹੱਥਕੜੀ ਲਗਾ ਕੇ ਹਿਰਾਸਤ ਵਿੱਚ ਲੈ ਲਿਆ। ਇੱਕ ਵੀਡੀਓ ਵਿੱਚ ਛੇ ਆਦਮੀ ਓਜ਼ਤੁਰਕ ਨੂੰ ਫੜੇ ਹੋਏ ਦਿਖਾਈ ਦੇ ਰਹੇ ਹਨ, ਸਾਰਿਆਂ ਨੇ ਆਪਣੇ ਚਿਹਰੇ ਢੱਕੇ ਹੋਏ ਹਨ। ਇੰਨਾ ਹੀ ਨਹੀਂ ਉਨ੍ਹਾਂ ਦੀ ਕਾਰ 'ਤੇ ਕੋਈ ਨੰਬਰ ਪਲੇਟ ਵੀ ਨਹੀਂ ਸੀ। ਜਦੋਂ ਵਿਦਿਆਰਥਣ ਫੜੀ ਗਈ ਤਾਂ ਉਹ ਚੀਕ ਪਈ। ਜਦੋਂ ਨੇੜੇ-ਤੇੜੇ ਦੇ ਕੁਝ ਲੋਕਾਂ ਨੇ ਮਦਦ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਨਕਾਬਪੋਸ਼ਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਪੁਲਸ ਵਾਲੇ ਹਨ। ਹਾਲਾਂਕਿ ਉਨ੍ਹਾਂ ਨੇ ਆਪਣਾ ਚਿਹਰਾ ਲੁਕਾਉਣ ਦਾ ਕਾਰਨ ਨਹੀਂ ਦੱਸਿਆ।

ਵਿਦਿਆਰਥਣ ਦੇ ਵਕੀਲ ਨੇ ਕਿਹਾ ਕਿ ਉਹ ਇਫਤਾਰ ਲਈ ਆਪਣੇ ਦੋਸਤ ਦੇ ਘਰ ਜਾ ਰਹੀ ਸੀ। ਸਾਨੂੰ ਇਸ ਬਾਰੇ ਕੋਈ ਜਾਣਕਾਰੀ ਵੀ ਨਹੀਂ ਦਿੱਤੀ ਗਈ ਕਿ ਉਸਨੂੰ ਕਿੱਥੇ ਰੱਖਿਆ ਗਿਆ ਹੈ। ਹੁਣ ਤੱਕ ਰੂਮੀਆ ਵਿਰੁੱਧ ਕੋਈ ਦੋਸ਼ ਨਹੀਂ ਲਗਾਏ ਗਏ ਹਨ। ਰੂਮੀਆ ਅਮਰੀਕਾ ਵਿੱਚ ਵਿਦਿਆਰਥੀ ਵੀਜ਼ੇ 'ਤੇ ਰਹਿ ਰਹੀ ਹੈ ਅਤੇ ਉਸਦਾ ਵੀਜ਼ਾ ਵੈਧ ਹੈ। ਉਹ ਟਫਟਸ ਯੂਨੀਵਰਸਿਟੀ ਦੇ ਗ੍ਰੈਜੂਏਟ ਸਕੂਲ ਆਫ਼ ਆਰਟਸ ਐਂਡ ਸਾਇੰਸਜ਼ ਦੀ ਵਿਦਿਆਰਥਣ ਹੈ। ਇਸ ਦੌਰਾਨ ਟਫਟਸ ਯੂਨੀਵਰਸਿਟੀ ਦੇ ਪ੍ਰਧਾਨ ਸੁਨੀਲ ਕੁਮਾਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਇੱਕ ਅੰਤਰਰਾਸ਼ਟਰੀ ਗ੍ਰੈਜੂਏਟ ਵਿਦਿਆਰਥੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਉਸਦਾ ਵੀਜ਼ਾ ਵੀ ਰੱਦ ਕਰ ਦਿੱਤਾ ਗਿਆ ਹੈ। ਹਾਲਾਂਕਿ, ਉਨ੍ਹਾਂ ਨੇ ਇਸ ਮਾਮਲੇ ਵਿੱਚ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਮਾਮਲੇ ਨੇ ਇੱਕ ਰਾਜਨੀਤਿਕ ਮੋੜ ਵੀ ਲੈ ਲਿਆ ਹੈ, ਡੈਮੋਕ੍ਰੇਟ ਪਾਰਟੀ ਦੀ ਸੰਸਦ ਮੈਂਬਰ ਅੰਨਾ ਪ੍ਰੈਸਲੀ ਨੇ ਇਸਨੂੰ ਸੰਵਿਧਾਨਕ ਅਧਿਕਾਰਾਂ ਅਤੇ ਬੋਲਣ ਦੀ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਦੱਸਿਆ ਹੈ। ਉਨ੍ਹਾਂ ਵਿਦਿਆਰਥੀ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ।

# ਸਿੱਖ ਫ਼ੌਜੀ ਆਰਗੇਨਾਈਜ਼ੇਸ਼ਨ ਸ਼ਾਹੀ ਪੁਰਸਕਾਰ ਨਾਲ ਸਨਮਾਨਿਤ

ਲੰਡਨ : ਯੂ.ਕੇ. ਵਿਚ ਸਵੈ-ਇੱਛਕ ਸੇਵਾ ਲਈ ਯੂ.ਕੇ. ਦਾ ਸਭ ਤੋਂ ਵੱਡਾ ਸਨਮਾਨ ਸਿੱਖ ਸੋਲਜਰ ਆਰਗੇਨਾਈਜ਼ੇਸ਼ਨ ਨੂੰ ਦਿੱਤਾ ਗਿਆ ਹੈ। ਆਰਗੇਨਾਈਜ਼ੇਸ਼ਨ ਦੀਆਂ ਇਤਿਹਾਸਕ ਪ੍ਰਾਪਤੀਆਂ ਕਿੰਗਜ਼ ਐਵਾਰਡ ਫਾਰ ਵਲੰਟਰੀ ਸੇਵਾ ਨਾਲ ਸਨਮਾਨਿਤ ਕੀਤਾ ਗਿਆ ਹੈ। ਜੋ ਕਿ ਸਵੈ-ਇੱਛਕ ਸਮੂਹਾਂ ਲਈ ਰਾਸ਼ਟਰੀ ਮਾਨਤਾ ਦਾ ਵੱਡਾ ਸਨਮਾਨ ਹੈ। ਇਹ ਪੁਰਸਕਾਰ ਵਿਸ਼ਵ ਯੁੱਧਾਂ ਤੇ ਉਸ ਤੋਂ ਬਾਅਦ ਅਡੋਲ ਹਿੰਮਤ ਨਾਲ ਲੜਨ ਵਾਲੇ ਸਿੱਖ ਤੇ ਰਾਸ਼ਟਰਮੰਡਲ ਸੈਨਿਕਾਂ ਦੀ ਬਹਾਦਰੀ ਵਾਲੀ ਵਿਰਾਸਤ ਨੂੰ ਸੁਰੱਖਿਅਤ ਰੱਖਣ ਲਈ ਸੰਗਠਨ ਦੇ ਅਣਥੱਕ ਸਮਰਪਣ ਦਾ ਇੱਕ ਸ਼ਕਤੀਸ਼ਾਲੀ ਪ੍ਰਮਾਣ ਹੈ। ਯਾਦਗਾਰੀ ਸਮਾਗਮਾਂ, ਵਿਦਿਅਕ ਪਹੁੰਚ ਤੇ ਭਾਈਚਾਰਕ ਪਹਿਲਕਦਮੀਆਂ ਰਾਹੀਂ, ਸਿੱਖ ਸੋਲਜਰ ਆਰਗੇਨਾਈਜ਼ੇਸ਼ਨ ਪੀੜ੍ਹੀਆਂ ਨੂੰ ਸ਼ੁਕਰਗੁਜ਼ਾਰੀ ਤੇ ਸਤਿਕਾਰ ਵਿਚ ਜੋੜਦਾ ਹੈ, ਕੁਰਬਾਨੀ ਤੇ ਬਹਾਦਰੀ ਦੀ ਵਿਰਾਸਤ ਦਾ ਜਸ਼ਨ ਮਨਾਉਂਦਾ ਹੈ ਜੋ ਯੂ.ਕੇ. ਤੇ ਦੁਨੀਆਂ ਭਰ ਵਿਚ ਡੂੰਘਾਈ ਨਾਲ ਗੂੰਜਦਾ ਹੈ। ਸਿੱਖ ਸੋਲਜਰ ਆਰਗੇਨਾਈਜ਼ੇਸ਼ਨ ਦੇ ਚੇਅਰਮੈਨ ਕਲਵਿੰਦਰ ਭੁੱਲਰ ਨੇ ਕਿਹਾ ਕਿ ਅਸੀਂ ਇਹ ਸਨਮਾਨ ਪ੍ਰਾਪਤ ਕਰਕੇ ਬਹੁਤ ਖੁਸ਼ ਹਾਂ। ਇਹ ਪੁਰਸਕਾਰ ਸਿੱਖ ਸੈਨਿਕਾਂ ਦੀਆਂ ਕਹਾਣੀਆਂ ਨੂੰ ਜ਼ਿੰਦਾ ਰੱਖਣ ਦੇ ਸਾਡੇ ਮਿਸ਼ਨ ਨੂੰ ਬਲ ਦਿੰਦਾ ਹੈ, ਜਿਨ੍ਹਾਂ ਦੀ ਬਹਾਦਰੀ ਸਰਹੱਦਾਂ ਤੇ ਸਮੇਂ ਤੋਂ ਪਰ੍ਹੇ ਹੈ। ਕਿੰਗਜ਼ ਐਵਾਰਡ ਸਿੱਖ ਸੋਲਜਰ ਆਰਗੇਨਾਈਜ਼ੇਸ਼ਨ ਨੂੰ ਉਤਸ਼ਾਹਿਤ ਕਰਦਾ ਹੈ।



# ਉੱਤਰਾਖੰਡ ਮਹਿਲਾ ਕਾਂਗਰਸ ਕਮੇਟੀ ਨੇ ਕੀਤਾ ਪ੍ਰਦਰਸ਼ਨ; ਮਹਿਲਾ ਰਿਜ਼ਰਵੇਸ਼ਨ ਬਿੱਲ ਦੀ ਕੀਤੀ ਮੰਗ





ਦੇਹਰਾਦੂਨ: ਉੱਤਰਾਖੰਡ ਮਹਿਲਾ ਕਾਂਗਰਸ ਕਮੇਟੀ ਦੀ ਪ੍ਰਧਾਨ ਜੋਤੀ ਰੌਤੇਲਾ ਨੇ ਬੁੱਧਵਾਰ ਨੂੰ ਦੇਹਰਾਦੂਨ ਵਿੱਚ ਔਰਤਾਂ ਦੀ ਸੁਰੱਖਿਆ, ਮਹਿੰਗਾਈ, ਬੇਰੁਜ਼ਗਾਰੀ, ਮਹਿਲਾ ਰਿਜ਼ਰਵੇਸ਼ਨ ਬਿੱਲ ਸਮੇਤ ਆਪਣੀਆਂ ਵੱਖ-ਵੱਖ ਮੰਗਾਂ ਨੂੰ ਲੈ ਕੇ ਸਮਰਥਕਾਂ ਨਾਲ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ ਬੈਰੀਕੇਡ ਚੜ੍ਹਾਈ ਕੀਤੀ।

# ਆਸ਼ੀਸ਼ ਸੂਦ ਅਤੇ ਅਰਵਿੰਦਰ ਸਿੰਘ ਲਵਲੀ ਦਿੱਲੀ ਵਿਧਾਨ ਸਭਾ ਬਜਟ ਸੈਸ਼ਨ 2025 ਵਿੱਚ ਸ਼ਾਮਲ ਹੋਣ ਤੋਂ ਬਾਅਦ ਹੋਏ ਰਵਾਨਾ



ਨਵੀਂ ਦਿੱਲੀ : ਦਿੱਲੀ ਦੇ ਮੰਤਰੀ ਆਸ਼ੀਸ਼ ਸੂਦ ਅਤੇ ਭਾਜਪਾ ਵਿਧਾਇਕ ਅਰਵਿੰਦਰ ਸਿੰਘ ਲਵਲੀ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਵਿਧਾਨ ਸਭਾ ਵਿੱਚ ਦਿੱਲੀ ਵਿਧਾਨ ਸਭਾ ਬਜਟ ਸੈਸ਼ਨ 2025 ਵਿੱਚ ਸ਼ਾਮਲ ਹੋਣ ਤੋਂ ਬਾਅਦ ਰਵਾਨਾ ਹੋਏ।

# ਕਿਸਾਨ ਦਰਖਤ 'ਤੇ ਚੜ੍ਹਿਆ



ਮੁੰਬਈ : ਪੁਲਿਸ ਕਰਮਚਾਰੀ ਬੀਡ ਜ਼ਿਲ੍ਹੇ ਦੇ ਖਾਪਰ ਪਾਂਗਰੀ ਪਿੰਡ ਦੇ ਇੱਕ ਕਿਸਾਨ, ਈਸ਼ਵਰ ਸ਼ਿਵਾਜੀ ਸ਼ਿੰਦੇ, ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਬੁੱਧਵਾਰ ਨੂੰ ਮੁੰਬਈ ਵਿੱਚ ਫਸਲਾਂ ਦੇ ਗਾਰੰਟੀਸ਼ੁਦਾ ਮੁੱਲ ਦੀ ਮੰਗ ਨੂੰ ਲੈ ਕੇ ਵਿਰੋਧ ਕਰਨ ਲਈ ਦਰੱਖਤ 'ਤੇ ਚੜ੍ਹ ਗਿਆ ਸੀ।

# ਸਾਂਬਾ ਪੁਲਿਸ ਦਾ ਸਪੈਸ਼ਲ ਆਪ੍ਰੇਸ਼ਨ ਗਰੁੱਪ (SOG) ਸਾਂਬਾ-ਕਠੂਆ ਸਰਹੱਦ 'ਤੇ ਤਾਇਨਾਤ



ਕਠੂਆ : ਬੁੱਧਵਾਰ ਨੂੰ ਕਠੂਆ ਵਿੱਚ ਸਾਂਬਾ-ਕਠੂਆ ਸਰਹੱਦ ਦੇ ਨੇੜੇ ਸਾਨਿਆਲ ਖੇਤਰ ਵਿੱਚ ਅੱਤਵਾਦੀਆਂ ਦੀ ਮੌਜੂਦਗੀ ਬਾਰੇ ਇੱਕ ਇਨਪੁੱਟ ਤੋਂ ਬਾਅਦ, ਸਾਂਬਾ ਪੁਲਿਸ ਦਾ ਸਪੈਸ਼ਲ ਆਪ੍ਰੇਸ਼ਨ ਗਰੁੱਪ (SOG) ਸਾਂਬਾ-ਕਠੂਆ ਸਰਹੱਦ 'ਤੇ ਤਾਇਨਾਤ ਹੈ ਕਿਉਂਕਿ ਤਲਾਸ਼ੀ ਮੁਹਿੰਮ ਆਪਣੇ ਚੌਥੇ ਦਿਨ ਵਿੱਚ ਦਾਖਲ ਹੋ ਗਈ ਹੈ।



ਦਸਤਾਰ ਬੰਦੀ ਤੋਂ ਬਾਅਦ ਦਮਦਮੀ ਟਕਸਾਲ ਦੇ ਹੈਡਕੁਆਟਰ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਖੇ ਜਥੇ ਦੇ ਸਿੰਘਾਂ ਨਾਲ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ 14ਵੇਂ ਮੁਖੀ ਦਮਦਮੀ ਟਕਸਾਲ ਭਿੰਡਰਾਂਵਾਲਿਆਂ ਦੀ ਸੰਨ 1977 ਦੀ ਯਾਦਗਾਰ ਤਸਵੀਰ

# ਕਿਰਤੀਆਂ, ਕਿਸਾਨਾਂ ਤੇ ਜਵਾਨਾਂ ਨੂੰ ਬਚਾਏਗੀ 'ਪੰਜਾਬ ਸੰਭਾਲੋ' ਮੁਹਿੰਮ : ਡਾ. ਅਵਤਾਰ ਸਿੰਘ ਕਰੀਮਪੁਰੀ

## ਬੁਰੀ ਤਰ੍ਹਾਂ ਬਰਬਾਦ ਹੋ ਰਹੇ ਪੰਜਾਬ ਨੂੰ ਸਾਂਭਣ ਲਈ ਮੁਹਿੰਮ ਦੇ ਰੂਪ ਵਿਚ ਅੱਗੇ ਆ ਰਹੀ ਹੈ ਬਸਪਾ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੰਜਾਬ ਵਿੱਚ ਹੁਣ ਤੱਕ ਜਿੰਨੀਆਂ ਵੀ ਸਿਆਸੀ ਪਾਰਟੀਆਂ ਸੱਤਾ 'ਤੇ ਕਾਬਜ ਹੋਈਆਂ ਹਨ, ਉਨ੍ਹਾਂ ਨੇ ਸਿਵਾਏ ਸੂਬੇ ਨੂੰ ਲੁੱਟਣ ਦੇ ਹੋਰ ਕੋਈ ਨਵਾਂ ਕੰਮ ਨਹੀਂ ਕੀਤਾ ਹੈ। ਲੋਕਾਂ ਨੇ ਬਦਲ ਦੇ ਰੂਪ ਵਿੱਚ ਆਈ ਸਰਕਾਰ ਦਾ ਹਾਲ ਵੀ ਦੇਖ ਲਿਖਾ ਹੈ। ਇਸੇ ਲਈ ਬਹੁਜਨ ਸਮਾਜ ਪਾਰਟੀ ਨੇ ਫਗਵਾੜਾ ਤੋਂ ਪੰਜਾਬ ਸੰਭਾਲੋ ਮੁਹਿੰਮ ਰਾਹੀਂ ਲੋਕਾਂ ਨੂੰ ਇਕ ਮੰਚ 'ਤੇ ਇਕੱਠੇ ਹੋ ਕੇ ਪੰਜਾਬ ਸਾਂਭਣ ਦਾ ਸੱਦਾ ਹੈ। ਇਹ ਪ੍ਰਗਟਾਵਾ ਬਸਪਾ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਵਲੋਂ ਵਿਸੇਸ਼ ਵਾਰਤਾ ਦੌਰਾਨ ਗੱਲਬਾਤ ਕਰਦਿਆਂ ਕੀਤਾ। ਬੁਰੀ ਤਰ੍ਹਾਂ ਬਰਬਾਦ ਹੋ ਰਹੇ ਪੰਜਾਬ ਨੂੰ ਸਾਂਭਣ ਲਈ ਮੁਹਿੰਮ ਦੇ ਰੂਪ ਵਿਚ ਬਸਪਾ ਅੱਗੇ ਆ ਰਹੀ ਹੈ। ਇਸ ਦੀ ਸ਼ੁਰੂਆਤ ਫਗਵਾੜਾ ਤੋਂ ਸੂਬਾ ਪੱਧਰੀ ਸਮਾਗਮ ਦੇ ਨਾਲ ਸ਼ੁਰੂਆਤ ਹੋਈ ਹੈ।



ਉਨ੍ਹਾਂ ਕਿਹਾ ਕਿ ਬਸਪਾ ਸੂਬੇ ਦੇ ਲੋਕਾਂ ਨੂੰ ਸਰਕਾਰ ਦੇ ਰੂਪ ਵਿੱਚ ਅਜਿਹਾ ਬਦਲ ਦੇਵੇਗੀ, ਜਿਸ ਨਾਲ ਸਾਰੇ ਵਰਗਾਂ ਦੀ ਸਿਹਤ, ਸਿੱਖਿਆ, ਰੁਜ਼ਗਾਰ ਤੇ ਉਦਯੋਗਾ 'ਚੋਂ ਇਕ ਕ੍ਰਾਂਤੀ ਦਾ ਸੰਚਾਰ ਹੋਵੇਗਾ। ਪ੍ਰਧਾਨ ਕਰੀਮਪੁਰੀ ਨੇ ਕਿਹਾ ਕਿ ਇਸ ਵੇਲੇ ਸੂਬੇ ਦਾ ਲਾਅ ਐਂਡ ਆਰਡਰ ਪੂਰੀ ਤਰ੍ਹਾਂ ਨਾਲ ਵਿਗੜ ਚੁੱਕਾ ਹੈ। ਨਸ਼ਿਆ ਕਾਰਨ ਨਿੱਤ ਮਾਵਾਂ ਦੇ ਪੁੱਤ ਮਰ ਰਹੇ ਹਨ ਤੇ ਸੂਬੇ ਦੀ ਸੱਤਾ ਧਾਰੀ ਸਿਵਾਏ ਸਿਆਸਤ ਦੇ ਹੋਰ ਕੁਝ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਬਸਪਾ ਪਾਰਟੀ ਦੀ ਮਜਬੂਤੀ ਇਸੇ ਲਈ ਕਰ ਰਹੀ ਹੈ ਤਾਂ ਜੋ ਸੂਬੇ ਦੇ ਲੁੱਟ ਖਸੁੱਟ ਦਾ ਸ਼ਿਕਾਰ ਹੋ ਰਹੇ ਲੋਕਾਂ ਨੂੰ ਨਵਾਂ ਬਦਲ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ 'ਜਨ ਅਭਿਆਨ ਨਹੀਂ ਜਨ ਕਲਿਆਣ ਦੀ ਸਰਕਾਰ ਦੇਣਾ ਬਸਪਾ ਦਾ ਮੁੱਖ ਉਦੇਸ਼ ਹੈ। ਕਰੀਮਪੁਰੀ ਨੇ ਕਿਹਾ ਕਿ ਹੁਕਮਰਾਨਾਂ ਦੀ ਬਦਨੀਅਤੀ ਕਾਰਨ ਸੂਬੇ ਦੇ ਹਾਲਾਤ ਬਦ ਤੋਂ ਬਦਤਰ ਹੋਏ ਹਨ ਇਹੀ ਕਾਰਨ ਹੈ ਕਿ ਨਸ਼ਿਆ ਕਾਰਨ ਸੂਬੇ ਦੀਆਂ ਮਾਵਾਂ ਭੈਣਾਂ ਨੂੰ ਵੀ ਘਰੇਲੂ ਤੇ ਬਾਹਰੀ ਤਸ਼ੱਦਦ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਸਰਕਾਰ ਨਸ਼ੇ ਖ਼ਿਲਾਫ਼ ਮੁਹਿੰਮ ਛੱਡ ਕੇ ਸਿਰਫ ਛੋਟੇ ਨਸ਼ੇੜੀਆਂ ਜਾਂ ਤਸਕਰਾਂ 'ਤੇ ਕਾਰਵਾਈ ਕਰ ਕੇ ਲੋਕਾ 'ਤੇ ਪ੍ਰਭਾਵ ਪਾ ਰਹੀ ਹੈ ਜਦਕਿ ਹਕੀਕਤ ਕੁਝ ਹੋਰ ਹੈ। ਬਸਪਾ ਲੋਕਾਂ ਦੇ ਵਿਸ਼ਵਾਸ਼ ਨੂੰ ਹਾਸਲ ਕਰੇਗੀ ਤੇ ਡਾਕਟਰ ਕਰੀਮਪੁਰੀ ਹੋਰਾਂ ਨੇ ਕਿਹਾ ਕਿ ਉਹ ਸੂਬੇ ਵਿੱਚ ਭਿਖਾਰੀ ਨਹੀਂ, ਅਧਿਕਾਰੀ ਪੈਦਾ ਕਰਾਂਗੇ। ਕਰੀਮਪੁਰੀ ਨੇ ਦਾਅਵਾ ਕੀਤਾ ਕਿ ਮੌਜੂਦਾ ਸਰਕਾਰ ਨੇ ਲੋਕ ਮਾਰੂ ਨੀਤੀਆਂ ਨਾਲ ਜਨਤਾ ਤੇ ਖ਼ਜ਼ਾਨੇ ਦਾ ਬੁਰਾ ਹਾਲ ਕੀਤਾ ਹੈ। ਲੋਕਾਂ ਨੂੰ ਰਾਸ਼ਨ ਲੈਣ ਦੀਆਂ ਕਤਾਰਾਂ ਵਿੱਚ ਖੜ੍ਹਾ ਕਰ ਦਿੱਤਾ ਗਿਆ ਹੈ। ਮੁਫ਼ਤ ਦੀਆ ਸਕੀਮਾਂ ਨਾਲ ਖ਼ਜ਼ਾਨੇ ਦੀ ਹਾਲਤ ਪਤਲੀ ਹੋ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਬਸਪਾ ਸੂਬੇ ਵਿੱਚ ਮਜਬੂਤ ਪਾਰਟੀ ਵਜੋਂ ਉਭਰੇਗੀ ਤੇ ਸੱਤਾ 'ਤੇ ਕਾਬਜ਼ ਹੋ ਕੇ ਭਿਖਾਰੀਆਂ ਦੀ ਨਹੀਂ, ਸਗੋਂ ਅਧਿਕਾਰੀਆਂ ਦੀ ਜਮਾਤ ਪੈਦਾ ਕਰੇਗੀ। ਉਨ੍ਹਾਂ ਕਿਹਾ ਕਿ ਇਸ ਵੇਲੇ ਸੂਬੇ ਦੀ ਕਿਸਾਨੀ, ਜਵਾਨੀ ਤੇ ਕਿਰਤੀ ਵਰਗ ਨਾਲ ਧੱਕਾ ਹੋ ਰਿਹਾ ਹੈ। ਸੂਬੇ 'ਚ ਅਪਰਾਧ ਕਰਨ ਉਦਯੋਗ ਬਾਹਰੀ ਨਿਵੇਸ਼ ਤੋਂ ਸੱਖਣੇ ਹੋ ਰਹੇ ਹਨ। ਇਸੇ ਕਾਰਨ ਨਵਾਂ ਰੁਜ਼ਗਾਰ ਨਹੀਂ ਪੈਦਾ ਹੋ ਰਿਹਾ। ਨਵੇਂ ਪੰਜਾਬ ਦੇ ਨਿਰਮਾਣ ਦੀ ਲੋੜ ਹੈ ਕਿਉਂਕਿ ਰੰਗਲੇ ਪੰਜਾਬ ਦਾ ਦਾਅਵਾ ਲੋਕਾਂ ਨੇ ਦੇਖ ਲਿਆ ਹੈ। ਕਰੀਮਪੁਰੀ ਨੇ ਕਿਹਾ ਕਿ ਬਸਪਾ ਕਿਸੇ ਵਿਅਕਤੀ ਵਿਸ਼ੇਸ਼ ਦੀ ਪਾਰਟੀ ਨਹੀਂ ਹੈ ਇਕ ਨਵੀਂ ਸੋਚ ਹੈ। ਇਸ ਲਈ ਬਸਪਾ ਦਾ ਪਾਰਟੀ ਚਿੰਨ੍ਹ ਹਾਥੀ ਹੀ ਇਸਦਾ ਅਸਲੀ ਨਾਇਕ ਚਿਹਰਾ ਹੈ। ਉਨ੍ਹਾਂ ਕਿਹਾ ਕਿ ਬਸਪਾ ਇਸ ਦੇ ਸੰਸਥਾਪਕ ਕਾਸ਼ੀ ਰਾਮ ਤੇ ਮਾਇਆਵਤੀ ਹਨ।

ਕਰੀਮਪੁਰੀ ਨੇ ਕਿਹਾ ਕਿ ਬਸਪਾ ਸਿਰਫ ਚੋਣਾ ਲੜਨ ਤੱਕ ਸੀਮਤ ਨਹੀਂ ਹੈ। ਬਸਪਾ ਕਿਸੇ ਇਕ ਖ਼ਾਸ ਵਰਗ ਦੀ ਪਾਰਟੀ ਨਹੀਂ ਮੇਰੀ ਦੇਸ਼ ਸਣੇ ਸੂਬੇ ਦੇ ਸਾਰੇ ਲੋਕਾਂ ਦੀ ਆਪਣੀ ਪਾਰਟੀ ਹੈ। ਸਾਡੀ ਦਿਲਚਸਪੀ ਸਟੇਟ ਵਿੱਚ ਹੈ ਨਾ ਕਿ ਸਿਰਫ ਸਿਆਸਤ ਕਰਨ ਜਾਂ ਚੋਣ ਲੜਨ 'ਚ ਪੰਜਾਬ ਨੂੰ ਠੱਗ ਹੱਥ ਤੋਂ ਬਚਾ ਕੇ ਇਸ ਦੇ ਖਜ਼ਾਨੇ ਨੂੰ ਸੁਰਖਿਅਤ ਰੱਥਾਂ 'ਚ ਦੇਣਾ ਸਮੇਂ ਦੀ ਲੋੜ ਹੈ। ਸੂਬੇ ਦੇ ਹਿੱਤਾਂ ਦੀਆਂ ਨੀਤੀਆਂ ਬਣਾ ਕੇ ਪਾਰਟੀ ਮੈਦਾਨ 'ਚ ਉੱਤਰ ਆਈ ਹੈ ਕਿਉਂਕਿ ਕੁਝ ਪਾਰਟੀਆਂ ਦੇ ਸਿਆਸੀ ਤੇ ਪਰਿਵਾਰਕ ਹਿੱਤਾਂ ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ ਹੈ।

ਕਰੀਮਪੁਰੀ ਨੇ ਦਾਅਵਾ ਕੀਤਾ ਕਿ ਬਸਪਾ ਨੇ ਕਦੇ ਵੀ ਧਰਮ ਦੀ ਰਾਜਨੀਤੀ ਨਹੀਂ ਕੀਤੀ। ਹੁਣ ਵੀ ਕੁਝ ਲੋਕ ਸੂਬੇ ਦੇ ਧਾਰਮਿਕ ਹਿੱਤਾ ਦੀ ਆੜ 'ਚ ਹਿੰਦੂ ਸਿੱਖ ਭਾਈਚਾਰੇ 'ਚ ਪਾੜ ਪਾ ਰਹੇ ਹਨ। ਪਾਰਟੀ ਅਜਿਹੇ ਲੋਕਾਂ ਦੇ ਮਨਸੂਬਿਆਂ ਨੂੰ ਸਫਲ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਪਿਆਰ, ਮੁਹੱਬਤ ਤੇ ਨਫਰਤ ਰਹਿਤ ਸੂਬੇ ਦੇ ਨਿਰਮਾਣ ਲਈ ਲੋਕਾਂ ਨੂੰ ਪਾਰਟੀ ਦਾ ਸਾਥ ਦੇਣਾ ਚਾਹੀਦਾ ਹੈ ਤਾਂ ਜੋ ਪੰਜਾਬ ਉਨ੍ਹਾਂ ਲੋਕਾਂ ਦੇ ਹੱਥਾਂ 'ਚ ਆ ਸਕੇ, ਜੋ ਇਸ ਨੂੰ ਸਾਂਭਣ ਦਾ ਹੱਕ ਰੱਖਦੇ ਹਨ। ਨਫਰਤ ਪੈਦਾ ਕਰਨ ਵਾਲਿਆਂ ਨੂੰ ਸੱਤਾ ਤੋਂ ਲਾਂਭੇ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਇਕੱਠ ਨੇ ਇਸ ਗੱਲ ਦਾ ਸਬੂਤ ਦੇ ਦਿੱਤਾ ਹੈ ਕਿ ਲੋਕ ਪਾਰਟੀ ਵਿਚ ਪੂਰਾ ਭਰੋਸਾ ਕਰ ਰਹੀ ਹਨ। ਲੋਕ ਬਸਪਾ ਨੂੰ ਸੂਬੇ ਦੀ ਸਿਆਸਤ ਦੇ ਖੇਤਰੀ ਬਦਲ ਦੇ ਰੂਪ 'ਚ ਦੇਖ ਰਹੇ ਹਨ।

# ਗੈਂਗਸਟਰ ਜੱਗੂ ਭਗਵਾਨਪੁਰੀਆ ਬਠਿੰਡਾ ਤੋਂ ਅਸਾਮ ਜੇਲ੍ਹ 'ਚ ਤਬਦੀਲ

ਬਠਿੰਡਾ : ਪ੍ਰਸਿੱਧ ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਕਾਂਡ ਦੇ ਮੁੱਖ ਸਾਜਿਸ਼ਘਾੜਿਆਂ 'ਚ ਸ਼ਾਮਿਲ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਕੇਂਦਰੀ ਜੇਲ੍ਹ ਬਠਿੰਡਾ ਤੋਂ ਅਸਾਮ ਦੀ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ ਹੈ। ਉਸ 'ਤੇ ਇਹ ਕਾਰਵਾਈ 'ਪਿਟ



ਐਨ.ਡੀ.ਪੀ.ਐੱਸ. ਐਕਟ (ਪ੍ਰੀਵੈਂਸ਼ਨ ਆਫ਼ ਇਲੀਕਿਟ ਟ੍ਰੈਫਿਕ ਇਨ ਨਾਰਕੋਟਿਕ ਡਰੱਗਜ਼ ਐਂਡ ਫਿਜੀਓਥਰੈਪਿਕ ਸਬਸੈਂਸਟੈਂਸ ਐਕਟ 1988) ਭਾਵ ਦੇਸ਼ 'ਚ 'ਨਸ਼ੀਲੇ ਅਤੇ ਮਨੋਰੋਗ ਪਦਾਰਥਾਂ ਦੀ ਗੈਰ-ਕਾਨੂੰਨੀ ਆਵਾਜਾਈ ਰੋਕਥਾਮ ਕਾਨੂੰਨ' ਤਹਿਤ ਨਾਰਕੋਟਿਕ ਕੰਟਰੋਲ ਬਿਊਰੋ ਵਲੋਂ ਕੀਤੀ ਗਈ ਹੈ, ਜਿਸ ਤਹਿਤ ਹੁਣ ਅਸਾਮ ਜੇਲ੍ਹ ਤੋਂ ਜੱਗੂ ਨੂੰ ਇਕ ਸਾਲ ਤੱਕ ਤਬਦੀਲੀ ਜਾਂ ਜ਼ਮਾਨਤ ਮਿਲਣੀ ਅਸੰਭਵ ਦੱਸੀ ਜਾ ਰਹੀ ਹੈ। ਕੇਂਦਰੀ ਜੇਲ੍ਹ ਬਠਿੰਡਾ ਦੇ ਸੁਪਰਡੈਂਟ ਮਨਜੀਤ ਸਿੰਘ ਸਿੱਧੂ ਨੇ ਇਸ ਦੀ ਅਧਿਕਾਰਤ ਪੁਸ਼ਟੀ ਕਰਦਿਆਂ ਦੱਸਿਆ ਕਿ ਬੀਤੇ ਦਿਨੀਂ ਨਾਰਕੋਟਿਕਸ ਕੰਟਰੋਲ ਬਿਊਰੋ ਦੀ ਟੀਮ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਕੇਂਦਰੀ ਜੇਲ੍ਹ ਬਠਿੰਡਾ ਤੋਂ ਲੋੜੀਂਦੀ ਕਾਰਵਾਈ ਪੂਰੀ ਕਰਨ ਉਪਰੰਤ ਆਪਣੇ ਨਾਲ ਲੈ ਗਈ।

# ਜਲਾਵਤਨੀ ਆਗੂ ਭਾਈ ਮਹਿਲ ਸਿੰਘ ਬੱਬਰ ਨੇ ਆਖਰੀ ਸਾਹ ਬਾਬੇ ਨਾਨਕ ਦੀ ਧਰਤੀ ਸ੍ਰੀ ਨਨਕਾਣਾ ਸਾਹਿਬ ਵਿਖੇ ਲਿਆ

**ਜਿਹਨਾਂ ਸਿੱਖ ਕੌਮ ਉਪਰ ਹੋਏ ਘੋਰ ਅਤਿਆਚਾਰ ਖਿਲਾਫ ਲਈ ਪੂਰੀ ਜ਼ਿੰਦਗੀ ਲਗਾ ਦਿੱਤੀ ਅਤੇ ਕਦੇ ਵੀ ਪਿਛੇ ਮੁੜਕੇ ਨਹੀਂ ਦੇਖਿਆ ਏਅਰਫੋਰਸ ਅਧਿਕਾਰੀ ਤੋਂ ਬੱਬਰ ਬਣਕੇ ਆਖਰੀ ਸਾਹ ਤੱਕ ਲੜਨ ਵਾਲੇ ਮਹਾਨ ਯੋਧਿਆਂ ਵਿੱਚ ਸ਼ਾਮਿਲ ਸਨ ਭਾਈ ਮਹਿਲ ਸਿੰਘ ਬੱਬਰ ਜਿਹੜੇ ਜਲਾਵਤਨੀ ਦੀ ਜ਼ਿੰਦਗੀ ਗੁਜ਼ਾਰਦੇ ਹੋਏ ਬਾਬੇ ਨਾਨਕ ਦੀ ਧਰਤੀ ਪਾਕਿਸਤਾਨ ਵਿੱਚ ਆਖਰੀ ਸਾਹ ਲਿਆ**

ਅੰਮ੍ਰਿਤਸਰ : ਪਿਛਲੇ ਲੰਬੇ ਸਮੇਂ ਤੋਂ ਪਾਕਿਸਤਾਨ ਦੇ ਸ੍ਰੀ ਨਨਕਾਣਾ ਸਾਹਿਬ ਵਿਖੇ ਰਹਿ ਰਹੇ ਸਾਬਕਾ ਹਵਾਈ ਸੈਨਾ ਅਧਿਕਾਰੀ ਅਤੇ ਭਾਈ ਮਹਿਲ ਸਿੰਘ ਬੱਬਰ ਉਰਫ਼ ਬਾਵਾ ਭੱਟੀ ਦਾ ਬੀਤੀ ਸ਼ਾਮ ਦਿਹਾਂਤ ਹੋ ਗਿਆ। ਕਿਡਨੀਆਂ ਦੀ ਖ਼ਰਾਬੀ ਕਾਰਨ ਲੰਬੇ ਸਮੇਂ ਤੋਂ ਉਨ੍ਹਾਂ ਦਾ ਲਾਹੌਰ ਦੇ ਇਕ ਨਿੱਜੀ ਹਸਪਤਾਲ ਤੋਂ ਡਾਕਟਰੀ ਇਲਾਜ ਚੱਲ ਰਿਹਾ ਸੀ। ਜਿੱਥੇ ਉਨ੍ਹਾਂ ਆਪਣਾ ਆਖ਼ਰੀ ਸਾਹ ਲਿਆ। ਸ੍ਰੀ ਨਨਕਾਣਾ ਸਾਹਿਬ ਦੇ ਇਕ ਸਿੱਖ ਆਗੂ ਨੇ ਦੱਸਿਆ ਕਿ ਕਈ ਵਰ੍ਹਿਆਂ ਤੱਕ ਲਾਹੌਰ 'ਚ ਰਹਿਣ ਤੋਂ ਬਾਅਦ ਬਾਵਾ ਭੱਟੀ ਹੁਣ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਤੰਬੂ ਸਾਹਿਬ ਵਿਖੇ ਭਾਰੀ ਸੁਰੱਖਿਆ ਹੇਠ ਰਹਿ ਰਹੇ ਸਨ। ਉਨ੍ਹਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਆਮ ਸੰਗਤ ਦੇ ਗੁਰਦੁਆਰਾ ਸਾਹਿਬ 'ਚ ਦਰਸ਼ਨਾਂ ਲਈ ਜਾਣ ਅਤੇ ਉੱਥੇ ਧਾਰਮਿਕ ਸਮਾਗਮ ਕਰਵਾਉਣ 'ਤੇ ਖ਼ੁਫ਼ੀਆ ਏਜੰਸੀ ਆਈ. ਐੱਸ. ਆਈ. ਵਲੋਂ ਸਖ਼ਤੀ ਨਾਲ ਰੋਕ ਲਗਾਈ ਗਈ ਸੀ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕਾਗ਼ਜ਼ੀ ਕਾਰਵਾਈ ਮੁਕੰਮਲ ਕਰਨ ਤੋਂ ਬਾਅਦ ਉਨ੍ਹਾਂ ਦਾ ਅੰਤਿਮ ਸੰਸਕਾਰ ਦੇਰ ਰਾਤ ਸ੍ਰੀ ਨਨਕਾਣਾ ਸਾਹਿਬ ਜਾਂ ਲਾਹੌਰ ਦੇ ਬਾਬੂ ਸਾਬੂ ਆਬਾਦੀ ਸਥਿਤ ਸ਼ਮਸ਼ਾਨਘਾਟ 'ਚ ਕੀਤਾ ਜਾਵੇਗਾ। ਜਿਥੇ ਗ੍ਰੰਥੀ ਸਿੰਘ ਤੋਂ ਇਲਾਵਾ ਖ਼ੁਫ਼ੀਆ ਏਜੰਸੀ ਦੇ ਅਧਿਕਾਰੀ ਅਤੇ ਇਕ-ਦੋ ਪਾਕਿ ਸਿੱਖ ਆਗੂ ਹੀ ਹਾਜ਼ਰ ਰਹਿਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਮਹਿਲ ਸਿੰਘ ਬੱਬਰ ਦੇ ਦਿਹਾਂਤ ਦੀ ਖ਼ਬਰ ਪੂਰੀ ਤਰ੍ਹਾਂ ਨਾਲ ਗੁਪਤ ਰੱਖੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਬੱਬਰ ਖ਼ਾਲਸਾ ਇੰਟਰਨੈਸ਼ਨਲ (ਰੇਸ਼ਮ ਸਿੰਘ ਸਮੂਹ) ਦੇ ਡਿਪਟੀ ਚੀਫ਼ ਮਹਿਲ ਸਿੰਘ ਨੂੰ ਸਾਲ 1990 ਤੋਂ 'ਭਗੌੜਾ ਅਪਰਾਧੀ' ਐਲਾਨਿਆ ਗਿਆ। ਉਹ ਅੰਮ੍ਰਿਤਸਰ, ਜਲੰਧਰ ਅਤੇ ਫ਼ਰੀਦਕੋਟ ਜ਼ਿਲ੍ਹਿਆਂ 'ਚ 5 ਅੱਤਵਾਦੀ ਘਟਨਾਵਾਂ ਦੇ ਸੰਬੰਧ 'ਚ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਲੋੜੀਂਦੇ ਸਨ ਅਤੇ ਉਹ 1993 'ਚ ਪਾਕਿਸਤਾਨ ਚਲੇ ਗਏ ਸਨ। ਉਸ ਤੋਂ ਬਾਅਦ ਉਨ੍ਹਾਂ ਨੂੰ ਸਾਲ 2003 'ਚ ਫਰਾਂਸ 'ਚ ਵੇਖਿਆ ਗਿਆ। ਜਿਸ ਤੋਂ ਬਾਅਦ ਪੰਜਾਬ ਪੁਲਿਸ ਵਲੋਂ ਉਨ੍ਹਾਂ ਦੀ ਹਵਾਲਗੀ ਦੀ ਕਾਰਵਾਈ ਸ਼ੁਰੂ ਕਰਦਿਆਂ ਮਹਿਲ ਸਿੰਘ ਦਾ ਵਿਸਤ੍ਰਿਤ ਅਪਰਾਧ ਰਿਕਾਰਡ ਇੰਟਰਪੋਲ ਨੂੰ ਭੇਜਿਆ ਗਿਆ ਪਰ ਬਾਅਦ 'ਚ ਕਿਹਾ ਗਿਆ ਕਿ ਉਹ ਵਾਪਸ ਪਾਕਿਸਤਾਨ ਚਲਾ ਗਿਆ ਹੈ।

ਭਾਈ ਮਹਿਲ ਸਿੰਘ ਬੱਬਰ ਨੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਜਥੇਬੰਦੀ ਨਾਲ ਜੁੜੇ ਭਾਈ ਮਹਿਲ ਸਿੰਘ ਬੱਬਰ ਦੀ ਪਾਕਿਸਤਾਨ ਵਿੱਚ ਮੌਤ ਹੋਣ ਬਾਰੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਪੁਸ਼ਟੀ ਕੀਤੀ ਹੈ।





ਸੋਸ਼ਲ ਮੀਡੀਆ ਮੁਤਾਬਕ ਪੰਜਾਬ ਵਿੱਚ ਰਹਿੰਦੇ ਮਹਿਲ ਸਿੰਘ ਬੱਬਰ ਦੇ ਪਰਿਵਾਰਕ ਮੈਂਬਰਾਂ ਨੇ ਨਨਕਾਣਾ ਸਾਹਿਬ ਦੇ ਇੱਕ ਨਿੱਜੀ ਹਸਪਤਾਲ ਵਿੱਚ ਉਨ੍ਹਾਂ ਦੀ ਮੌਤ ਬਾਰੇ ਰਿਪੋਰਟਾਂ ਨੂੰ ਸੱਚ ਦੱਸਿਆ ਹੈ।

ਵਡੇਰੀ ਉਮਰ ਦੇ ਚਲਦਿਆਂ ਮਹਿਲ ਸਿੰਘ ਵੱਖ-ਵੱਖ ਸਿਹਤ ਦਿੱਕਤਾਂ ਦਾ ਸਾਹਮਣਾ ਕਰ ਰਹੇ ਸਨ, ਜਿਸ ਦੇ ਚਲਦਿਆਂ ਉਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ।

ਉਨ੍ਹਾਂ ਦਾ ਸਸਕਾਰ 26 ਮਾਰਚ ਨੂੰ ਹੋਇਆ। ਉਨ੍ਹਾਂ ਦੀ ਉਮਰ 85 ਸਾਲ ਤੋਂ ਵੱਧ ਸੀ।

ਬੱਬਰ ਖਾਲਸਾ ਜਥੇਬੰਦੀ ਨਾਲ ਜੁੜੇ ਮਹਿਲ ਸਿੰਘ 'ਤੇ ਭਾਰਤ ਵਿੱਚ ਅੰਮ੍ਰਿਤਸਰ, ਫਰੀਦਕੋਟ ਸਣੇ ਹੋਰ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵਾਰਦਾਤਾਂ ਨਾਲ ਜੁੜੇ ਹੋਣ ਦੇ ਇਲਜ਼ਾਮ ਸਨ।

ਕੰਵਰ ਪਾਲ ਸਿੰਘ ਬਿੱਟੂ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਮਹਿਲ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਅਰਦਾਸ ਸਮਾਗਮ ਕਰਵਾਏ ਜਾਣ ਦਾ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਮਹਿਲ ਸਿੰਘ ਹਿੰਸਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਭਾਰਤੀ ਏਅਰ ਫੋਰਸ ਵਿੱਚ ਕੰਮ ਕਰਦੇ ਰਹੇ ਹਨ।

ਉਨ੍ਹਾਂ ਦਾ ਜੱਦੀ ਪਿੰਡ ਤਰਨ ਤਾਰਨ ਜ਼ਿਲ੍ਹੇ ਦੀ ਭਿਖੀਵਿੰਡ ਤਹਿਸੀਲ ਵਿੱਚ ਪੈਂਦਾ ਦੱਸੂਵਾਲ ਹੈ। ਉਹ ਤਿੰਨ ਭਰਾ ਸਨ। ਮਹਿਲ ਸਿੰਘ, ਸੁਖਦੇਵ ਸਿੰਘ ਬੱਬਰ ਦੇ ਵੱਡੇ ਭਰਾ ਸਨ।

ਸੁਖਦੇਵ ਸਿੰਘ, ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਦੇ ਕਰੀਬ 14 ਸਾਲ ਮੁਖੀ ਰਹੇ।

ਕੰਵਰ ਪਾਲ ਸਿੰਘ ਮੁਤਾਬਕ ਮਹਿਲ ਸਿੰਘ ਸਾਲ 1978 ਤੋਂ ਅਖੰਡ ਕੀਰਤਨੀ ਜਥੇ ਦੇ ਐਕਟਿਵ ਮੈਂਬਰ ਸਨ।

ਕੰਵਰ ਪਾਲ ਸਿੰਘ ਬਿੱਟੂ ਦੱਸਦੇ ਹਨ ਕਿ ਉਹ ਸਾਲ 1984 ਵਿੱਚ ਮਹਿਲ ਸਿੰਘ ਬੱਬਰ ਦੇ ਸੰਪਰਕ ਵਿੱਚ ਆਏ ਸਨ ਅਤੇ ਲੰਬਾ ਸਮਾਂ ਉਨ੍ਹਾਂ ਦੇ ਨਾਲ ਕੰਮ ਕਰਦੇ ਰਹੇ ਸਨ।

ਉਹ ਦੱਸਦੇ ਹਨ, 'ਉਹ ਸਭ ਤੋਂ ਵਡੇਰੀ ਉਮਰ ਦੇ ਸਨ ਤੇ ਉਨ੍ਹਾਂ ਨੂੰ 'ਭਾਈ ਸਾਬ੍ਹ' ਕਹਿ ਕੇ ਸੰਬੋਧਤ ਕੀਤਾ ਜਾਂਦਾ ਸੀ।'

ਉਨ੍ਹਾਂ ਦੱਸਿਆ ਕਿ ਉਹ 1986 ਦੀ ਪੰਥਕ ਕਮੇਟੀ ਦਾ ਹਿੱਸਾ ਸਨ। ਇਸ ਕਮੇਟੀ ਵਿੱਚ ਉਸ ਵੇਲੇ ਦੇ ਕਈ ਮੋਹਰੀ ਹਥਿਆਰਬੰਦ ਆਗੂ ਵੀ ਸ਼ਾਮਲ ਸਨ। ਕੰਵਰ ਪਾਲ ਦੱਸਦੇ ਹਨ ਕਿ ਮਹਿਲ ਸਿੰਘ ਸਭ ਤੋਂ ਪਹਿਲਾਂ 1984 ਵਿੱਚ ਪਾਕਿਸਤਾਨ ਗਏ ਸਨ, ਫਿਰ ਉਹ 1991 ਵਿੱਚ ਮੁੜ ਪਾਕਿਸਤਾਨ ਗਏ ਅਤੇ ਉੱਥੋਂ ਵਾਪਸ ਨਹੀਂ ਪਰਤੇ ਸਨ।

'ਮਹਿਲ ਸਿੰਘ ਦਾ ਇੱਕ ਪੁੱਤਰ ਫਰਾਂਸ ਅਤੇ ਦੂਜਾ ਪੁੱਤਰ ਅਮਰੀਕਾ ਰਹਿੰਦਾ ਹੈ, ਉਹ 2000ਵਿਆਂ ਦੀ ਸ਼ੁਰੂਆਤ ਵਿੱਚ ਫਰਾਂਸ ਰਹਿਣ ਲਈ ਗਏ ਸਨ।'

'ਭਾਰਤ ਸਰਕਾਰ ਵੱਲੋਂ ਇੰਟਰਪੋਲ ਨੂੰ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਗਈ ਸੀ, ਜਿਸ ਮਗਰੋਂ ਉਹ ਫਰਾਂਸ ਤੋਂ ਮੁੜ ਪਾਕਿਸਤਾਨ ਆ ਗਏ ਸਨ।'

ਕੰਵਰ ਪਾਲ ਸਿੰਘ ਦੱਸਦੇ ਹਨ ਕਿ 1980ਵਿਆਂ ਦੇ ਅੰਤ ਵਿੱਚ ਉਨ੍ਹਾਂ ਦੀ ਪਤਨੀ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਲੈ ਲਿਆ ਗਿਆ ਸੀ।

'ਉਨ੍ਹਾਂ ਦੀ ਪਤਨੀ ਪ੍ਰਭਾਤ ਫਾਇਨੈਂਸ ਨਾਮ ਕੰਪਨੀ ਵਿੱਚ ਕੰਮ ਕਰਦੇ ਸਨ, ਉੱਥੋਂ ਉਨ੍ਹਾਂ ਨੂੰ ਬਟਾਲਾ ਦੇ ਐੱਸਐੱਸਪੀ ਗੋਬਿੰਦ ਰਾਮ ਵੱਲੋਂ ਹਿਰਾਸਤ ਵਿੱਚ ਲੈ ਲਿਆ ਗਿਆ ਸੀ।'

ਇਸ ਮਗਰੋਂ ਉਸ ਵੇਲੇ ਦੇ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਪ੍ਰੋਫ਼ੈਸਰ ਦਰਸ਼ਨ ਸਿੰਘ ਰਾਗੀ ਵੱਲੋਂ ਇੰਟੈਰੋਗੇਸ਼ਨ ਸੈਂਟਰ ਦੇ ਬਾਹਰ ਧਰਨਾ ਲਾਇਆ ਗਿਆ ਸੀ ਅਤੇ ਫਿਰ ਮਹਿਲ ਸਿੰਘ ਪਤਨੀ ਦੀ ਰਿਹਾਈ ਹੋਈ ਸੀ।

ਸਾਊਥ ਏਸ਼ੀਆ ਟੈਰਰਿਜ਼ਮ ਪੋਰਟਲ ਦੇ ਮੁਤਾਬਕ ਬੀਕੇਆਈ ਦਾ ਪਿਛੋਕੜ ਸਾਲ 1920 ਦੀ ਬੱਬਰ ਅਕਾਲੀ ਮੂਵਮੈਂਟ ਨਾਲ ਜੁੜਿਆ ਹੋਇਆ ਹੈ। ਇਸ ਨੇ ਇਹ ਰੂਪ ਸਾਲ 1978 ਦੀ ਵਿਸਾਖੀ ਮੌਕੇ ਅਖੰਡ ਕੀਰਤਨੀ ਜਥੇ ਅਤੇ ਨਿਰੰਕਾਰੀਆਂ ਵਿਚਕਾਰ ਹੋਏ ਤਣਾਅ ਤੋਂ ਬਾਅਦ ਲਿਆ ਮੰਨਿਆ ਜਾਂਦਾ ਹੈ।

ਐੱਸਏਟੀਪੀ ਪੋਰਟਲ ਮੁਤਾਬਕ, ਸੁਖਦੇਵ ਸਿੰਘ ਬੱਬਰ (ਮਹਿਲ ਸਿੰਘ ਦੇ ਭਰਾ) ਅਤੇ ਤਲਵਿੰਦਰ ਸਿੰਘ ਪਰਮਾਰ ਇਸ ਜਥੇਬੰਦੀ ਨੂੰ ਸ਼ੁਰੂ ਕਰਨ ਵਾਲਿਆਂ ਵਿੱਚੋਂ ਇੱਕ ਸਨ। ਇਸ ਜਥੇਬੰਦੀ ਦੇ ਮੌਜੂਦਾ ਮੁਖੀ ਵਧਾਵਾ ਸਿੰਘ ਬੱਬਰ ਫਿਲਹਾਲ ਪਾਕਿਸਤਾਨ ਵਿੱਚ ਰਹਿੰਦੇ ਮੰਨੇ ਜਾਂਦੇ ਹਨ।

ਮਹਿਲ ਸਿੰਘ ਬੱਬਰ ਦੀ ਮੌਤ ਤੋਂ ਬਾਅਦ ਬੀਕੇਆਈ ਵੱਲੋਂ ਇੱਕ ਅਧਿਕਾਰਤ ਬਿਆਨ ਵੀ ਜਾਰੀ ਕੀਤਾ ਗਿਆ। ਬੀਬੀਸੀ ਸੁਤੰਤਰ ਤੌਰ ਉੱਤੇ ਇਸ ਬਿਆਨ ਦੀ ਪੁਸ਼ਟੀ ਨਹੀਂ ਕਰ ਸਕਿਆ।

1980 ਤੇ 1990 ਦਹਾਕੇ ਦੇ ਸ਼ੁਰੂਆਤੀ ਸਾਲਾਂ ਤੱਕ ਪੰਜਾਬ ਵਿਚ ਵੱਖਰੀ ਸਿੱਖ ਸਟੇਟ ਲਈ ਹਥਿਆਰਬੰਦ ਲਹਿਰ ਚੱਲ ਰਹੀ ਸੀ।

ਬੇਅੰਤ ਸਿੰਘ ਦੀ ਸਰਕਾਰ ਦੌਰਾਨ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਇਲਜ਼ਾਮ ਲੱਗੇ ਸਨ।

ਪੰਜਾਬ ਦੇ ਕਈ ਪੁਲਿਸ ਅਧਿਕਾਰੀਆਂ ਖਿਲਾਫ਼ ਜਾਂਚ ਪੜਤਾਲਾਂ ਹੋਈਆਂ ਅਤੇ ਸਜ਼ਾਵਾਂ ਵੀ ਭੁਗਤਣੀਆਂ ਪਈਆਂ ਸਨ।

ਬੇਅੰਤ ਸਿੰਘ ਦੇ ਕਤਲ ਦਾ ਇਲਜ਼ਾਮ ਖਾਲਿਸਤਾਨੀ ਜਥੇਬੰਦੀ 'ਬੱਬਰ ਖਾਲਸਾ' 'ਤੇ ਲੱਗਿਆ ਸੀ।

ਭਾਈ ਮਹਿਲ ਸਿੰਘ ਬੱਬਰ ਜਿਹਨਾਂ ਸਿੱਖ ਕੌਮ ਉਪਰ ਹੋਏ ਘੋਰ ਅਤਿਆਚਾਰ ਖਿਲਾਫ ਲਈ ਪੂਰੀ ਜ਼ਿੰਦਗੀ ਲਗਾ ਦਿੱਤੀ ਅਤੇ ਕਦੇ ਵੀ ਪਿਛੇ ਮੁੜਕੇ ਨਹੀ ਦੇਖਿਆ ਏਅਰਫੋਰਸ ਅਧਿਕਾਰੀ ਤੋਂ ਬੱਬਰ ਬਣਕੇ ਆਖਰੀ ਸਾਹ ਤੱਕ ਲੜਨ ਵਾਲੇ ਮਹਾਨ ਯੋਧਿਆਂ ਵਿੱਚ ਸ਼ਾਮਿਲ ਸਨ ਭਾਈ ਮਹਿਲ ਸਿੰਘ ਬੱਬਰ ਜਲਾਵਤਨੀ ਦੀ ਜ਼ਿੰਦਗੀ ਗੁਜਾਰਦੇ ਹੋਏ ਬਾਬੇ ਨਾਨਕ ਦੀ ਧਰਤੀ ਪਾਕਿਸਤਾਨ ਵਿੱਚ ਆਖਰੀ ਸਾਹ ਲਿਆ ਅਤੇ ਪੂਰੀ ਦੁਨੀਆ ਦੇ ਵੱਖ-ਵੱਖ ਗੁਰੂਘਰਾਂ ਵਿੱਚ ਉਹਨਾਂ ਨੂੰ ਸ਼ਰਧਾਜਲੀਆਂ ਦਾ ਦੌਰ ਜਾਰੀ ਹੈ।

# ਨਰਾਇਣ ਸਿੰਘ ਚੌੜਾ ਨੂੰ ਮਿਲੀ ਜ਼ਮਾਨਤ, ਸੁਖਬੀਰ ਬਾਦਲ 'ਤੇ ਕੀਤਾ ਸੀ ਹਮਲਾ

ਅੰਮ੍ਰਿਤਸਰ : ਸੀਨੀਅਰ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਨਰਾਇਣ ਸਿੰਘ ਚੌੜਾ ਨੂੰ ਸੁਖਬੀਰ ਸਿੰਘ ਬਾਦਲ ਦੇ ਉੱਤੇ ਇਰਾਦਾ ਕਤਲ ਦੇ ਕੇਸ ਦੇ ਵਿੱਚ ਨਾਮਜ਼ਦ ਕੀਤਾ ਗਿਆ ਸੀ। ਥਾਣਾ ਈ ਡਿਵੀਜ਼ਨ ਪੁਲਿਸ ਨੇ ਮਾਮਲੇ ਸਬੰਧੀ ਕੋਰਟ ਵਿੱਚ ਚਲਾਨ ਪੇਸ਼ ਕਰ ਦਿੱਤਾ ਹੈ, ਜ਼ਮਾਨਤ ਉੱਤੇ ਸੁਣਵਾਈ ਸੀ ਅਤੇ ਐਡੀਸ਼ਨਲ ਸੈਸ਼ਨ ਜੱਜ ਸੁਮਿਤ ਘਈ ਦੀ ਅਦਾਲਤ ਨੇ ਨਰਾਇਣ ਸਿੰਘ ਚੌੜਾ ਨੂੰ ਜ਼ਮਾਨਤ ਦੇ ਦਿੱਤੀ ਹੈ।

ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ ਸੁਖਬੀਰ ਸਿੰਘ ਗੋਲੀ ਕੇਸ ਵਿਚ ਭਾਈ ਨਾਰਾਇਣ ਸਿੰਘ ਚੌੜਾ ਦੀ ਜ਼ਮਾਨਤ ਦੀ ਸੁਣਵਾਈ ਕਰਦਿਆਂ ਸ੍ਰੀ ਸੁਮਿਤ ਘਈ, ਵਧੀਕ ਸੈਸ਼ਨਜ਼ ਜੱਜ, ਸ੍ਰੀ ਅੰਮ੍ਰਿਤਸਰ ਨੇ ਸਫ਼ਾਈ ਪੱਖ ਦੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ, ਐਡਵੋਕੇਟ ਜਗਦੀਪ ਸਿੰਘ ਤੇ ਐਡਵੋਕੇਟ ਬਲਜਿੰਦਰ ਸਿੰਘ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਭਾਈ ਨਾਰਾਇਣ ਸਿੰਘ ਦੀ ਜ਼ਮਾਨਤ ਮਨਜ਼ੂਰ ਕਰ ਲਈ। ਭਾਈ ਚੌੜਾ ਇਸ ਸਮੇਂ ਰੋਪੜ ਜੇਲ੍ਹ ਵਿਚ ਨਜ਼ਰਬੰਦ ਹਨ।

ਐਡਵੋਕੇਟ ਨੇ ਜਾਣਕਾਰੀ ਦਿੱਤੀ ਕਿ ਜਸਟਿਸ ਸੁਮਿਤ ਘਈ ਵੱਲੋਂ ਜਮਾਨਤ ਦੀ ਅਰਜੀ ਮਨਜ਼ੂਰ ਕਰ ਲਈ ਗਈ ਹੈ। ਉਹਨਾਂ ਦੱਸਿਆ ਕਿ ਨਰਾਇਣ ਸਿੰਘ ਚੌੜਾ ਸੀਨੀਅਰ ਸਿਟੀਜ਼ਨ ਹਨ ਤੇ ਉਹਨਾਂ ਦੀ ਉਮਰ 70 ਸਾਲ ਦੇ ਕਰੀਬ ਹੈ। ਪਿਛਲੇ ਚਾਰ ਮਹੀਨੇ ਤੋਂ ਉਹ ਕਸਟਡੀ ਵਿੱਚ ਹਨ, ਜਿਸ ਦੇ ਚਲਦੇ ਅਡੀਸ਼ਨਲ ਸੈਸ਼ਨ ਜੱਜ ਸੁਮਿਤ ਘਈ ਵੱਲੋਂ ਉਹਨਾਂ ਦੀ ਜ਼ਮਾਨਤ ਮਨਜ਼ੂਰ ਕਰ ਲਈ ਗਈ।

ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਵਿੱਚ ਇਹ ਮਾਮਲਾ ਚੱਲ ਰਿਹਾ ਹੈ ਜਦੋਂ ਕਿ ਰੋਪੜ ਜੇਲ੍ਹ ਦੇ ਵਿੱਚ ਨਰਾਇਣ ਚੌੜਾ ਨੂੰ ਰੱਖਿਆ ਗਿਆ ਹੈ ਕਿਉਂਕਿ ਅੰਮ੍ਰਿਤਸਰ ਜੇਲ੍ਹ ਦੇ ਵਿੱਚ ਉਨ੍ਹਾਂ ਉੱਤੇ ਹਮਲਾ ਵੀ ਹੋਇਆ ਸੀ। ਉਨ੍ਹਾਂ ਕਿਹਾ ਕਿ ਵਿਰੋਧੀ ਪੱਖ ਦੇ ਵਕੀਲਾਂ ਵੱਲੋਂ ਅਦਾਲਤ ਦੇ ਵਿੱਚ ਇਹ ਦਲੀਲ ਦਿੱਤੀ ਗਈ ਕਿ ਨਰਾਇਣ ਚੌੜਾ ਉੱਤੇ ਪਹਿਲਾਂ 28 ਮਾਮਲੇ ਦਰਜ ਹਨ ਪਰ ਅਸੀਂ ਅਦਾਲਤ ਨੂੰ ਦਿਖਾਇਆ ਕਿ ਸਾਰੇ ਹੀ 28 ਮਾਮਲਿਆਂ ਦੇ ਵਿੱਚ ਨਰਾਇਣ ਸਿੰਘ ਚੌੜਾ ਬਰੀ ਹੋ ਚੁੱਕੇ ਹਨ, ਜਿਸ ਕਰਕੇ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਇੱਕ ਲੱਖ ਰੁਪਏ ਦੇ ਮੁਚਲਕੇ ਦੇ ਨਾਲ ਮਨਜ਼ੂਰ ਕਰ ਲਈ ਗਈ ਹੈ।

ਵਕੀਲ ਜਸਪਾਲ ਸਿੰਘ ਨੇ ਦੱਸਿਆ ਕਿ ਹਾਲੇ ਤੱਕ ਨਰਾਇਣ ਚੌੜਾ ਦੇ ਇਸ ਮਾਮਲੇ ਦੇ ਵਿੱਚ ਬਿਆਨ ਵੀ ਨਹੀਂ ਲਏ ਗਏ। ਇੰਨਾ ਹੀ ਨਹੀਂ ਮੀਡੀਆ ਦੇ ਵਿੱਚ ਜਾਂ ਫਿਰ ਕਿਤੇ ਵੀ ਸੁਖਬੀਰ ਸਿੰਘ ਬਾਦਲ ਵੱਲੋਂ ਵੀ ਆਪਣੇ ਉੱਤੇ ਹੋਏ ਹਮਲੇ ਸਬੰਧੀ ਨਾ ਹੀ ਕੋਈ ਬਿਆਨ ਲਿਖਵਾਏ ਗਏ ਹਨ ਅਤੇ ਨਾ ਹੀ ਮੀਡੀਆ ਦੇ ਵਿੱਚ ਕੋਈ ਬਿਆਨ ਸਾਂਝਾ ਕੀਤਾ ਗਿਆ ਹੈ ਜਿਸ ਕਰਕੇ ਜਿੰਨੇ ਵੀ ਸਬੂਤ ਹਨ, ਉਨ੍ਹਾਂ ਦੀ ਫਰੈਂਸਿਕ ਜਾਂਚ ਹੋਣੀ ਹੈ। ਵਕੀਲ ਨੇ ਕਿਹਾ ਕਿ ਐੱਸਜੀਪੀਸੀ



ਵੱਲੋਂ ਜੋ ਵੀਡੀਓ ਦਿੱਤੀ ਗਈ ਹੈ ਉਸ ਵਿੱਚ ਵੀ ਛੇੜਛਾੜ ਦਾ ਸਾਨੂੰ ਖਦਸ਼ਾ ਲੱਗ ਰਿਹਾ ਹੈ ਜਿਸ ਦੇ ਚੱਲਦਿਆਂ ਵੀਡੀਓ ਦੀ ਫਰੈਂਸਿਕ ਜਾਂਚ ਹੋਵੇਗੀ। ਇੰਨਾ ਹੀ ਨਹੀਂ ਜਿਹੜੀ ਪਿਸਤੌਲ ਦੇ ਨਾਲ ਫਾਇਰ ਕੀਤਾ ਗਿਆ ਸੀ ਉਸ ਦੀ ਵੀ ਜਾਂਚ ਕੀਤੀ ਜਾਵੇਗੀ। ਹਵਾਈ ਫਾਇਰ ਕਰਨ ਨੂੰ 307 ਪੁਰਾਣੀ ਧਾਰਾ ਦੇ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਵੇਲਾਂ ਅਦਾਲਤਾਂ ਵਿਚ ਆਮ ਹੀ ਮਿਲ ਜਾਂਦੀਆਂ ਹਨ। ਅਦਾਲਤ ਵਿਚ ਜਿਹੜੇ ਪੁਲਿਸ ਵਾਲੇ ਆਏ ਸੀ ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਤੱਕ ਕਈ ਵਾਰ ਪਹੁੰਚ ਕੀਤੀ ਗਈ ਪਰ ਉਨ੍ਹਾਂ ਦੇ ਪਰਿਵਾਰਕ ਰੁਝੇਵਿਆਂ ਕਾਰਨ ਬਿਆਨ ਨਹੀਂ ਦਰਜ ਹੋਇਆ। ਉਨ੍ਹਾਂ ਕਿਹਾ ਕਿ ਇਸ ਕੇਸ ਵਿਚ ਇਹ ਵੀ ਸਾਹਮਣੇ ਨਹੀਂ ਆਇਆ ਕਿ ਮੈਨੂੰ ਮਾਰਨ ਵਾਸਤੇ ਗੋਲੀ ਚੱਲੀ ਸੀ। ਉਨ੍ਹਾਂ ਕਿ ਜਿਹੜੀ ਸੀਸੀਟੀਵੀ ਫੁਟੇਜ ਹੈ ਪਹਿਲਾਂ ਤਾਂ ਐਸਜੀਪੀਸੀ ਦਿੰਦੀ ਹੀ ਨਹੀਂ ਸੀ ਤੇ ਬਾਅਦ ਵਿਚ ਦਿੱਤੀ। ਅਸਲ ਵਿਚ ਚਲਾਨ ਦੇ ਵਿਚ ਲਿਖਿਆ ਹੈ ਕਿ ਵੀਡੀਓ ਫਰੈਂਸਿਕ ਜਾਂਚ ਲਈ ਭੇਜੀ ਹੋਈ ਹੈ। ਸਾਨੂੰ ਆਫੀਸ਼ਲੀ ਉਹ ਕਾਪੀ ਨਹੀਂ ਮਿਲੀ ਜਿਹੜੀ ਕੋਰਟ ਨੂੰ ਦਿੱਤੀ ਗਈ ਹੈ। ਕਿਉਂਕਿ ਉਹ ਭੇਜਣੀ ਜ਼ਰੂਰੀ ਸੀ। ਉਨ੍ਹਾਂ ਕਿਹਾ ਕਿ ਜਦੋਂ ਐਸਜੀਪੀਸੀ ਦੇ ਪ੍ਰਧਾਨ ਨੂੰ ਮਿਲਣ ਦੀ ਗੱਲ ਆਈ ਤਾਂ ਉਨ੍ਹਾਂ ਨੇ ਉਹ ਹਿੱਸਾ ਕੱਟ ਕੇ ਪੇਸ਼ ਕੀਤਾ। ਅਦਾਲਤ ਵਿਚ ਕੋਈ ਵੀ ਸੀਸੀਟੀਵ ਫੁਟੇਜ ਪੇਸ਼ ਨਹੀਂ ਹੋਈ।

ਉਨ੍ਹਾਂ ਕਿਹਾ ਕਿ ਜਦੋਂ ਅਦਾਲਤ ਵਿਚ ਸੁਖਬੀਰ ਸਿੰਘ ਬਾਦਲ ਦੀ ਗਵਾਹੀ ਹੋਵੇਗੀ ਜੋ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖਤ ਸਾਹਿਬ 'ਤੇ ਮੰਨਿਆ ਉਸ ਬਾਰੇ ਪੁੱਛਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੇ ਜਿਹੜੇ ਵਕੀਲ ਹਨ ਉਨ੍ਹਾਂ ਨੇ ਵੀ ਕਿਹਾ ਹੋਵੇਗਾ ਕਿ ਜੋ ਅਕਾਲ ਤਖਤ ਸਾਹਿਬ 'ਤੇ ਮੰਨਿਆ ਹੈ ਉਹ ਤਾਂ ਤੁਹਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਪਰ ਜੇਕਰ ਉਹ ਇਸ ਤੋਂ ਮੁਕਰ ਜਾਂਦੇ ਹਨ ਤਾਂ ਅਸੀਂ ਜ਼ਰੂਰ ਸਵਾਲ ਕਰਾਂਗੇ ਕਿ ਇਹ ਤੁਸੀਂ ਮੰਨ ਚੁੱਕੇ ਹੋ। ਉਨ੍ਹਾਂ ਕਿਹਾ ਕਿ ਇਕ ਚੈਨਲ 'ਤੇ ਅਕਾਲੀ ਦਲ ਦਾ ਕੋਈ ਵਕੀਲ ਬੋਲ ਰਿਹਾ ਜਿਹੜੇ ਸੁਮੇਧ ਸੈਣੀ ਦਾ ਵੀ ਵਕੀਲ ਹੈ ਉਹ ਭਾਈ ਨਾਰਾਇਣ ਸਿੰਘ ਚੌੜਾ ਦੇ ਬਾਰੇ ਬੜੀ ਹੀ ਘਟੀਆ ਸ਼ਬਦਾਵਲੀ ਵਰਤ ਰਿਹਾ ਸੀ। ਮੈਂ ਉਸ ਨੂੰ ਕਾਨੂੰਨੀ ਰਾਏ ਦੇਣਾ ਚਾਹੁੰਦੇ ਹਾਂ ਕਿ ਮੇਰੇ ਵੀਰ ਤੂੰ ਵਕੀਲ ਹੈਂ ਸਮਝ ਜੋ ਤੂੰ ਬੋਲ ਰਿਹਾ ਹੈਂ ਉਹ ਤੈਨੂੰ ਭਾਰੀ ਪੈ ਸਕਦਾ ਹੈ। ਉਹ ਸਿੱਧੇ ਤੇ ਅਸਿੱਧੇ ਤੌਰ 'ਤੇ ਧਮਕੀਆਂ ਦੇ ਰਿਹਾ ਹੈ। ਕਲੇਰ ਨਾਂ ਦਾ ਕੋਈ ਵਕੀਲ ਹੈ ਉਹ ਕਹਿੰਦਾ ਅਸੀਂ ਛੱਡਾਂਗੇ ਨਹੀਂ ਭਾਈ ਨਰਾਇਣ ਸਿੰਘ ਚੌੜੇ ਨੂੰ। ਸੋ ਇਹ ਸਿੱਧੀਆਂ ਧਮਕੀਆਂ ਜਿਹੜੀਆਂ ਤੁਸੀਂ ਦੇ ਰਹੇ ਗਵਾਚੀ ਗਾਂ ਵਾਂਗੂੰ ਤੁਹਾਡਾ ਅਕਾਲੀ ਦਲ ਸਮੇਤ ਸਾਰੇ ਬਾਦਲ ਪਰਿਵਾਰ ਤੁਸੀਂ ਸੁਮੇਧ ਸੈਣੀ ਦੇ ਚਾਟੜੇ ਰਹੇ ਹੋ ਇਹੋ ਜਿਹੀਆਂ ਧਮਕੀਆਂ ਤੁਹਾਨੂੰ ਸੋਭਾ ਨਹੀਂ ਦਿੰਦੀਆਂ। ਭਾਈ ਨਰਾਇਣ ਸਿੰਘ ਚੌੜਾ ਨੂੰ ਅਜੇ ਕੋਈ ਸਜ਼ਾ ਨਹੀਂ ਹੋਈ ਜਿਸ ਦਾ ਤੁਸੀਂ ਇਲਜਾਮ ਲਗਾਉਂਦੇ ਹੋ। ਉਨ੍ਹਾਂ ਕਿਹਾ ਕਿ ਤੁਸੀਂ ਤਰੀਕਾਂ ਭੁਗਤਦੇ ਰਹੋਗੇ। ਉਨ੍ਹਾਂ ਕਿਹਾ ਕਿ ਤੁਸੀਂ ਅਦਾਲਤ ਦੇ ਫੈਸਲੇ ਦਾ ਸਵਾਗਤ ਕਰੋ। ਉਨ੍ਹਾਂ ਕਿਹਾ ਕਿ ਚੈਲੰਜ ਕਰਨਾ ਕਰੋ ਇਹ ਤਾਂ ਕਾਨੂੰਨੀ ਲੜਾਈ ਹੈ। ਸਿੱਧੇ ਆਉਣ ਦੀਆਂ ਧਮਕੀਆਂ ਨਾ ਦੇਵੋ। ਜੇਕਰ ਸਿੱਧੇ ਆਉਣਾ ਹੈ ਤਾਂ ਆ ਜਾਓ। ਉਨ੍ਹਾਂ ਕਿਹਾ ਕਿ ਜਿਵੇਂ ਸ਼੍ਰੋਮਣੀ ਅਕਾਲੀ ਦਲ ਦੇ ਵਕੀਲਾਂ ਨੂੰ ਤਾੜਨਾ ਕੀਤੀ ਕਿ ਤੁਸੀਂ ਪੁਲਿਸ 'ਤੇ ਇਲਜ਼ਾਮ ਲਗਾਉਣ ਦੀ ਬਜਾਏ ਆਪ ਬਿਆਨ ਦਰਜ ਕਰਵਾਓ। ਪੁਲਿਸ ਨੇ ਕੋਰਟ ਵਿਚ ਕਿਹਾ ਕਿ ਅਸੀਂ ਬਹੁਤ ਵਾਰ ਸੁਖਬੀਰ ਬਾਦਲ ਕੋਲ ਪਹੁੰਚ ਕੀਤੀ ਪਰ ਬਾਦਲ ਆਪਣੇ ਨਿੱਜੀ ਰੁਝੇਵਿਆਂ ਕਾਰਨ ਅਦਾਲਤ ਵਿਚ ਨਹੀਂ ਆ ਰਹੇ।

# ਹਿੰਦੂ ਧਰਮ ਬਨਾਮ ਗਊ ਮਾਤਾ

## ਜੋ ਇੱਕ ਮਨੁੱਖ ਦੇ ਨਾਮ ਤੋਂ ਜਾਨਵਰ ਤੇ ਤਬਦੀਲ ਕੀਤਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਗੋਮਾਤਾ ਮਾਗੀ ਪੁਜਾਰੀ ਬ੍ਰਾਹਮਣ ਦੇ ਵੰਸ਼ਜ :** ਦੂਜੇ ਪਾਸੇ, ਗੋਮਾਤਾ ਮਾਗੀ ਪੁਜਾਰੀ ਦੇ ਵੰਸ਼ਜਾਂ ਨੇ ਆਪਣੇ ਆਪ ਨੂੰ ਭਾਰਤ ਵਿੱਚ ਇੱਕ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਸਮੂਹ ਵਜੋਂ ਸਥਾਪਿਤ ਕੀਤਾ ਹੋਇਆ ਹੈ। ਉਹ ਮੁੱਖ ਤੌਰ 'ਤੇ ਭਾਰਤ ਦੇ ਦੱਖਣੀ ਅਤੇ ਪੂਰਬੀ ਹਿੱਸਿਆਂ ਵਿੱਚ ਪਾਏ ਜਾਂਦੇ ਹਨ, ਜਿੱਥੇ ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਪ੍ਰਮੁੱਖ ਸਮੂਹ ਵਜੋਂ ਸਥਾਪਿਤ ਕੀਤਾ ਹੋਇਆ ਹੈ ।

ਗੋਮਾਤਾ ਮਾਗੀ ਪੁਜਾਰੀ ਦੇ ਵੰਸ਼ਜਾਂ ਨੇ ਕਸ਼ਤਰੀਯ, ਜਾਟਾਂ, ਰਾਜਪੂਤਾ, ਕੰਬੋਜਾਂ ਕਬੀਲਿਆਂ ਨੂੰ ਮਨੂਸਿਮਰਤੀ ਅਧਿਆਇ 10 ਸ਼ਲੋਕ ਨੰਬਰ 43 ਵਿੱਚ ਕਸ਼ਤਰੀਯ ਤੋ ਸ਼ੂਦਰ ਘੋਸ਼ਿਤ ਕੀਤਾ ਹੋਇਆ ਹੈ, ਜਿਸ ਕਾਰਨ ਇਹਨਾਂ ਦੋਵਾਂ ਸਮੂਹਾਂ ਵਿੱਚ ਤਣਾਅ ਅਤੇ ਟਕਰਾਅ ਹੈ। ਗੋਮਾਤਾ ਮਾਗੀ ਪੁਜਾਰੀ ਬ੍ਰਾਹਮਣ ਦੇ ਵੰਸ਼ਜ ਕਸ਼ਤਰੀਯ, ਜਾਟਾਂ, ਰਾਜਪੂਤਾਂ ਅਤੇ ਕੰਬੋਜਾਂ ਨੂੰ ਘਟੀਆ ਅਤੇ ਅਪਵਿੱਤਰ ਮੰਨਦੇ ਹਨ ਅਤੇ ਸਮਾਜਿਕ ਦਰਜਾਬੰਦੀ ਦੀ ਇੱਕ ਪ੍ਰਣਾਲੀ ਸਥਾਪਤ ਕੀਤੀ ਹੈ ਜੋ ਆਪਣੇ ਆਪ ਨੂੰ ਸਿਖਰ 'ਤੇ ਰੱਖਦੀ ਹੈ ਅਤੇ ਕਸ਼ਤਰੀਯ, ਜੱਟ, ਰਾਜਪੂਤਾਂ ਅਤੇ ਕੰਬੋਜਾਂ ਨੂੰ ਹੇਠਾਂ।

**ਸਮਾਜਿਕ ਦਰਜਾਬੰਦੀ :** ਗੋਮਾਤਾ ਮਾਗੀ ਪੁਜਾਰੀ ਬ੍ਰਾਹਮਣ ਦੇ ਵੰਸ਼ਜਾਂ ਦੁਆਰਾ ਸਥਾਪਤ ਸਮਾਜਿਕ ਦਰਜਾਬੰਦੀ ਵਰਣ ਦੀ ਧਾਰਨਾ 'ਤੇ ਅਧਾਰਤ ਹੈ, ਜੋ ਸਮਾਜ ਨੂੰ ਚਾਰ ਮੁੱਖ ਸਮੂਹਾਂ ਵਿੱਚ ਵੰਡਦੀ ਹੈ: ਬ੍ਰਾਹਮਣ, ਕਸ਼ਤਰੀਯ, ਵੈਸ਼ ਅਤੇ ਸ਼ੂਦਰ ਬ੍ਰਾਹਮਣ ਸਭ ਤੋਂ ਉੱਚਾ ਸਮੂਹ ਹਨ, ਅਤੇ ਉਹਨਾਂ ਨੂੰ ਸਭ ਤੋਂ ਸ਼ੁੱਧ ਅਤੇ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਹੈ, ਕਸ਼ਤਰੀਯ ਦੂਜਾ ਸਭ ਤੋਂ ਉੱਚਾ ਸਮੂਹ ਹਨ, ਅਤੇ ਉਹਨਾਂ ਨੂੰ ਯੋਧਾ ਅਤੇ ਸ਼ਾਸਕ ਮੰਨਿਆ ਜਾਂਦਾ ਹੈ, ਵੈਸ਼ ਤੀਜਾ ਸਭ ਤੋਂ ਉੱਚਾ ਸਮੂਹ ਹੈ, ਅਤੇ ਉਹਨਾਂ ਨੂੰ ਦੁਕਾਨਦਾਰ ਅਤੇ ਵਪਾਰੀ ਮੰਨਿਆ ਜਾਂਦਾ ਹੈ, ਸ਼ੂਦਰ ਸਭ ਤੋਂ ਹੇਠਲਾ ਸਮੂਹ ਹਨ, ਅਤੇ ਉਹਨਾਂ ਨੂੰ ਨੌਕਰ ਅਤੇ ਮਜ਼ਦੂਰ ਮੰਨਿਆ ਜਾਂਦਾ ਹੈ।

ਗੋਮਾਤਾ ਮਾਗੀ ਪੁਜਾਰੀ ਬ੍ਰਾਹਮਣ ਦੇ ਵੰਸ਼ਜਾਂ ਨੇ ਕਸ਼ਤਰੀਯ, ਜਾਟ, ਰਾਜਪੂਤ ਅਤੇ ਕੰਬੋਜ ਨੂੰ ਸ਼ੂਦਰ ਘੋਸ਼ਿਤ ਕੀਤਾ ਹੈ, ਜਿਸ ਕਾਰਨ ਦੋਵਾਂ ਸਮੂਹਾਂ ਵਿੱਚ ਤਣਾਅ ਅਤੇ ਟਕਰਾਅ ਹੋਇਆ ਹੈ, ਕਸ਼ਤਰੀਯ, ਜਾਟ, ਰਾਜਪੂਤ ਅਤੇ ਕੰਬੋਜ ਆਪਣੇ ਆਪ ਨੂੰ ਉੱਚ ਸਮਾਜਿਕ ਰੁਤਬੇ ਵਾਲੇ ਮੰਨਦੇ ਹਨ ਅਤੇ ਗੋਮਾਤਾ ਮਾਗੀ ਪੁਜਾਰੀ ਦੇ ਵੰਸ਼ਜਾਂ ਦੁਆਰਾ ਸ਼ੂਦਰ ਅਤੇ ਅਛੂਤ ਘੋਸ਼ਿਤ ਕੀਤੇ ਜਾਣ ਤੋਂ ਨਾਰਾਜ਼ ਹਨ।

**ਆਧੁਨਿਕ-ਦਿਨ ਦੇ ਨਤੀਜੇ :** ਗੋਮਾਤਾ ਮਾਗੀ ਪੁਜਾਰੀ ਬ੍ਰਾਹਮਣ ਦੇ ਵੰਸ਼ਜਾਂ ਅਤੇ ਕਸ਼ਤਰੀਯ, ਜਾਟਾਂ, ਰਾਜਪੂਤਾਂ ਅਤੇ ਕੰਬੋਜਾ ਵਿਚਕਾਰ ਤਣਾਅ ਅਤੇ ਟਕਰਾਅ ਦੇ ਆਧੁਨਿਕ ਭਾਰਤ ਵਿੱਚ ਮਹੱਤਵਪੂਰਨ ਨਤੀਜੇ ਨਿਕਲੇ ਹਨ,ਦੋਵੇਂ ਸਮੂਹ ਸਮਾਜਿਕ ਰੁਤਬੇ, ਸ਼ਕਤੀ ਅਤੇ ਪ੍ਰਭਾਵ ਦੇ ਮੁੱਦਿਆਂ ਨੂੰ ਲੈ ਕੇ ਵਾਰ-ਵਾਰ ਟਕਰਾਅ ਕਰਦੇ ਰਹਿੰਦੇ ਹਨ, ਅਤੇ ਟਕਰਾਅ ਅਕਸਰ ਹਿੰਸਕ ਹੋ ਜਾਂਦੇ ਹਨ।



ਭਾਈ ਸੁਖਵਿੰਦਰ ਸਿੰਘ ਨਾਰੋਕੇ
ਹਜ਼ੂਰੀ ਰਾਗੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ।

ਗੋਮਾਤਾ ਮਾਗੀ ਪੁਜਾਰੀ ਬ੍ਰਾਹਮਣ ਦੇ ਵੰਸ਼ਜਾਂ ਨੇ ਜੋਕਿ ਆਪਣੀ ਤੇਜ਼ ਬੁੱਧੀ ਸਦਕਾ ਇਸ ਸਮੇਂ ਭਾਰਤ ਦੀ ਸੱਤਾ ਉੱਤੇ ਕਾਬਜ਼ ਹੋ ਚੁੱਕੇ ਹਨ ਕਸ਼ਤਰੀਯ, ਜਾਟਾਂ, ਰਾਜਪੂਤਾਂ ਅਤੇ ਕੰਬੋਜੀਆਂ 'ਤੇ ਜ਼ੁਲਮ ਕਰਨ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣ ਲਈ ਆਪਣੀ ਸਰਕਾਰੀ ਤੇ ਗੈਰ ਸਰਕਾਰੀ ਸ਼ਕਤੀ ਅਤੇ ਪ੍ਰਭਾਵ ਦੀ ਸਮੇਂ ਸਮੇਂ ਤੇ ਦੁਰਵਰਤੋਂ ਕਰਦੇ ਹਨ, ਜਿਸ ਦੀ ਤਾਜ਼ਾ ਮਿਸਾਲ ਕਿਸਾਨ ਮਜ਼ਦੂਰ ਮੋਰਚਾ ਦਿਲੀ ਸੀ ਜਿਸ ਵਿੱਚ ਕਈ ਬੇਗੁਨਾਹ ਲੋਕ ਮਾਰੇ ਗਏ। ਭਾਰਤ ਦਾ ਅਸਲੀ ਛੁਪਿਆ ਇਤਿਹਾਸ ਜੋ ਹੁਣ ਤਕ ਭਾਰਤ ਦੇ ਲੋਕਾਂ ਕੋਲੋਂ ਲੁਕਾਕੇ ਰੱਖਿਆ ਗਿਆ ਸੀ ਅੱਜ ਅਸੀਂ ਉਹ ਇਤਿਹਾਸ ਸਾਰੀ ਦੁਨੀਆਂ ਦੇ ਸਾਹਮਣੇ ਲੈ ਆਉਂਦਾ ਹੈ ਜਿਸ ਰਾਹੀਂ ਭਾਰਤ ਅਤੇ ਪੰਜਾਬ ਦੇ ਲੋਕਾਂ ਨੂੰ ਉਹਨਾਂ ਦੇ ਬਹੁਤ ਇਤਿਹਾਸਕ ਸਵਾਲਾਂ ਦੇ ਉਤਰ ਮਿਲ ਜਾਣਗੇ ਰਿਗਵੇਦ ਤੇ ਨਾਲ ਹੀ ਬ੍ਰਾਹਮਣ ਬਾਰੇ ਸਬੂਤ ਤੱਥਾਂ ਤੇ ਅਧਾਰਿਤ ਜਾਣਕਾਰੀ ਵੀ ਮਿਲ ਜਾਵੇਗੀ ਤੇ ਸਿੱਖ ਕੌਮ ਤੇ ਭਾਰਤ ਦੇ ਲੋਕ ਅਸਲੀ ਦੁਸ਼ਮਣ ਬ੍ਰਾਹਮਣਵਾਦ ਤੇ ਮਨੂਵਾਦ ਬਾਰੇ ਉਹ ਕੁਝ ਜਾਣ ਲੈਣਗੇ ਜਿਸ ਬਾਰੇ ਹਾਲੇ ਤੱਕ ਕਿਸੇ ਨੇ ਉਹਨਾਂ ਨੂੰ ਦੱਸੀਆਂ ਨਹੀਂ ਸੀ ਤੇ ਹੁਣ ਸਿੱਖ ਤੇ ਭਾਰਤ ਦੇ ਲੋਕ ਦੋਸਤ ਤੇ ਦੁਸ਼ਮਣ ਦੀ ਪਹਿਚਾਣ ਕਰਦੇ ਹੋਏ ਆਪਣੀ ਲੜਾਈ ਨੂੰ ਲੜਨ ਲਈ ਇਸ ਚਲਾਕ, ਜਾਲਸਾਜ ਦੇ ਕਾਰਨਾਮੇ ਪੜਕੇ ਹੋਰ ਚੌਕਸ ਹੋਕੇ ਅਪਨੀ ਲੜਾਈ ਲੜਨ ਲਈ ਹੋਰ ਤੇਜ਼ੀ ਨਾਲ ਅੱਗੇ ਵਧਣਗੇ ਧੰਨਵਾਦ। (**ਸਮਾਪਤ**)

Gadinashin Sarabjit Singh Descendant King of the World Kuras Kambujiyah Cyrus the Great



# ਪੰਜਾਬੀਓ ਅਸੀਂ ਵਿਆਹਾਂ ਵਿੱਚ ਨਿਆਣਿਆਂ ਤੋਂ ਆਹ ਕੰਮ ਵੀ ਕਰਾਉਣ ਲੱਗ ਪਏ

ਵਿਆਹ ਤਿੰਨ ਸ਼ਬਦਾਂ ਦਾ ਇੱਕ ਸ਼ਬਦ ਹੀ ਨਹੀਂ, ਵਿਆਹ ਦੋ ਰੂਹਾਂ ਦਾ ਪਵਿੱਤਰ ਮੇਲ- ਜੋਲ, ਦੋ ਪਰਿਵਾਰਾਂ ਦਾ ਆਪਸ ਵਿੱਚ ਜੁੜਨਾ ਇਸ ਤੋਂ ਇਲਾਵਾ ਅਨੇਕਾਂ ਰਿਸ਼ਤੇਦਾਰ ਮਿੱਤਰ ਦਾ ਇਸ ਵਿਆਹ ਵਿੱਚ ਸ਼ਾਮਿਲ ਹੋ ਕੇ ਖੁਸ਼ੀਆਂ ਮਨਾਉਣ ਦਾ ਇੱਕ ਵਿਸ਼ੇਸ਼ ਸ਼ਗਨਾਂ ਦਾ ਸੁਨੇਹਾ ਹੈ। ਜਦੋਂ ਵੀ ਵਿਆਹ ਸ਼ਬਦ ਸਾਡੇ ਅੱਗੇ ਆਉਂਦਾ ਹੈ ਤਾਂ ਹਰ ਇੱਕ ਦੇ ਆਪਣੇ ਵਿਆਹ ਦਾ ਦ੍ਰਿਸ਼ ਸਾਹਮਣੇ ਆ ਜਾਂਦਾ ਹੈ ਵਿਆਹ ਤਾਂ ਸਮੁੱਚੀ ਦੁਨੀਆਂ ਵਿੱਚ ਹੀ ਹੁੰਦੇ ਆ ਰਹੇ ਹਨ ਪਰ ਪੰਜਾਬ ਦੇ ਵਿਆਹਾਂ ਦੇ ਸ਼ਗਨ ਵਿਆਹ ਦੀਆਂ ਰੀਤਾਂ ਰਸਮਾਂ ਤੇ ਹੋਰ ਬੜਾ ਕੁਝ ਅਲੱਗ ਹੈ।

ਪੁਰਾਤਨ ਸਮੇਂ ਦੇ ਵਿਆਹਾਂ ਵੱਲ ਦੇਖੀਏ ਤਾਂ ਕਿਹਾ ਜਾਂਦਾ ਹੈ ਕਿ ਨਾਈ ਦੇ ਹੱਥ ਹੀ ਰਿਸ਼ਤਾ ਪੱਕਾ ਕਰ ਦਿੱਤਾ ਜਾਂਦਾ ਸੀ ਕੋਈ ਵੀ ਪਰਿਵਾਰ ਕਿੰਤੂ ਪ੍ਰੰਤੂ ਨਹੀਂ ਕਰਦਾ ਸੀ। ਪੰਜਾਬ ਦੇ ਖਾੜਕੂ ਦੌਰ ਵਿੱਚ ਉਹ ਵਿਆਹ ਵੀ ਦੇਖੇ ਗਏ ਜਿਨਾਂ ਵਿੱਚ ਬਰਾਤ ਜਾਣ ਲਈ ਸਿਰਫ 11 ਬੰਦੇ ਵੀ ਨਹੀਂ ਜੁੜਦੇ ਸਨ ਨਾ ਕੋਈ ਰੇਡੀਓ ਨਾ ਕੋਈ ਡੀ ਜੇ ਸ਼ੋਰ ਸ਼ਰਾਬਾ ਵਾਜੇ ਗਾਜੇ ਕੁਛ ਵੀ ਨਹੀਂ ਸਿੱਧਾ ਜਾਣਾ ਪਹਿਲਾਂ ਆਨੰਦ ਕਾਰਜ ਫਿਰ ਚਾਹ ਪਾਣੀ ਛੱਕ ਕੇ ਚੱਲ ਮੇਰੇ ਭਾਈ ਬਹੁਤ ਸਸਤੇ ਤੇ ਸਾਦੇ ਵਿਆਹ ਸਨ। ਉਸ ਸਮੇਂ ਤੋਂ ਬਾਅਦ ਸਾਡੇ ਸਮਾਜ ਵਿੱਚ ਜਿਵੇਂ ਤਰੱਕੀ ਤਬਦੀਲੀ ਆਈ ਫਿਰ ਵਿਆਹਾਂ ਵਿੱਚ ਵੀ ਤਰੱਕੀ ਤਬਦੀਲੀ ਆਉਣੀ ਸੁਭਾਵਿਕ ਸੀ ਪਰ ਇਹ ਤਰੱਕੀ ਤੇ ਤਬਦੀਲੀ ਅਜਿਹੀ ਆ ਗਈ ਜਿਨਾਂ ਨੇ ਵਿਆਹ ਜਿਹੀਆਂ ਪਵਿੱਤਰ ਰਸਮਾਂ ਨੂੰ ਇੱਕ ਮੇਲੇ ਦਾ ਰੂਪ ਦੇ ਦਿੱਤਾ ਹੈ। ਮੌਜੂਦਾ ਸਮੇਂ ਵਿਆਹਾਂ ਦੀ ਗੱਲ ਕਰੀਏ ਤਾਂ ਕੋਈ ਵੀ ਵਿਆਹ ਪੈਲਸ ਕਲਚਰ ਤੋਂ ਬਿਨਾਂ ਨਹੀਂ ਹੁੰਦਾ ਹਾਂ ਸਾਰੇ ਇੱਕੋ ਜਿਹੇ ਤਾਂ ਨਹੀਂ ਪਰ ਫਿਰ ਵੀ ਬਹੁਤ ਲੋਕ ਅਜਿਹੇ ਹਨ ਜੋ ਸਾਦੇ ਵਿਆਹ ਕਰਦੇ ਹਨ ਤੇ ਖਰਚੇ ਪਰਚੇ ਤੋਂ ਇਲਾਵਾ ਹੋਰ ਅਨੇਕਾਂ ਗੱਲਾਂ ਤੋਂ ਬਚ ਜਾਂਦੇ ਹਨ ਜੇ ਕਹਿ ਦਈਏ ਕਿ ਵਿਆਹ ਦੋ ਪਵਿੱਤਰ ਰੂਹਾਂ ਦਾ ਮੇਲ ਅੱਜ ਮੇਲਾ ਬਣ ਗਿਆ ਹੈ ਇਹ ਕੋਈ ਗ਼ਲਤ ਨਹੀਂ ਇਸ ਗੱਲ ਦੀ ਗਵਾਹੀ ਮੈਂ ਹੀ ਨਹੀਂ ਭਰਦਾ ਵੱਡੇ ਸ਼ਹਿਰਾਂ ਤੋਂ ਲੈ ਕੇ ਕਸਬਿਆਂ ਤੋਂ ਇਲਾਵਾ ਪਿੰਡਾਂ ਦੇ ਵਿੱਚ ਖੇਤਾਂ ਵਿੱਚ ਵੱਡੇ ਵੱਡੇ ਮੈਰਿਜ ਪੈਲਸ ਫਾਰਮ ਹਾਊਸ ਅੱਜ ਦੇ ਵਿਆਹਾਂ ਦੀ



ਬਲਬੀਰ ਸਿੰਘ ਬੱਬੀ
7009107300

ਗਵਾਹੀ ਭਰਦੇ ਹਨ। ਮਹਿੰਗੇ ਤੋਂ ਮਹਿੰਗੇ ਹੋਟਲ ਬੁੱਕ ਕੀਤੇ ਜਾਂਦੇ ਹਨ ਤੇ ਉਸ ਵਿੱਚ ਫਿਰ ਜੋ ਮਹਿੰਗਾ ਖਾਣਾਂ ਪਲੇਟਾਂ ਵਿੱਚ ਮਿਲਤਾ ਹੈ ਉਹ ਸਭ ਨੂੰ ਪਤਾ ਹੀ ਹੈ ਕੀ ਭਾਅ ਬੀਤਦੀ ਹੈ। ਅਨੇਕਾਂ ਕਾਰਨ ਅਜਿਹੇ ਹਨ ਕਿ ਮਹਿੰਗੇ ਵਿਆਹਾਂ ਨੇ ਪਰਿਵਾਰ ਦੇ ਮੁਖੀ ਨੂੰ ਰੱਸਾ ਚੱਕ ਕੇ ਖੁਦਕੁਸ਼ੀ ਕਰਨ ਲਈ ਵੀ ਮਜਬੂਰ ਕਰ ਦਿੱਤਾ।

ਹੁਣ ਦੋ ਦੋ ਤਿੰਨ ਤਿੰਨ ਦਿਨ ਵਿਆਹ ਚੱਲਦੇ ਹਨ ਜਾਗੋ ਫਿਰ ਵਿਆਹ ਫਿਰ ਪਾਰਟੀਆਂ ਹੁਣ ਜਿਵੇਂ ਕਹਿ ਰਹੇ ਹਨ ਕਿ ਪੰਜਾਬ ਦੀ ਆਰਥਿਕਤਾ ਮਾੜੀ ਹੈ ਲੋਕ ਗਰੀਬ ਹਨ ਪਰ ਵਿਆਹਾਂ ਨੂੰ ਦੇਖ ਕੇ ਕੋਈ ਨਹੀਂ ਰਹਿ ਸਕਦਾ ਕਿ ਆਹ ਕੁਝ ਹੈ। ਮੈਂ ਜੋ ਮੁੱਖ ਤੌਰ ਤੇ ਗੱਲ ਕਰਨ ਜਾ ਰਿਹਾ ਹਾਂ ਉਹ ਇਹ ਹੈ ਕਿ ਪਹਿਲਾਂ ਤਾਂ ਬਰਾਤਾਂ ਵਿਆਹਾਂ ਦੇ ਵਿੱਚ ਸਗਨਾਂ ਦੇ ਨਾਲ ਜਾਂਦੀਆਂ ਸਨ ਪਰ ਅੱਜ ਬਰਾਤਾਂ ਹਮਲਾਵਰ ਬਣ ਕੇ ਪੈਲਸਾਂ ਵਿੱਚ ਜਾਂਦੀਆਂ ਹਨ। ਜਿੱਥੇ ਖਾਣ ਪੀਣ ਦੀਆਂ ਚੀਜ਼ਾਂ ਦਾ ਕੋਈ ਅੰਤ ਨਹੀਂ ਬਹੁਤਾ ਖਾਣ ਪੀਣ ਵਾਲਾ ਸਮਾਨ ਜੂਠਾ ਕਰਕੇ ਬੇਕਾਰ ਕਰਕੇ ਸੁੱਟਿਆ ਜਾਂਦਾ ਹੈ। ਹੁਣ ਜੇ ਪੈਲਸ ਵਿੱਚ ਵਿਆਹ ਹੋਵੇ ਤਾਂ ਕੋਈ ਵੱਡਾ ਗਾਇਕ ਕਲਾਕਾਰ ਜਾਂ ਵਧੀਆ ਆਰਕੈਸਟਰਾ ਗਰੁੱਪ ਕਿਉ ਨਾਂ ਹੋਵੇ ਇਸ ਬਿਨਾਂ ਤਾਂ ਸਾਡੇ ਵਿਆਹ ਹੋ ਹੀ ਨਹੀਂ ਸਕਦੇ। ਇਹ ਜੋ ਗਾਇਕ ਕਲਾਕਾਰ ਤੇ ਆਰਕੈਸਟਰਾ ਚੱਲ ਰਹੇ ਹਨ ਇਹ ਕੰਜਰਖਾਨਾ ਸਾਡੇ ਵਿਆਹਾਂ ਵਿੱਚ ਬਿਲਕੁਲ ਵੀ ਨਹੀਂ ਸ਼ੋਭਦਾ ਡਾਂਸ ਪਾਰਟੀਆਂ ਗਾਇਕ ਕਲਾਕਾਰ ਕਿਹੋ ਜਿਹੇ ਗੀਤ ਲਾਉਂਦੇ ਹਨ ਲੱਕ ਮਟਕਾਉਂਦੀਆਂ ਕੁੜੀਆਂ ਜਿਸ ਉਹ ਕੁਝ ਦਿਖਾ ਰਹੀਆਂ ਹਨ ਜੋ ਸਾਡੇ ਸਾਂਝੇ ਪਰਿਵਾਰ ਵਿਚ ਬੈਠ ਕੇ ਦੇਖਿਆ ਨਹੀਂ ਜਾ ਸਕਦਾ। ਜਿਨਾਂ ਵਿੱਚ ਮਾਤਾ ਪਿਤਾ ਭੈਣ ਭਰਾ ਮਾਮੇ ਮਾਸੀ ਚਾਚੇ ਤਾਏ ਹੋਰ ਸਭ ਹਾਜ਼ਰ ਹੁੰਦੇ ਹਨ ਤੇ ਅਸੀਂ ਬੇਸ਼ਰਮੀ ਨਾਲ ਸਭ ਨੰਗਾ ਨਾਚ ਦੇਖਦੇ ਹਾਂ ਕਿਉਂਕਿ ਜਦੋਂ ਇਹ ਸਭ ਕੁਝ ਚੱਲਦਾ ਹੈ ਤਾਂ ਫਿਰ ਉਸ ਦੇ ਨਾਲ ਗਲਾਸੀ ਵੀ ਖੜਕਦੀ ਹੈ ਤੇ ਪੈਲਸਾ ਦੇ ਵਿੱਚ ਜਿਵੇਂ ਦਾਰੂ ਚੱਲ ਰਹੀ ਹੈ ਉਹ ਕਿਸੇ ਤੋਂ ਲੁਕਿਆ ਛਿਪਿਆ ਨਹੀਂ ਪਰ ਹੁਣ ਤਾਂ ਗੱਲ ਸਿਰੇ ਹੀ ਲੱਗੀ ਪਈ ਹੈ।

ਕਿਹੜੀ ਕਿਹੜੀ ਗੱਲ ਦਾ ਜ਼ਿਕਰ ਕਰਾਂ ਕਈਆਂ ਨੂੰ ਬੁਰੀ ਬਹੁਤ ਲੱਗਣੀ ਆ ਜੋ ਤਸਵੀਰ ਇਸ ਲੇਖ ਦੇ ਨਾਲ ਹੈ ਉਹ ਆਪਣੇ ਆਪ ਸਭ ਕੁਝ ਬਿਆਨ ਕਰ ਰਹੀ ਹੈ ਵਿਆਹਾਂ ਵਿੱਚ ਡਾਂਸ ਪਾਰਟੀਆਂ ਦਾ ਕੰਜਰਖਾਨਾ ਪਾਣੀ ਵਾਂਗੂ ਚਲਦਾ ਸ਼ਰਾਬਖਾਨਾ ਤੇ ਇਸ ਵਿੱਚ ਅਸੀਂ ਖੁਦ ਤਾਂ ਡੁੱਬੇ ਸੀ ਤੇ ਹੁਣ ਵਿਆਹਾਂ ਦੇ ਵਿੱਚ ਅਸੀਂ ਆਪਣੇ ਬੱਚੇ ਵੀ ਡੋਬ ਰਹੇ ਹਾਂ ਆਹ ਸਟੇਜ ਦੇ ਉੱਪਰ ਆਰਕੈਸਟਰਾ ਗਰੁੱਪ ਦੇ ਕੋਲ ਇੱਕ ਛੋਟਾ ਬੱਚਾ ਚਾੜ ਦਿੱਤਾ ਗਿਆ ਹੈ ਤੇ ਉੱਥੇ ਹੀ ਉੱਤੇ ਬੋਤਲ ਰੱਖ ਦਿੱਤੀ ਗਈ ਤੇ ਫਿਰ ਬੱਚਾ ਆਰਕੈਸਟਰਾ ਦੀਆਂ ਡਾਂਸਰ ਲੜਕੀਆਂ ਦੇ ਕੋਲ ਦੀ ਹੁੰਦਾ ਹੋਇਆ ਬੋਤਲ ਨੂੰ ਹੱਥ ਪਾਉਂਦਾ ਹੈ ਤੇ ਅੱਗੋਂ ਇਹੋ ਜਿਹੇ ਪਰਿਵਾਰ ਵਾਲੇ ਮੂਰਖ ਹਨ ਜੋ ਵੀਡੀਓ ਬਣਾਉਣ ਲੱਗੇ ਹੋਏ ਹਨ। ਉਹ ਭਰਾਵੋ ਕੁਝ ਤਾਂ ਸ਼ਰਮ ਕਰੋ ਜੇ ਹੁਣ ਅਸੀਂ ਬੱਚਿਆਂ ਨੂੰ ਇਹ ਚੀਜ਼ਾਂ ਹੀ ਸਿਖਾਵਾਂਗੇ ਤਾਂ ਫਿਰ ਅੱਗੇ ਜਾ ਕੇ ਕੀ ਬਣਨਾ ਫਿਰ ਕਹਿੰਦੇ ਨੇ ਸਮਾਜ ਦੇ ਵਿੱਚ ਲੜਕੀਆਂ ਨਾਲ ਆਹ ਹੋ ਰਿਹਾ ਹੈ ਓਹ ਹੋ ਰਿਹਾ ਹੈ ਇਹ ਕੋਈ ਹੋਰ ਨਹੀਂ ਕਰ ਰਿਹਾ ਅਸੀਂ ਆਪਣੇ ਵਿਆਹਾਂ ਦੇ ਉੱਪਰ ਖੁਦ ਪੈਸੇ ਖਰਚ ਕਰਕੇ ਕਰ ਰਹੇ ਹਾਂ ਤੇ ਫਿਰ ਜਿਹੜੀਆਂ ਸੋਸ਼ਲ ਮੀਡੀਆ ਦੇ ਉੱਪਰ ਗਲਤ ਤੋਂ ਗਲਤ ਰੀਲਾਂ ਲੜਕੀਆਂ ਔਰਤਾਂ ਦੀਆਂ ਆ ਰਹੀਆਂ ਹਨ ਉਹ ਵੀ ਇਸੇ ਚੀਜ਼ ਨਾਲ ਜਾ ਕੇ ਜੁੜਦਾ ਹੈ। ਜਦੋਂ ਅਸੀਂ ਆਪਣੇ ਵਿਆਹਾਂ ਦੇ ਵਿੱਚ ਲੱਕ ਮਟਕਾਉਂਦੀਆਂ ਕੁੜੀਆਂ ਦੇ ਉੱਪਰ ਪੈਸੇ ਵਾਰਦੇ ਹਾਂ ਤਾਂ ਫਿਰ ਉਸੇ ਵਿਆਹ ਵਿੱਚ ਸ਼ਾਮਿਲ ਲੜਕੀਆਂ ਕਹਿੰਦੀਆਂ ਹਨ ਕਿ ਮੈਂ ਵੀ ਰੀਲ ਬਣਾ ਕੇ ਦੇਖਾਂ, ਉਹ ਬੱਸ ਭਰਾਵੋ ਬਸ ਬਹੁਤ ਹੋ ਗਿਆ।



# ਗ਼ੈਰ-ਕਾਨੂੰਨੀ ਪਰਵਾਸ, ਹੱਡੀਂ ਹੰਢਾਏ ਦਰਦ ਤੇ ਸਬਕ

ਗੁਰਪ੍ਰੀਤ ਸਿੰਘ ਤੂਰ



ਐੱਨਆਰਆਈ ਸਭਾ, ਪੰਜਾਬ ਵੱਲੋਂ ਪਰਵਾਸ ਸਬੰਧੀ ਪਿਛਲੇ ਦਿਨੀਂ ਸੈਮੀਨਾਰ ਕਰਵਾਇਆ ਗਿਆ। ਫਰਵਰੀ ਵਿੱਚ ਹੀ ਗ਼ੈਰ-ਕਾਨੂੰਨੀ ਤੌਰ ’ਤੇ ਅਮਰੀਕਾ ਗਏ ਨੌਜਵਾਨਾਂ ਨੂੰ ਡਿਪੋਰਟ ਕੀਤਾ ਗਿਆ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਪੰਜਾਬੀਆਂ ਦੀ ਹੈ। ਵਾਪਸ ਪਰਤੇ ਵਿਅਕਤੀਆਂ ਨਾਲ ਹੋਏ ਸਲੂਕ ਅਤੇ ਉਨ੍ਹਾਂ ਦੇ ਅੰਮ੍ਰਿਤਸਰ ਵਿਖੇ ਹੋਏ ਉਤਾਰੇ ਨੇ ਇਸ ਸੈਮੀਨਾਰ ਦੀ ਗੰਭੀਰਤਾ ਵਿੱਚ ਵਾਧਾ ਕੀਤਾ।

ਪੰਜਾਬੀਆਂ ਨੇ ਏਨੀ ਵੱਡੀ ਗਿਣਤੀ ਵਿੱਚ ਗ਼ੈਰ-ਕਾਨੂੰਨੀ ਤੇ ਕਾਨੂੰਨੀ ਢੰਗ ਨਾਲ ਪਰਵਾਸ ਲਈ ਵਹੀਰਾਂ ਕਿਉਂ ਘੱਤ ਲਈਆਂ ਹਨ? ਫਰਵਰੀ ਵਿੱਚ ਡਿਪੋਰਟ ਹੋਏ ਵਿਅਕਤੀਆਂ ਵਿੱਚੋਂ ਪੰਜਾਬ, ਹਰਿਆਣਾ, ਗੁਜਰਾਤ ਦੇ ਕ੍ਰਮਵਾਰ 126, 102 ਅਤੇ 76 ਵਿਅਕਤੀ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਨੌਜਵਾਨਾਂ ਦੀ ਹੈ। ਇਹ ਅੰਕੜੇ ਮੂਲ ਰੂਪ ਵਿੱਚ ਪਿਛਲੇ ਡੇਢ ਸਾਲ ਦੇ ਸਮੇਂ ਦੌਰਾਨ ਗ਼ੈਰ-ਕਾਨੂੰਨੀ ਪਰਵਾਸ ਰਾਹੀਂ ਅਮਰੀਕਾ ਪਹੁੰਚੇ ਪੂਰ ਵਿੱਚੋਂ ਹਨ। ਪੰਜਾਬੀ ਨੌਜਵਾਨਾਂ ਦੇ ਪਰਵਾਸ ਦੀ ਤੁਲਨਾ ਹਰਿਆਣਾ ਦੇ ਨੌਜਵਾਨਾਂ ਨੇ ਬਾਅਦ ਵਿੱਚ ਪਰਵਾਸ ਸ਼ੁਰੂ ਕੀਤਾ। ਗੁਜਰਾਤ ਦੀ ਆਬਾਦੀ ਪੰਜਾਬ ਪ੍ਰਾਂਤ ਨਾਲੋਂ ਕਿਤੇ ਵੱਧ ਹੈ। ਉਪਰੋਕਤ ਤੱਥ ਵੀ ਪੰਜਾਬ ਵਿੱਚੋਂ ਪਰਵਾਸ ਦੀ ਵੱਡੀ ਭਾਗੀਦਾਰੀ ਦਾ ਸੰਕੇਤ ਦਿੰਦੇ ਹਨ। ਜਦੋਂ ਅਸੀਂ ਕਾਨੂੰਨੀ ਤੌਰ ’ਤੇ ਖ਼ਾਸ ਕਰਕੇ +2 ਦੀ ਪੜ੍ਹਾਈ ਤੋਂ ਬਾਅਦ ਆਈਲੈਟਸ ਪਾਸ ਕਰਕੇ ਵੱਡੀ ਪੱਧਰ ’ਤੇ ਹੋਏ ਪਰਵਾਸ ਦੀ ਗੱਲ ਕਰਦੇ ਹਾਂ ਤਾਂ ਇਹ ਅੰਕੜੇ ਇਕੱਲੇ ਕੈਨੇਡਾ ਵਿੱਚ ਸਾਲ 2023 ਦੌਰਾਨ 4 ਲੱਖ 27 ਹਜ਼ਾਰ ਪਾਏ ਗਏ ਹਨ। ਹਰ ਹਾਲਤ ਵਿੱਚ ਇੱਥੋਂ ਚਲੇ ਜਾਣਾ, ਪੰਜਾਬ ਦੀ ਹਰਿਆਵਲ ਭਰੀ ਤੇ ਚੜ੍ਹਦੀ ਕਲਾ ਦਾ ਸੁਨੇਹਾ ਦੇਣ ਵਾਲੀ ਇਸ ਅਭਾਗੀ ਧਰਤੀ ਨਾਲ ਆਖ਼ਰ ਅਜਿਹਾ ਕੀ ਵਾਪਰਿਆ, ਇਸ ਸੈਮੀਨਾਰ ਦੀ ਸਕਰੀਨ ਤੋਂ ਪੜ੍ਹਨ ਦਾ ਯਤਨ ਕੀਤਾ ਗਿਆ ਹੈ।

ਇਸ ਦੋ ਦਿਨਾਂ ਸੈਮੀਨਾਰ ਵਿੱਚ ਅਰਥ-ਸ਼ਾਸਤਰੀਆਂ, ਸਮਾਜਿਕ ਚਿੰਤਕਾਂ, ਰਿਸਰਚ ਸਕਾਲਰਾਂ, ਮੀਡੀਆ ਕਰਮੀਆਂ ਅਤੇ ਇਸ ਵਿਸ਼ੇ ਨਾਲ ਸਬੰਧਿਤ ਪੜ੍ਹਦੇ ਦੋ ਵਿਦਿਆਰਥੀਆਂ ਨੇ ਆਪੋ ਆਪਣੇ ਪੇਪਰ ਪੇਸ਼ ਕੀਤੇ। ਇੱਕ ਸੈਸ਼ਨ ਵਿੱਚ ਵਿਦੇਸ਼ਾਂ ਵਿੱਚ ਬੈਠੇ ਨੌਂ-ਦਸ ਪਰਵਾਸੀ ਭਾਰਤੀਆਂ ਨਾਲ ਵਿਚਾਰ-ਵਟਾਂਦਰਾ ਵੀ ਹੋਇਆ। ਪ੍ਰੋ. ਜਗਮੋਹਨ ਸਿੰਘ, ਪ੍ਰੋ. ਜਗਰੂਪ ਸਿੰਘ ਸੇਖੋਂ, ਪ੍ਰੋ. ਬਾਵਾ ਸਿੰਘ ਅਤੇ ਪ੍ਰੋ. ਲਖਵਿੰਦਰ ਸਿੰਘ ਗਿੱਲ ਨੇ ਸੈਸ਼ਨ ਚੇਅਰਪਰਸਨ ਦੀਆਂ ਸੇਵਾਵਾਂ ਨਿਭਾਈਆਂ।

ਉਦਘਾਟਨੀ ਸੈਸ਼ਨ ਵਿੱਚ ਪਰਵਾਸੀ ਭਾਰਤੀ ਮੰਤਰੀ ਨੇ ਪਰਵਾਸੀ ਭਾਰਤੀਆਂ ਦੀ ਪੰਜਾਬ ਨੂੰ ਦੇਣ ਬਾਰੇ ਉਚੇਚਾ ਜ਼ਿਕਰ ਕੀਤਾ। ਉਨ੍ਹਾਂ ਕਿਹਾ, “ਪਰਵਾਸੀ ਭਾਰਤੀ ਪੰਜਾਬ ਨੂੰ ਮੁੜ ਸੁਰਜੀਤ ਕਰਨ ਦੀਆਂ ਮੁੱਲਵਾਨ ਸੰਭਾਵਨਾਵਾਂ ਰੱਖਦੇ ਹਨ।” ਸਭਾ ਦੀ ਪ੍ਰਧਾਨ ਨੇ ਡਿਪੋਰਟ ਹੋ ਕੇ ਆਏ ਵਿਅਕਤੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਪਰਵਾਸੀ ਭਾਰਤੀ ਸਭਾ ਦੇ ਪਰਿਵਾਰਕ ਮੈਂਬਰ ਹੋਣ ਦਾ ਅਹਿਦ ਕੀਤਾ। ਸੈਮੀਨਾਰ ਦੇ ਕੁੰਜੀਵਤ ਭਾਸ਼ਨ ਦੌਰਾਨ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਡਾ. ਰੌਣਕੀ ਰਾਮ ਨੇ ਪਰਵਾਸ ਦੇ ਕੈਨਵਸ ’ਤੇ ਇਸ ਖੇਤਰ ਦੀ ਖ਼ੁਸ਼ਹਾਲੀ ਤੇ ਯੋਗਦਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਨੈਪੋਲੀਅਨ ਦਾ ਜਨਰਲ ਵੀ ਇੱਥੇ ਰੁਜ਼ਗਾਰ ਲਈ ਆਇਆ ਸੀ। ਉਨ੍ਹਾਂ ਸਿੱਖ ਰਾਜ ਸਮੇਂ ਵਿਦੇਸ਼ੀ ਜਰਨੈਲਾਂ ਤੇ ਸੈਲਾਨੀਆਂ ਦਾ ਜ਼ਿਕਰ ਵੀ ਕੀਤਾ। ਅੰਗਰੇਜ਼ੀ ਹਕੂਮਤ ਤੋਂ ਲੈ ਕੇ ਅੱਜ ਤੱਕ ਉਨ੍ਹਾਂ ਨੇ ਇਸ ਖੇਤਰ ਦੀ ਰਾਜਨੀਤਿਕ-ਆਰਥਿਕ ਵਿਕਾਸ ਦੀ ਮੱਧਮ ਰਫ਼ਤਾਰ ਤੇ ਨੀਵਾਣ ਨੂੰ ਪਰਵਾਸ ਦਾ ਮੂਲ ਕਾਰਨ ਦੱਸਿਆ। ਮੰਚ ਸੰਚਾਲਨ ਦੀ ਸੇਵਾ ਡਾ. ਕੁਲਦੀਪ ਸਿੰਘ ਨੇ ਬਾਖ਼ੂਬੀ ਨਿਭਾਈ।

ਇਟਲੀ ਦੀ ਫਲੋਰੈਂਸ ਯੂਨੀਵਰਸਿਟੀ ਦੀ ਰਿਸਰਚ ਸਕਾਲਰ ਐਨੀਮੀਰੀਆ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਪੰਜਾਬ ਤੋਂ ਇਟਲੀ ਹੋ ਰਹੇ ਪਰਵਾਸ ਦੇ ਕਈ ਪੱਖ ਪੇਸ਼ ਕੀਤੇ। ਉਸ ਨੇ ਆਪਣੀ ਅਧਿਐਨ ਆਧਾਰਿਤ, ਪਰਵਾਸ ਕਰ ਰਹੀ ਔਰਤ ਦੇ ਕਿੱਤਾਮੁਖੀ ਵਿਕਾਸ ਲਈ ਵਿੱਤੀ ਸਹਾਇਤਾ, ਦੂਜੀ ਤੇ ਤੀਜੀ ਪੀੜ੍ਹੀ ਲਈ ਸੱਭਿਆਚਾਰਕ ਬਦਲਾਅ ਨੂੰ ਸਹਿਣ ਕਰਨ, ਪੰਜਾਬ ਤੋਂ ਨੌਜਵਾਨਾਂ ਦੇ ਪੱਡੀ ਪੱਧਰ ’ਤੇ ਪਰਵਾਸ ਕਰਨ ਦੇ ਫਾਇਦੇ ਤੇ ਨੁਕਸਾਨ ਦਾ ਮੁਲਾਂਕਣ ਕਰਨ, ਇਟਲੀ ਪਹੁੰਚਣ ਤੋਂ ਪਹਿਲਾਂ ਇਤਾਲਵੀ ਭਾਸ਼ਾ ਸਿੱਖਣ ਅਤੇ ਵੀਜ਼ੇ ਸਬੰਧੀ ਹਾਟ ਲਾਈਨ ਅਤੇ ਕਾਨੂੰਨੀ ਸਹਾਇਤਾ ਪ੍ਰਬੰਧਾਂ ਆਦਿ ਦੀਆਂ ਸਿਫ਼ਾਰਸ਼ਾਂ ਕੀਤੀਆਂ।

ਦੂਜੀ ਖੋਜ ਵਿਦਿਆਰਥਣ ਅਨਮੋਲ ਸਵੈਚ ਨੇ, ‘ਏਸ਼ੀਅਨ ਪਰਵਾਸੀ ਨੌਜਵਾਨਾਂ ਵਿੱਚ ਨਸ਼ਿਆਂ ਕਾਰਨ ਹੁੰਦੀਆਂ ਮੌਤਾਂ’ ਬਾਰੇ ਆਪਣੀ ਖੋਜ ਪੇਸ਼ ਕੀਤੀ। ਉਹ ਸਿਮਨ ਫਰੇਜ਼ਰ ਯੂਨੀਵਰਸਿਟੀ, ਬਰਨੇਬੇ, ਕੈਨੇਡਾ ਦੀ ਡਾਕਟਰ ਆਫ ਫ਼ਿਲਾਸਫ਼ੀ ਦੀ ਵਿਦਿਆਰਥਣ ਹੈ। ਉਸ ਨੇ ਕਾਨੂੰਨੀ ਪੱਖ ਅਤੇ ਨਸ਼ਾ ਕਰਨ ਵਾਲਿਆਂ ਦੀ ਮਦਦ ਕਰ ਰਹੀਆਂ ਸੰਸਥਾਵਾਂ ਦਾ ਵੀ ਜ਼ਿਕਰ ਕੀਤਾ। ਉਸ ਨੇ ਆਪਣੀ ਗੱਲਬਾਤ ਦਾ ਅੰਤ ਕਰਦਿਆਂ ਇਹ ਕਹਿ ਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ ਕਿ ਉਹ ਸੈਮੀਨਾਰ ਤੋਂ ਅਗਲੇ ਦਿਨ ਨਸ਼ਿਆਂ ਕਾਰਨ ਕੈਨੇਡਾ ਵਿਖੇ ਮਰ ਗਏ ਇੱਕ ਨੌਜਵਾਨ ਦੀਆਂ ਅਸਥੀਆਂ ਉਸ ਦੇ ਪਰਿਵਾਰ ਨੂੰ ਭੇਟ ਕਰਨ ਜਾ ਰਹੀ ਹੈ।

ਕੈਨੇਡਾ ਵਾਸੀ ਇੰਦਰਜੀਤ ਸਿੰਘ ਬੱਲ ਜੋ ਕਿ ਇੱਕ ਫਿਊਨਰਲ ਹਾਊਸ ਦੇ ਮੁਖੀ ਹਨ, ਨੇ ਸੈਮੀਨਾਰ ਦੇ ਇੱਕ ਸੈਸ਼ਨ ਦੀ ਪ੍ਰਤੀਨਿਧਤਾ ਕਰਦਿਆਂ ਦੱਸਿਆ ਕਿ ਹਰ ਮਹੀਨੇ ਉਹ ਤਣਾਅ ਕਾਰਨ ਨੌਜਵਾਨਾਂ ਦੀਆਂ ਹੁੰਦੀਆਂ ਮੌਤਾਂ ਦੌਰਾਨ ਔਸਤਨ 5 ਤੋਂ 7 ਲਾਸ਼ਾਂ ਪ੍ਰਤੀ ਮਹੀਨਾ ਪੰਜਾਬ ਭੇਜ ਰਹੇ ਹਨ। ਫਿਰ ਉਹ ਬਰੈਂਪਟਨ ਤੇ ਹੋਰ ਸ਼ਹਿਰਾਂ ਵਿੱਚ ਫਿਊਨਰਲ ਕੇਂਦਰਾਂ ਦੀ ਗਿਣਤੀ ਕਰਨ ਲੱਗੇ। ਸੈਮੀਨਾਰ ਦਾ ਪਹਿਲਾ ਸੈਸ਼ਨ ਸਾਬਕਾ ਆਈਏਐੱਸ ਕਾਹਨ ਸਿੰਘ ਪੰਨੂ ਨੇ ਕੋਆਰਡੀਨੇਟ ਕੀਤਾ। ਇਸ ਸੈਸ਼ਨ ਦੌਰਾਨ ਅਰਥ-ਸ਼ਾਸਤਰੀਆਂ ਡਾ. ਗਿਆਨ ਸਿੰਘ ਅਤੇ ਡਾ. ਸ਼ਾਲਿਨੀ ਸ਼ਰਮਾ ਨੇ ਅੰਕੜਿਆਂ ਆਧਾਰਿਤ ਪਰਵਾਸ ਦੀ ਸਥਿਤੀ ’ਤੇ ਪ੍ਰਭਾਵ ਨੂੰ ਵਿਸਥਾਰ ਪੂਰਵਕ ਪੇਸ਼ ਕੀਤਾ। ਇਸੇ ਸੈਸ਼ਨ ਵਿੱਚ (ਆਨਲਾਈਨ) ਚੇਅਰਮੈਨ ਅੰਤਰਰਾਸ਼ਟਰੀ ਮਾਈਗ੍ਰੇਸ਼ਨ ਸੈਂਟਰ, ਤਿਰੂਵਨੰਤਪੁਰਮ (ਕੇਰਲਾ) ਪ੍ਰੋ. ਐੱਸ ਇਰੂਰਿਆ ਰਾਜਨ ਨੇ ਪਰਵਾਸ ਦੀ ਰਜਿਸਟ੍ਰੇਸ਼ਨ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਕੇਰਲਾ ਪ੍ਰਾਂਤ ਕੋਲ ਹਰ ਵਿਦੇਸ਼ ਗਏ ਵਿਅਕਤੀ ਦੇ ਅੰਕੜੇ ਮੌਜੂਦ ਹਨ। ਪਰਵਾਸੀ ਕਿੱਥੇ ਗਿਆ, ਕਿਸ ਏਜੰਸੀ ਰਾਹੀਂ ਗਿਆ, ਸਰਕਾਰੀ ਤੌਰ ’ਤੇ ਅਜਿਹੇ ਸੈਂਟਰ ਆਪਣੇ ਨਾਗਰਿਕਾਂ ਦੀ ਵਿਦੇਸ਼ਾਂ ਵਿੱਚ ਵੀ ਸੰਭਾਲ ਕਰਦੇ ਹਨ। ਉਨ੍ਹਾਂ ਕਿਹਾ ਕਿ ਸਾਲ 2010 ਦੌਰਾਨ ਮੈਂ ਪਰਵਾਸ ਦੇ ਵਹਾਅ ਤੇ ਰੁਝਾਨ ਨੂੰ ਵੇਖਣ ਲਈ ਪੰਜਾਬ ਅਤੇ ਗੁਜਰਾਤ ਆਇਆ ਸੀ। ਪੰਜਾਬ ਵਿੱਚ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਕੰਪਨੀਆਂ ਤੇ ਸੈਂਟਰ ਵਿਦੇਸ਼ ਭੇਜਣ ਲਈ ਨੌਜਵਾਨਾਂ ਤੋਂ ਵੱਡੀਆਂ ਰਕਮਾਂ ਵਸੂਲ ਕਰ ਰਹੇ ਹਨ। ਕੇਰਲਾ ਵਿੱਚ ਨਰਸਾਂ ਤੇ ਹੈਲਥਕੇਅਰ ਔਰਤ ਵਰਕਰਾਂ ਦੇ ਪਰਵਾਸ ਤੇ ਉਨ੍ਹਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਉੱਥੇ ਨਾਨ-ਰੈਜੀਡੈਂਟ ਕੇਰਲਾਈਟ ਅਫੇਰਜ਼’ (NORKA) ਵਰਗੀਆਂ ਕਈ ਸੰਸਥਾਵਾਂ ਪਰਵਾਸ ਨੂੰ ਸੁਚਾਰੂ ਬਣਾਉਣ ਲਈ ਯਤਨਸ਼ੀਲ ਹਨ।

ਵਿਦੇਸ਼ਾਂ ਤੋਂ ਆਨਲਾਈਨ ਸੈਸ਼ਨ ਦੌਰਾਨ ਇੰਗਲੈਂਡ ਤੋਂ ਸ. ਸਰਦੂਲ ਸਿੰਘ ਮਰਵਾ ਨੇ ਕਿਹਾ, “ਸਾਡਾ ਰੋਮ-ਰੋਮ ਪੰਜਾਬ ਲਈ ਤਰਸਦਾ ਹੈ। ਰਾਜਨੀਤਕ ਲੋਕਾਂ ਦੇ ਗਲ਼ਾਂ ਵਿੱਚ ਹਾਰ ਪਾਉਣੇ ਬੰਦ ਕਰ ਦਿਓ, ਬਲਕਿ ਉਨ੍ਹਾਂ ਨੂੰ ਸਵਾਲ ਪੁੱਛੋ।” ਅਮਰੀਕਾ ਤੋਂ ਡਾ. ਗੁਰਬਖਸ਼ ਸਿੰਘ ਭੰਡਾਲ ਨੇ ਕਿਹਾ ਕਿ “ਪਰਵਾਸ, ਪਰਵਾਸ ਲਈ ਯੋਗ ਹੋ ਕੇ ਹੀ ਕਰਨਾ ਚਾਹੀਦਾ ਹੈ।” “ਪਰਵਾਸ ਕਰਨ ਵਾਲੇ ਨੌਜਵਾਨਾਂ ਨੂੰ ਚੁਬਾਰਿਆਂ ਵਾਲੇ ਕਾਲਜਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ” ਕਹਿ ਕੇ ਅਮਰੀਕਾ ਵਾਸੀ ਓਂਕਾਰ ਸਿੰਘ ਨੇ ਨੌਜਵਾਨਾਂ ਨੂੰ ਚੌਕਸ ਕੀਤਾ। ਐਡਮਿੰਟਨ ਵਾਸੀ ਡਾ. ਆਰ.ਪੀ. ਕਾਲੀਆ ਅਨੁਸਾਰ, “ਪੰਜਾਬ ਦੇ ਨੌਜਵਾਨ ਖੇਤੀ ਸੰਕਟ, ਨਸ਼ੇ, ਬੇਰੁਜ਼ਗਾਰੀ, ਮਾੜੇ ਪ੍ਰਸ਼ਾਸਨ ਅਤੇ ਝੂਠੀ ਇਸ਼ਤਿਹਾਰਬਾਜ਼ੀ ਦੀ ਲਪੇਟ ਵਿੱਚ ਆ ਕੇ ਵੱਡੇ ਨੁਕਸਾਨ ਉਠਾ ਚੁੱਕੇ ਹਨ। ਰੈੱਡ ਐੱਫਐੱਮ ਰੇਡੀਓ ਦੇ ਪ੍ਰਤੀਨਿਧ ਰਿਸ਼ੀ ਨਾਗਰ ਨੇ ਕੈਨੇਡਾ ਪਹੁੰਚੇ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਸਾਂਝੀਆਂ ਕੀਤੀਆਂ। ਕੈਨੇਡਾ ਤੋਂ ਡਾ. ਅਮਰਜੀਤ ਸਿੰਘ ਭੁੱਲਰ ਨੇ ਪਰਵਾਸ ਕਾਰਨ ਪੰਜਾਬ ਦੇ ਹੋ ਰਹੇ ਵੱਡੇ ਆਰਥਿਕ ਨੁਕਸਾਨ ’ਤੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ‘ਕੈਪੀਟਲ ਫਲਾਈਟ’ ਦੇ ਸੰਭਾਵੀ ਵੱਡੇ ਆਰਥਿਕ ਨੁਕਸਾਨ ਨੂੰ ਵੀ ਛੋਹਿਆ।

ਪੰਜਾਬ ਪਰਵਾਸ ਵਿੱਚ ਦਿਲਚਸਪੀ ਰੱਖਣ ਵਾਲੀ ਫਰਾਂਸ ਮੂਲ ਦੀ ਡਾ. ਕ੍ਰਿਸਟੀਨ ਮੋਲੀਨਰ (ਜਿੰਦਲ ਯੂਨੀਵਰਸਿਟੀ, ਦਿੱਲੀ) ਨੇ ਬੇਰੁਜ਼ਗਾਰੀ, ਬੇਉਮੀਦਗੀ, ਭ੍ਰਿਸ਼ਟਾਚਾਰ ਤੇ ਮਾੜੇ ਪ੍ਰਸ਼ਾਸਨ ਨੂੰ ਮੂਲ ਰੂਪ ਵਿੱਚ ਇਸ ਦਾ ਜ਼ਿੰਮੇਵਾਰ ਠਹਿਰਾਇਆ। ਉਸ ਨੇ ਕਿਹਾ ਕਿ ਜ਼ਿੰਦਗੀ ਜਿਊਣ ਦੀ ਖੁੱਲ੍ਹ, ਸਮਾਜਿਕ ਦਬਾਅ ਅਤੇ ਪਰਵਾਸ ਕਲਚਰ ਨੇ ਵੀ ਪਰਵਾਸ ਲਈ ਮਹੱਤਵਪੂਰਨ ਰੋਲ ਨਿਭਾਇਆ ਹੈ। ਉਸ ਅਨੁਸਾਰ ਲੋਕਾਂ ਦੀ ਆਪਣੀ ਜ਼ੁਬਾਨ ਵਿੱਚ, “ਸਾਨੂੰ ਸਰਕਾਰੀ ਤੰਤਰ ’ਤੇ ਕੋਈ ਉਮੀਦ ਨਹੀਂ ਰਹੀਇਮਾਨਦਾਰੀ ਨਾਲ ਇੱਥੇ ਕੁਝ ਵੀ ਨਹੀਂ ਕੀਤਾ ਜਾ ਸਕਦਾ। ਅਸੀਂ ਆਪਣੇ ਬੱਚਿਆਂ ਨੂੰ ਫ਼ੌਜ ਵਿੱਚ ਭਰਤੀ ਕਰਵਾਉਣ ਲਈ ਪੂਰੀ ਵਾਹ ਲਾਈ, ਪਰ ਉਹ ਭਰਤੀ ਨਹੀਂ ਹੋ ਸਕੇ ਇੱਥੇ ਮਿਹਨਤ ਦਾ ਮਾਣ ਤੇ ਮੁੱਲ ਨਹੀਂ ਹੈ, ਜਦਕਿ ਕੈਨੇਡਾ ਵਿੱਚ ਤੁਹਾਡੇ ਇੱਕ ਮਿੰਟ ਦੀ ਮਿਹਨਤ ਨੂੰ ਵੀ ਮਾਣ ਨਾਲ ਨਿਵਾਜਿਆ ਜਾਂਦਾ ਹੈ।”

ਕਿਸਾਨ ਅੰਦੋਲਨ ਤੋਂ ਬਾਅਦ ਪੰਜਾਬ ਦੀਆਂ ਸਮੱਸਿਆਵਾਂ ਵਿੱਚ ਦਿਲਚਸਪੀ ਰੱਖਣ ਵਾਲੇ ਕੁਝ ਫਰੀਲਾਂਸ ਪੱਤਰਕਾਰ ਵੀ ਇਸ ਸੈਮੀਨਾਰ ਵਿੱਚ ਪਹੁੰਚੇ ਹੋਏ ਸਨ। ਉਨ੍ਹਾਂ ਵਿੱਚੋਂ ਮੈਂ ਅਮੀਰ ਮਲਿਕ ਨੂੰ ਸੁਣਿਆ ਜੋ ਪਿਛਲੇ ਦੋ ਵਰ੍ਹਿਆਂ ਦੌਰਾਨ ਪ੍ਰਾਂਤ ਦੇ ਕਈ ਜ਼ਿਲ੍ਹਿਆਂ ’ਚ ਜ਼ਮੀਨੀ ਪੱਧਰ ’ਤੇ ਵਿਚਰਿਆ।

ਉਸ ਨੇ ਕਿਹਾ ਕਿ ਬੇਰੁਜ਼ਗਾਰੀ, ਅਗਵਾਈ ਦੀ ਅਣਹੋਂਦ ਅਤੇ ਨਸ਼ਿਆਂ ਆਦਿ ਦੇ ਹਾਲਤ ਨੇ ਨੌਜਵਾਨਾਂ ਨੂੰ ਡੌਂਕੀ ਲਾਉਣ ਲਈ ਮਜਬੂਰ ਕੀਤਾ, ਅੱਲੜ੍ਹ ਉਮਰ ਦੇ ਬੱਚਿਆਂ ਨੂੰ ਹਰ ਹੀਲੇ-ਵਸੀਲੇ ਪਰਵਾਸ ਲਈ ਉਕਸਾਇਆ। ਫਿਰ ਉਹ ਰੁਕਿਆ ਅਤੇ ਆਪਣੀਆਂ ਕਾਪੀਆਂ ਫਰੋਲਣ ਲੱਗਾ, “ਇੱਕ ਨੌਜਵਾਨ ਮੈਨੂੰ ਗੁਰਦਾਸਪੁਰ ਜ਼ਿਲ੍ਹੇ ਵਿੱਚ ਮਿਲਿਆ ਸੀ। ਉਸ ਦਾ ਬਾਪ ਸ਼ਰਾਬ ਪੀ ਕੇ ਮਰਿਆ। ਉਹ ਥੋੜ੍ਹੀ ਦੇਰ ਡਰਾਇਵਰੀ ਕਰਦਾ ਰਿਹਾ। ਗਰਮੀਆਂ ਦੇ ਦਿਨਾਂ ਵਿੱਚ ਪਿੰਡ ਦੇ ਮੁੰਡਿਆਂ ਨਾਲ ਅਪਰ ਬਾਰੀ ਦੁਆਬ ਕਨਾਲ ਵਿੱਚ ਨਹਾਉਣ ਆਇਆ ਤੇ ਇੱਕ ਅਜਿਹੇ ਵਿਅਕਤੀ ਨੂੰ ਮਿਲਿਆ ਜੋ ਨਹਿਰ ਵਿੱਚੋਂ ਲਾਸ਼ਾਂ ਕੱਢਣ ਦਾ ਕੰਮ ਕਰਦਾ ਸੀ। ਇਹੀ ਉਸ ਨੌਜਵਾਨ ਦਾ ਧੰਦਾ ਬਣ ਗਿਆ। ਉਹ ਕਹਿੰਦਾ ਮੇਰੇ ਉਸਤਾਦ ਹਜ਼ਾਰ ਦੇ ਲਗਭਗ ਲਾਸ਼ਾਂ ਨਹਿਰ ਵਿੱਚੋਂ ਕੱਢ ਚੁੱਕੇ ਹਨ। ਬਹੁਤੇ ਮਰਨ ਵਾਲੇ ਆਤਮ ਹੱਤਿਆਵਾਂ ਵਾਲੇ ਹੁੰਦੇ ਹਨ। ਜਦ ਉਸ ਨੂੰ ਪੁੱਛਿਆ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ, ਤਾਂ ਉਹ ਉਦਾਸ ਮੁਦਰਾ ’ਚ ਬੋਲਿਆ, ‘ਬਾਹਰਲੇ ਮੁਲਕ ਜਾਣਾ।’ ਫਿਰ ਉਹ ਟਰੈਵਲ ਏਜੰਟਾਂ ਤੇ ਹਵਾਈ ਅੱਡਿਆਂ ਤੋਂ ਵਾਪਸ ਮੁੜਨ ਦੀਆਂ ਗੱਲਾਂ ਕਰਨ ਲੱਗਾ।”

ਇੱਥੋਂ ਮਜਬੂਰ ਕਰਨ ਵਾਲੇ ਤੇ ਓਧਰ ਖਿੱਚ ਪਾਉਣ ਵਾਲੇ ਕਾਰਨਾਂ ਬਾਰੇ ਲਗਭਗ ਹਰ ਸਪੀਕਰ ਨੇ ਚਰਚਾ ਕੀਤੀ। ਵਿਸ਼ੇ ਦੇ ਹਰ ਪੱਖ ’ਤੇ ਡੂੰਘਾ ਚਿੰਤਨ ਹੋਇਆ। ਕਈ ਸਵਾਲਾਂ ਦੇ ਉੱਤਰ ਵਿਚਾਰੇ ਗਏ, ਕਈ ਉੱਤਰ ਫਿਰ ਸਵਾਲ ਬਣ ਗਏ। ਦੂਜੇ ਦਿਨ ਦੀ ਸ਼ਾਮ ਨੂੰ ਜਦ ਮੈਂ ਘਰ ਪਰਤਿਆ ਤਾਂ ਇੱਕ ਸਨੇਹੀ ਨੇ ਡੱਬਾ ਅੱਗੇ ਕਰਦਿਆਂ ਕਿਹਾ, “ਪੂਰਾ ਲੱਡੂ ਚੱਕੋ, ਮੇਰੇ ਪੁੱਤ ਨੂੰ ਅਸਟਰੇਲੀਆ ਦੀ ਪੀ.ਆਰ. ਮਿਲ ਗਈ ਹੈ।” ਹੁਣ ‘ਪੰਜਾਬ’ ਨੇ ਮੇਰੇ ਅੱਗੇ ਸਵਾਲਾਂ ਦੀ ਝੜੀ ਲਾ ਦਿੱਤੀ।

## ਵਿਦੇਸ਼ੀਆਂ ’ਤੇ ਰੋਕਾਂ

ਲੋਕ ਸਭਾ ਵਿੱਚ ਮੰਗਲਵਾਰ ਨੂੰ ਪੇਸ਼ ਕੀਤੇ ਗਏ ਆਵਾਸ ਤੇ ਵਿਦੇਸ਼ੀ ਨਾਗਰਿਕ ਬਿੱਲ-2025 ਵਿੱਚੋਂ ਵਿਦੇਸ਼ੀਆਂ ਦੇ ਦਾਖ਼ਲੇ, ਮੁੜਨ ਤੇ ਰਹਿਣ ਉੱਤੇ ਵੱਧ ਕੰਟਰੋਲ ਰੱਖਣ ਦਾ ਸਰਕਾਰ ਦਾ ਇਰਾਦਾ ਝਲਕਦਾ ਹੈ। ਤਜਵੀਜ਼ਸ਼ੁਦਾ ਕਾਨੂੰਨ, ਜਿਸ ਦਾ ਵਿਰੋਧੀ ਧਿਰਾਂ ਨੇ ਬੁਨਿਆਦੀ ਹੱਕਾਂ ਤੇ ਹੋਰ ਸੰਵਿਧਾਨਕ ਤਜਵੀਜ਼ਾਂ ਦੀ ਉਲੰਘਣਾ ਦੱਸ ਕੇ ਵਿਰੋਧ ਕੀਤਾ ਹੈ, ਸਰਕਾਰ ਨੂੰ ਖੁੱਲ੍ਹ ਦਿੰਦਾ ਹੈ ਕਿ ਭਾਰਤ ਦੀ ਸੁਰੱਖਿਆ, ਸਰਬਸੱਤਾ ਤੇ ਅਖੰਡਤਾ ਨੂੰ ਖ਼ਤਰਾ ਹੋਣ ’ਤੇ ਇਹ ਵਿਦੇਸ਼ੀ ਨਾਗਰਿਕਾਂ ਦੇ ਦਾਖ਼ਲ ਹੋਣ ਜਾਂ ਇੱਥੇ ਰਹਿਣ ਉੱਤੇ ਪਾਬੰਦੀ ਲਾ ਸਕਦੀ ਹੈ। ਜ਼ਾਹਿਰਾ ਤੌਰ ’ਤੇ ਇਹ ਬਿੱਲ ਭਾਵੇਂ ਆਵਾਸ ਕਾਨੂੰਨਾਂ ਦੇ ਆਧੁਨਿਕੀਕਰਨ ਤੇ ਮਜ਼ਬੂਤੀ ਵੱਲ ਸੇਧਿਤ ਹੈ (ਜਿਨ੍ਹਾਂ ਵਿੱਚ ਕਈ ਬਸਤੀਵਾਦੀ ਯੁੱਗ ਦੇ ਹਨ) ਪਰ ਇਸ ਵਿੱਚ ਸਖ਼ਤ ਤਜਵੀਜ਼ਾਂ ਹਨ ਜਿਹੜੀਆਂ ਸ਼ਾਇਦ ਕਈ ਸੈਲਾਨੀਆਂ ਤੇ ਹੋਰ ਮਹਿਮਾਨਾਂ ਨੂੰ ਭਾਰਤ ਆਉਣ ਤੋਂ ਪਰਹੇਜ਼ ਕਰਨ ਲਈ ਮਜਬੂਰ ਕਰ ਸਕਦੀਆਂ ਹਨ। ਸ਼ਰਨਾਰਥੀਆਂ ਲਈ ਭਾਰਤੀ ਤੰਤਰ ’ਚੋਂ ਲੰਘਣਾ ਸਗੋਂ ਹੋਰ ਵੀ ਮੁਸ਼ਕਿਲ ਹੋ ਜਾਵੇਗਾ। ਇਹ ਬਿੱਲ ਜੇ ਕਾਨੂੰਨ ਬਣਦਾ ਹੈ ਤਾਂ ਵਿਦੇਸ਼ੀ ਸੈਲਾਨੀ ਭਾਰਤ ਆਉਣ ਤੋਂ ਝਿਜਕਣਗੇ, ਜਿਸ ਦਾ ਦੇਸ਼ ਨੂੰ ਕਈ ਪੱਖਾਂ ਤੋਂ ਨੁਕਸਾਨ ਸਹਿਣਾ ਪੈ ਸਕਦਾ ਹੈ।

ਬਿੱਲ ਤਹਿਤ, ਵਾਜਿਬ ਦਸਤਾਵੇਜ਼ਾਂ ਬਿਨਾਂ ਦੇਸ਼ ਵਿੱਚ ਦਾਖਲ ਹੋਣ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਲਈ ਕਿਸੇ ਵਾਰੰਟ ਦੀ ਲੋੜ ਨਹੀਂ ਹੈ; ਇਹ ਉਦੋਂ ਵੀ ਲਾਗੂ ਹੋਵੇਗਾ ਜਦੋਂ ਇਸ ਗੱਲ ’ਤੇ ‘ਸ਼ੱਕ ਕਰਨ ਦਾ ਵਾਜਿਬ ਕਾਰਨ ਹੋਵੇ’ ਕਿ ਵਿਅਕਤੀ ਕੋਲ ਪ੍ਰਮਾਣਿਕ ਕਾਗਜ਼ਾਤ ਨਹੀਂ ਹਨ। ਵਿਦੇਸ਼ੀ ਨਾਗਰਿਕਾਂ ਕੋਲ ਭਾਰਤ ਵਿੱਚ ਦਾਖਲ ਹੁੰਦਿਆਂ ਜਾਂ ਦੇਸ਼ ਛੱਡਣ ਲੱਗਿਆਂ ਜਾਂ ਇੱਥੇ ਰਹਿੰਦਿਆਂ ਆਪਣੇ ਆਪ ਨੂੰ ਰਜਿਸਟਰ ਕਰਨ ਦੀ ਆਜ਼ਾਦੀ ਨਹੀਂ ਹੋਵੇਗੀ। ਉਨ੍ਹਾਂ ਨੂੰ ਇੱਥੇ ਪਹੁੰਚਣ ਤੋਂ ਫੌਰੀ ਬਾਅਦ ਸਬੰਧਿਤ ਰਜਿਸਟਰੇਸ਼ਨ ਅਧਿਕਾਰੀ ਤੱਕ ਪਹੁੰਚ ਕਰਨੀ ਪਏਗੀ ਜੋ ਖੱਜਲ-ਖੁਆਰੀ ਦਾ ਸਬੱਬ ਬਣ ਸਕਦਾ ਹੈ। ਇਸ ਤੋਂ ਇਲਾਵਾ ਇਹ ਬਿੱਲ, ਮੈਡੀਕਲ ਤੇ ਵਿਦਿਅਕ ਸੰਸਥਾਵਾਂ ’ਤੇ ਵੀ ਅਹਿਮ ਜ਼ਿੰਮੇਵਾਰੀ ਪਾਉਂਦਾ ਹੈ ਕਿ ਉਹ ਵਿਦੇਸ਼ੀਆਂ ਬਾਰੇ ਰਜਿਸਟਰੇਸ਼ਨ ਅਥਾਰਿਟੀ ਨੂੰ ਰਿਪੋਰਟ ਕਰਨ। ਇਸ ਦਾ ਮਤਲਬ ਹੈ ਕਿ ਇਨ੍ਹਾਂ ਨੂੰ ਰੱਖਣ ਵਾਲਿਆਂ ਨੂੰ ਵੀ ਪ੍ਰੇਸ਼ਾਨੀ ਪੇਸ਼ ਆ ਸਕਦੀ ਹੈ।

ਇੱਕ ਤਜਵੀਜ਼ ਜਿਹੜੀ ਵਿਦੇਸ਼ੀਆਂ ਨੂੰ ‘ਨਿਰਧਾਰਿਤ ਕਿਸਮ ਦੇ ਵਿਅਕਤੀਆਂ’ ਨਾਲ ਤਾਲਮੇਲ ਰੱਖਣ ਤੋਂ ਰੋਕਦੀ ਹੈ, ਸਿਆਸੀ ਤੌਰ ’ਤੇ ਪ੍ਰੇਰਿਤ ਨਿਗਰਾਨੀ ਕਰਨ ਵਰਗੀ ਲੱਗਦੀ ਹੈ। ਅਜਿਹੀ ਸਰਕਾਰ ਜੋ ਭਾਰਤ ਨੂੰ ਵਿਸ਼ਵ ਬੰਧੂ (ਦੁਨੀਆ ਦਾ ਦੋਸਤ) ਵਜੋਂ ਪ੍ਰਚਾਰਦੀ ਹੈ ਤੇ ਦਾਅਵਾ ਕਰਦੀ ਹੈ ਕਿ ‘ਵਸੁਧੈਵ ਕੁਟੁੰਬਕਮ’ (ਸਾਰੀ ਦੁਨੀਆ ਇੱਕ ਪਰਿਵਾਰ) ਦੇ ਹਰੇਕ ਨੂੰ ਗ਼ਲ ਲਾਉਣ ਦੇ ਸਿਧਾਂਤ ਤੋਂ ਇਹ ਸੇਧ ਲੈਂਦੀ ਹੈ, ਉਸ ਨੂੰ ਇਸ ਤਰ੍ਹਾਂ ਦੇ ਕਾਨੂੰਨ ਦੀ ਸਮੀਖਿਆ ਬਾਰੇ ਸੋਚਣਾ ਚਾਹੀਦਾ ਹੈ ਜੋ ਦੇਸ਼ ਦੀਆਂ ਆਲਮੀ ਖਾਹਿਸ਼ਾਂ ਦੇ ਉਲਟ ਹੋਵੇ। ਕੌਮੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ ਪਰ ਵਿਦੇਸ਼ੀਆਂ ’ਤੇ ਜਕੜਨ ਵਾਲੀਆਂ ਰੋਕਾਂ ਲਾਉਂਦੇ ਕਾਨੂੰਨ ਦੀ ਸੰਭਾਵੀ ਦੁਰਵਰਤੋਂ, ਦੁਨੀਆ ਭਰ ਵਿੱਚ ਭਾਰਤ ਦੇ ਮਾੜੇ ਪ੍ਰਚਾਰ ਦਾ ਕਾਰਨ ਬਣ ਸਕਦੀ ਹੈ।



# ਸਰ੍ਹੋਂ ਨੂੰ ਤਾਂ ਫੁੱਲ ਲੱਗ ਜਾਂਦੇ

**ਜੱਗਾ ਸਿੰਘ ਆਦਮਕੇ**

ਸਰ੍ਹੋਂ ਭਾਰਤ ਦੀ ਹਾੜ੍ਹੀ ਦੀ ਪ੍ਰਮੁੱਖ ਫ਼ਸਲ ਹੈ। ਆਰਥਿਕ ਪੱਖ ਦੇ ਨਾਲ ਨਾਲ ਸਰ੍ਹੋਂ ਦਾ ਬਹੁ-ਪੱਖੀ ਮਹੱਤਵ ਹੈ। ਇਸ ਤੋਂ ਪ੍ਰਾਪਤ ਤੇਲ ਬੀਜ ਖ਼ੁਰਾਕੀ ਤੇਲ ਦਾ ਪ੍ਰਮੁੱਖ ਸਰੋਤ ਹਨ। ਉੱਤਰੀ ਭਾਰਤ ਦੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਗੁਜਰਾਤ ਅਤੇ ਰਾਜਸਥਾਨ ਵਿੱਚ ਮੁੱਖ ਰੂਪ ਵਿੱਚ ਇਸ ਦੀ ਖੇਤੀ ਕੀਤੀ ਜਾਂਦੀ ਹੈ। ਸਰ੍ਹੋਂ ਰੇਤਲੇ ਖੇਤਰਾਂ, ਘੱਟ ਪਾਣੀ ਅਤੇ ਮੀਂਹ ਨਾਲ ਹੋਣ ਵਾਲੀ ਫ਼ਸਲ ਹੋਣ ਕਾਰਨ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਰੇਤਲੇ ਤੇ ਘੱਟ ਪਾਣੀ ਵਾਲੇ ਖੇਤਰਾਂ ਵਿੱਚ ਬੀਜੀ ਜਾਂਦੀ ਹੈ। ਪਤਲੀਆਂ ਫਲੀਆਂ ਦੇ ਵਿਚਕਾਰ ਇੱਕ ਪਤਲੀ ਝਿਲੀ ਜਿਹੀ ਦੇ ਦੋਹੀਂ ਪਾਸੇ ਸਰ੍ਹੋਂ ਦੇ ਬਾਰੀਕ ਦਾਣੇ ਹੁੰਦੇ ਹਨ। ਪਿਛਲੇ ਸਮੇਂ ਵਿੱਚ ਪੱਕਣ 'ਤੇ ਇਸ ਦੀ ਕਟਾਈ ਤੋਂ ਬਾਅਦ ਸੁੱਕਣ 'ਤੇ ਇਸ ਦੀ ਪਸ਼ੂਆਂ ਨਾਲ ਗਹਾਈ ਕਰ ਕੇ ਇਸ ਨੂੰ ਕੱਢਿਆ ਜਾਂਦਾ ਸੀ, ਪ੍ਰੰਤੂ ਹੁਣ ਇਸ ਨੂੰ ਮਸ਼ੀਨਰੀ ਨਾਲ ਕੱਢਿਆ ਜਾ ਰਿਹਾ ਹੈ। ਬਾਕੀ ਬਚਦੇ ਫੋਕਟ ਨੂੰ ਗੂਣਾ ਕਿਹਾ ਜਾਂਦਾ ਹੈ। ਸਰ੍ਹੋਂ ਦੇ ਬੀਜ ਜਿੱਥੇ ਖ਼ੁਰਾਕੀ ਪੱਖ ਤੋਂ ਮਹੱਤਵਪੂਰਨ ਹਨ, ਉੱਥੇ ਅਚਾਰ ਵਰਗੇ ਉਤਪਾਦਾਂ ਵਿੱਚ ਇਸ ਦਾ ਉਪਯੋਗ ਹੁੰਦਾ ਹੈ, ਜਿਨ੍ਹਾਂ ਨੂੰ ਇਹ ਖ਼ਰਾਬ ਹੋਣ ਤੋਂ ਬਚਾਉਂਦਾ ਹੈ। ਤਲ ਕੇ ਬਣਾਈਆਂ ਜਾਣ ਵਾਲੀਆਂ ਵਸਤੂਆਂ ਲਈ ਇਸ ਦਾ ਤੇਲ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਘਰਾਂ ਵਿੱਚ ਸਬਜ਼ੀ ਵਿੱਚ ਤੜਕਾ ਲਗਾਉਣ ਲਈ ਵੀ ਇਸ ਦੀ ਵਰਤੋਂ ਹੁੰਦੀ ਹੈ।

ਸਰ੍ਹੋਂ ਤੇਲ ਕੱਢਣ ਤੋਂ ਬਾਅਦ ਬਾਕੀ ਬਚਦੀ ਖਲ ਪਸ਼ੂਆਂ ਲਈ ਪੌਸ਼ਟਿਕ ਪੱਖ ਤੋਂ ਕਾਫ਼ੀ ਮਹੱਤਵਪੂਰਨ ਹੈ ਅਤੇ ਪਸ਼ੂਆਂ ਨੂੰ ਪਾਇਆ ਜਾਣ ਵਾਲਾ ਖਾਧ ਪਦਾਰਥ ਹੈ। ਤੇਲ ਬੀਜ ਦੇਣ ਦੇ ਨਾਲ ਹੀ ਸਰ੍ਹੋਂ ਦੇ ਪੌਦੇ ਦੀਆਂ ਨਰਮ ਗੰਦਲਾਂ ਦਾ ਸਾਗ ਭਾਰਤ ਵਿੱਚ ਵੱਡੇ ਪੱਧਰ 'ਤੇ ਬਣਾਇਆ ਜਾਂਦਾ ਹੈ। ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਪੰਜਾਬੀਆਂ ਦਾ ਵੀ ਮਨਭਾਉਂਦਾ ਖਾਣਾ ਹੈ। ਇਹ ਸੱਭਿਆਚਾਰਕ ਪੱਖ ਤੋਂ ਵੀ ਪੰਜਾਬੀਆਂ ਦੀ ਪਹਿਚਾਣ ਦਾ ਚਿੰਨ੍ਹ ਹੈ। ਇਹ ਸਾਗ ਸੁਆਦੀ ਪੱਖ ਤੋਂ ਮਹੱਤਵ ਦੇ ਨਾਲ ਖ਼ੁਰਾਕੀ ਪੱਖ ਤੋਂ ਵੀ ਗੁਣਾਂ ਨਾਲ ਭਰਪੂਰ ਹੁੰਦਾ ਹੈ।

ਸਰ੍ਹੋਂ ਦੇ ਖ਼ੁਰਾਕੀ ਮਹੱਤਵ ਦੇ ਨਾਲ ਨਾਲ ਇਸ ਨੂੰ ਲੱਗਦੇ ਸਰ੍ਹੋਂ ਫੁੱਲੇ ਰੰਗ ਦੇ ਫੁੱਲ ਹਰ ਕਿਸੇ ਦੇ ਦਿਲ ਨੂੰ ਖਿੱਚ ਪਾਉਣ ਵਾਲੇ ਹੁੰਦੇ ਹਨ। ਇਸ ਦੀ ਸੁੰਦਰਤਾ ਨੂੰ ਪ੍ਰਤੀਕਾਤਮਕ ਰੂਪ ਵਿੱਚ ਹੋਰਨਾਂ ਸੁੰਦਰ ਵਸਤੂਆਂ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਕਿਸੇ ਨੂੰ ਕੋਈ ਮੁਟਿਆਰ ਸਰ੍ਹੋਂ ਦੇ ਫੁੱਲ ਵਰਗੀ ਕੁਝ ਇਸ ਤਰ੍ਹਾਂ ਪ੍ਰਤੀਤ ਹੁੰਦੀ ਹੈ;

**ਜੱਟੀ ਸਰ੍ਹੋਂ ਦੇ ਫੁੱਲ ਵਰਗੀ, ਰੋਟੀ ਲੈ ਕੇ ਢੋਲ ਦੀ ਚੱਲੀ**

ਜਦੋਂ ਕਿਸੇ ਨਾਲ ਸਬੰਧ ਵਿਗੜੇ ਹੋਣ, ਤਦ ਕਿਸੇ ਦਾ ਸੱਜਣਾ ਫੱਬਣਾ ਵੀ ਕੋਈ ਮਹੱਤਵ ਨਹੀਂ ਰੱਖਦਾ। ਅਜਿਹਾ ਹੋਣ ਕਾਰਨ ਪੇਕੇ ਆਈ ਪਤਨੀ ਸੱਜ ਫੱਬ ਕੇ ਉਸ ਨੂੰ ਲੈਣ ਆਏ ਕਿਸੇ ਆਪਣੇ ਨੂੰ ਕਹਿੰਦੀ ਹੈ;

**ਕਾਹਨੂੰ ਆ ਗਿਓਂ ਸਰ੍ਹੋਂ ਦਾ ਫੁੱਲ ਬਣਕੇ**
**ਮਾਪਿਆਂ ਨੇ ਨਹੀਓਂ ਤੋਰਨੀ।**

ਸਰ੍ਹੋਂ ਦਾ ਫੁੱਲ ਜਵਾਨੀ ਦਾ ਵੀ ਪ੍ਰਤੀਕ ਹੈ। ਕਿਸੇ ਨੂੰ ਅਜਿਹਾ ਸਮਾਂ ਸਰ੍ਹੋਂ ਦੇ ਫੁੱਲ ਖਿੜਨ ਦੇ ਸਮੇਂ ਵਰਗਾ ਪ੍ਰਤੀਤ ਹੁੰਦਾ ਹੈ। ਅਜਿਹਾ ਹੋਣ ਕਾਰਨ ਆਪਣੀ ਜਵਾਨੀ ਦਾ ਮੁੱਲ ਨਾ ਪਾਉਣ ਸਬੰਧੀ ਇਸ ਤਰ੍ਹਾਂ ਕਿਹਾ ਜਾਂਦਾ ਹੈ;

**ਜਦੋਂ ਰੰਗ ਸੀ ਸਰ੍ਹੋਂ ਦੇ ਫੁੱਲ ਵਰਗਾ**
**ਓਦੋਂ ਕਿਉਂ ਨਾ ਤੂੰ ਮੁੱਲ ਪਾਇਆ।**

ਸਾਗ ਨਾਲ ਮੱਕੀ ਦੀ ਰੋਟੀ ਪੰਜਾਬੀਆਂ ਦਾ ਸਰਦੀ ਵਿੱਚ ਪਸੰਦੀਦਾ ਖਾਣਾ ਹੈ। ਕਿਸੇ ਨੂੰ ਇਸ ਦਾ ਸੁਆਦੀ ਲੱਗਣਾ, ਇਸ ਨੂੰ ਬਣਾਉਣ ਲਈ ਉਪਯੋਗ ਕੀਤੇ ਜਾਂਦੇ ਮਸਾਲੇ ਆਦਿ ਪ੍ਰਤੀਤ ਹੁੰਦੇ ਹਨ;

**ਬਣਗੇ ਸਰ੍ਹੋਂ ਦੇ ਫੁੱਲ ਆਲੂ ਜ਼ੋਰ ਮਸਾਲੇ ਦਾ।**

ਕੁਝ ਇਸੇ ਤਰ੍ਹਾਂ ਹੀ ਅਜਿਹੇ ਸਮੇਂ ਕਿਸਾਨ ਦੁਆਰਾ ਸਰ੍ਹੋਂ ਦੀ ਰਖਵਾਲੀ ਕਰਨ ਅਤੇ ਸਰ੍ਹੋਂ ਦਾ ਨੁਕਸਾਨ ਕਰਨ ਵਾਲਿਆਂ ਨੂੰ ਸਖ਼ਤੀ ਨਾਲ ਕਿਹਾ ਮਿਲਦਾ ਹੈ;

**ਸਰ੍ਹੋਆਂ ਫੁੱਲੀਆਂ ਤੋਂ ਕਦੇ ਮਾਰੀਏ ਨਾ ਖੇਤ ਗੇੜਾ।**

ਬਹਾਰ ਰੁੱਤ ਵਿੱਚ ਸਰ੍ਹੋਂ ਦੇ ਫੁੱਲ ਦੀ ਸੁੰਦਰਤਾ ਹਰ ਕਿਸੇ ਨੂੰ ਮੋਹਣ ਦਾ ਕੰਮ ਕਰਦੀ ਹੈ। ਕਿਸੇ ਦੇ ਹਾਰ ਸ਼ਿੰਗਾਰ ਤੋਂ ਬਾਅਦ ਕੋਈ ਕਿਸੇ ਨੂੰ ਸਰ੍ਹੋਂ ਦੇ ਫੁੱਲ ਵਾਂਗ ਕੁਝ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ;

**ਭਾਬੀ ਮੇਰੀ ਆਈ ਮੁਕਲਾਵੇ**
**ਆਈ ਸਰ੍ਹੋਂ ਦਾ ਫੁੱਲ ਬਣ ਕੇ**
**ਗਲ਼ ਵਿੱਚ ਉਹਦੇ ਕੰਠੀ ਸੋਹੇ**
**ਵਿੱਚ ਸੋਨੇ ਦੇ ਮਣਕੇ**

ਫ਼ਸਲਾਂ ਦਾ ਸਥਾਨਕ ਜਨ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੁੰਦਾ ਹੈ। ਫ਼ਸਲਾਂ ਨਾਲ ਖਾਣ ਪਾਣ, ਵਿਸ਼ਵਾਸ, ਰੁੱਤਾਂ ਆਦਿ ਬਹੁਤ ਕੁਝ ਜੁੜਿਆ ਹੋਇਆ ਹੁੰਦਾ ਹੈ। ਕੁਝ ਇਸੇ ਤਰ੍ਹਾਂ ਹੀ ਫੱਗਣ ਮਹੀਨੇ ਮੀਂਹ ਪੈਣ ਤੋਂ ਬਾਅਦ ਜਿੱਥੇ ਹੋਰ ਬਦਲਾਅ ਆਉਂਦੇ ਹਨ, ਉੱਥੇ ਸਰ੍ਹੋਂ ਨੂੰ ਇਸ ਸਮੇਂ ਪੀਲੇ ਫੁੱਲ ਲੱਗੇ ਹੁੰਦੇ ਹਨ;

**ਫੱਗਣ ਮਹੀਨੇ ਮੀਂਹ ਪੈ ਜਾਂਦਾ, ਲੱਗਦਾ ਕਰੀਰੀਂ ਬਾਟਾ**
**ਸਰ੍ਹੋਂ ਨੂੰ ਤਾਂ ਫੁੱਲ ਲੱਗ ਜਾਂਦੇ, ਛੋਲਿਆਂ ਨੂੰ ਪਏ ਪਟਾਕਾ**

ਸਰ੍ਹੋਂ ਦੀ ਫ਼ਸਲ ਇਸ ਦੇ ਫੁੱਲ ਖਿੜਨ ਦੇ ਸਮੇਂ ਆਪਣੇ ਆਪ ਵਿੱਚ ਸੁਹੱਪਣ ਨਾਲ ਭਰਪੂਰ ਅਤੇ ਹਰ ਕਿਸੇ ਨੂੰ ਖਿੱਚ ਪਾਉਣ ਵਾਲੀ ਹੁੰਦੀ ਹੈ। ਕੁਝ ਅਜਿਹਾ ਹੋਣ ਕਾਰਨ ਹੀ ਕਿਸੇ ਲਈ ਕੋਈ ਪੀਲੀ ਚੁੰਨੀ ਲੈ ਕੇ ਸਬੰਧਤ ਦੇ ਖੇਤ ਦੀ ਸਰ੍ਹੋਂ ਬਣਨ ਦੀ ਕਲਪਨਾ ਕੁਝ ਇਸ ਤਰ੍ਹਾਂ ਕਰਦਾ ਹੈ;

**ਬੱਲੇ ਬੱਲੇ ਬਈ ਚੁੰਨੀ ਲੈ ਕੇ ਪੀਲੇ ਰੰਗ ਦੀ**
**ਤੇਰੇ ਖੇਤ ਦੀ ਸਰ੍ਹੋਂ ਬਣ ਜਾਵਾਂ**

ਪੰਜਾਬੀ ਲੋਕ ਗੀਤਾਂ, ਟੱਪਿਆਂ ਵਿੱਚ ਸਰ੍ਹੋਂ ਦਾ ਫੁੱਲ ਜਵਾਨ ਗੱਭਰੂ, ਮੁਟਿਆਰ ਦੇ ਰੂਪ ਵਿੱਚ ਚਿੱਤਰਿਆ ਮਿਲਦਾ ਹੈ। ਅਜਿਹਾ ਹੋਣ ਕਾਰਨ ਕੋਈ ਕਿਸੇ ਨੂੰ ਸਰ੍ਹੋਂ ਦੇ ਫੁੱਲ ਵਰਗੀ ਪ੍ਰਤੀਤ ਹੁੰਦੀ ਹੈ ਅਤੇ ਉਹ ਉਸ ਨੂੰ ਕੁਝ ਇਸ ਤਰ੍ਹਾਂ ਸਵਾਲ ਕਰਦਾ ਹੈ;

**ਕਿੱਥੇ ਚੱਲੀ ਐਂ ਸਰ੍ਹੋਂ ਦਾ ਫੁੱਲ ਬਣ ਕੇ**
**ਕੁੜੀਏ ਸਰ੍ਹੋਂ ਫੁੱਲੀਏ।**

ਕਿਸੇ ਦਾ ਪਹਿਰਾਵਾ ਕਿਸੇ ਨੂੰ ਸਰ੍ਹੋਂ ਦੇ ਫੁੱਲ ਵਰਗਾ ਲੱਗਦਾ ਹੈ ਅਤੇ ਅਜਿਹਾ ਹੋਣ ਕਾਰਨ ਸਬੰਧਤ ਬਹਾਰ ਵਰਗੀ ਪ੍ਰਤੀਤ ਹੁੰਦੀ ਹੈ;

**ਪਾ ਸਰ੍ਹੋਂ ਦੇ ਫੁੱਲ ਵਰਗਾ ਸੂਟ ਕੁੜੇ**
**ਨਿਕਲੀ ਫੁੱਲ ਬਣ ਕੇ ਬਸੰਤੀ ਰੰਗ ਦਾ**

ਕਿਸੇ ਮੁਟਿਆਰ ਨਾਲ ਕੁਝ ਇਸ ਤਰ੍ਹਾਂ ਵੀ ਵਾਪਰਦਾ ਹੈ ਕਿ ਸਬੰਧਤ ਨੂੰ ਮਿਲਿਆ ਹਾਣ ਦਾ ਗੱਭਰੂ ਰੰਗ ਪੱਖੋਂ ਕੁਝ ਉਸ ਦੇ ਮੇਚ ਦਾ ਨਹੀਂ ਹੁੰਦਾ। ਅਜਿਹੇ ਪੱਖ ਕਾਰਨ ਕਿਸੇ ਸੁੰਦਰ ਮੁਟਿਆਰ ਨੂੰ ਸਰ੍ਹੋਂ ਦੇ ਫੁੱਲ ਦੇ ਰੂਪ ਵਿੱਚ ਅਤੇ ਉਸ ਦੇ ਪਤੀ ਨੂੰ ਨਾਗ ਨਾਲ ਤੁਲਨਾ ਕੇ ਟੱਪਿਆਂ ਅਤੇ ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਪੇਸ਼ ਕੀਤਾ ਮਿਲਦਾ ਹੈ;

**ਲੈ ਗਿਆ ਸਰ੍ਹੋਂ ਦੇ ਫੁੱਲ ਵਰਗੀ, ਮੁੰਡਾ ਨੀਂ ਨਾਗ ਤੋਂ ਕਾਲਾ**

ਸਾਗ ਸਰਦੀਆਂ ਦਾ ਪੰਜਾਬੀਆਂ ਦਾ ਪਸੰਦੀਦਾ ਖਾਣਾ ਹੈ। ਮੁਟਿਆਰਾਂ ਵੱਲੋਂ ਸਾਗ ਬਣਾਉਣ ਲਈ ਖੇਤਾਂ ਵਿੱਚੋਂ ਸਰ੍ਹੋਂ ਨੂੰ ਤੋੜ ਕੇ ਲਿਆਂਦਾ ਜਾਂਦਾ ਹੈ। ਇਸ ਲਈ ਸਰ੍ਹੋਂ ਦਾ ਸਾਗ ਤੋੜਨ ਗਈ ਮੁਟਿਆਰ ਨੂੰ ਕੱਚੇ ਗੰਦਲ ਦੇ ਨਾਲ ਤੁਲਨਾਉਂਦਿਆਂ ਕੁਝ ਇਸ ਤਰ੍ਹਾਂ ਟੱਪਿਆਂ ਵਿੱਚ ਬਿਆਨਿਆ ਮਿਲਦਾ ਹੈ;

**ਕੱਚੀ ਗੰਦਲ ਸਰ੍ਹੋਂ ਦੀ ਫੁੱਲ ਵਰਗੀ**
**ਸਾਗ ਤੋੜੇ ਵਿੱਚ ਸਰ੍ਹੋਂ ਦੇ**

ਸਰ੍ਹੋਂ ਦੀ ਫ਼ਸਲ ਹਾੜ੍ਹੀ ਦੀ ਫ਼ਸਲ ਹੈ। ਸਰਦੀ ਦੇ ਮੌਸਮ ਵਿੱਚ ਵਧੇਰੇ ਸਰਦੀ ਅਤੇ ਕੋਰਾ ਪੈਣ ਕਾਰਨ ਇਸ ਦਾ ਨੁਕਸਾਨ ਵੀ ਹੁੰਦਾ ਹੈ। ਪੋਹ-ਮਾਘ ਵਿੱਚ ਪੈਂਦਾ ਕੋਰਾ ਇਸ ਦਾ ਵਧੇਰੇ ਨੁਕਸਾਨ ਕਰਦਾ ਹੈ। ਅਜਿਹਾ ਹੋਣ ਕਾਰਨ ਫਲੀਆਂ ਵਿੱਚ ਦਾਣੇ ਨਹੀਂ ਬਣਦੇ ਅਤੇ ਇਸ ਦਾ ਝਾੜ ਪ੍ਰਭਾਵਿਤ ਹੁੰਦਾ ਹੈ। ਲੋਕ ਸਿਆਣਪਾਂ, ਕਹਾਵਤਾਂ ਵਿੱਚ ਅਜਿਹੇ ਪੱਖ ਦਾ ਵਰਣਨ ਕੁਝ ਇਸ ਤਰ੍ਹਾਂ ਮਿਲਦਾ ਹੈ;

**ਜੇ ਪੱਛੋ ਚੱਲੇ ਪੋਹ ਵਿੱਚ**
**ਕੋਰਾ ਪਵੇ ਜ਼ਰੂਰ**
**ਨੁਕਸਾਨ ਕਰੇ ਸਰ੍ਹੋਂ ਫ਼ਸਲ ਦਾ**
**ਸਬਜ਼ੀ ਕਰੇ ਚਕਨਾ ਚੂਰ**

ਕੁਝ ਇਸ ਤਰ੍ਹਾਂ ਹੀ ਪੋਹ-ਮਾਘ ਮਹੀਨਿਆਂ ਦੌਰਾਨ ਪਾਲੇ ਕਾਰਨ ਸਰ੍ਹੋਂ ਦਾ ਨੁਕਸਾਨ ਹੋਣ ਸਬੰਧੀ ਟੱਪੇ ਬੋਲੀਆਂ ਵਿੱਚ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

**ਪੋਹ ਪਾਲਾ ਪਵੇ, ਬਹੁਤ ਵਿਗਾੜੇ**
**ਸਰ੍ਹੋਂ, ਤਾਰਾਮੀਰਾ ਤੇ ਛੋਲੇ ਮਾਰੇ**

ਸਰ੍ਹੋਂ ਕੇਵਲ ਤੇਲ ਬੀਜ ਪ੍ਰਦਾਨ ਕਰਨ ਵਾਲੀ ਫ਼ਸਲ ਹੀ ਨਹੀਂ, ਸਗੋਂ ਪੰਜਾਬੀਆਂ ਦੀ ਸਰਦੀ ਦੀ ਮਨ ਪਸੰਦੀਦਾ ਖ਼ੁਰਾਕ ਸਾਗ ਲਈ ਵੀ ਨਰਮ ਗੰਦਲਾਂ ਅਤੇ ਪੱਤਿਆਂ ਦੀ ਉਪਲੱਬਧਤਾ ਦਾ ਜ਼ਰੀਆ ਹੈ। ਔਰਤਾਂ ਵੱਲੋਂ ਸਾਗ ਬਣਾਉਣ ਲਈ ਸਰ੍ਹੋਂ ਦੀਆਂ ਗੰਦਲਾਂ ਤੋੜ ਕੇ ਲਿਆਂਦੀਆਂ ਜਾਂਦੀਆਂ ਹਨ। ਅਜਿਹੇ ਸਮੇਂ ਕਿਸੇ ਸਾਗ ਤੋੜਨ ਵਾਲੀ ਨੂੰ ਸਰ੍ਹੋਂ ਦਾ ਮਾਲਕ ਰੋਕਦਾ ਤਾਂ ਸਬੰਧਤ ਵੱਲੋਂ ਕੁਝ ਇਸ ਤਰ੍ਹਾਂ ਕਿਹਾ ਵੀ ਟੱਪਿਆਂ ਵਿੱਚ ਮਿਲਦਾ ਹੈ;

**ਸਾਗ ਤੋੜਦੀ ਮੁਰੱਬਿਆਂ ਵਾਲੀ**
**ਸਰ੍ਹੋਂ ਦਾ ਮਾਣ ਨਾ ਕਰੀਂ।**

ਸਰ੍ਹੋਂ ਫੁੱਲਾ ਰੰਗ ਪੰਜਾਬੀਆਂ ਵਿੱਚ ਕਾਫ਼ੀ ਹਰਮਨਪਿਆਰਾ ਹੈ। ਇਸ ਰੰਗ ਦਾ ਪਹਿਰਾਵਾ, ਚੁੰਨੀਆਂ, ਪੱਗਾਂ ਪੰਜਾਬੀਆਂ ਵੱਲੋਂ ਬੜੇ ਸ਼ੌਕ ਨਾਲ ਸਜਾਈਆਂ ਜਾਂਦੀਆਂ ਹਨ। ਸਰ੍ਹੋਂ ਰੰਗੀ ਪੱਗ ਵਾਲਾ ਕਿਸੇ ਲਈ ਖਿੱਚ ਦਾ ਕਾਰਨ ਵੀ ਕੁਝ ਇਸ ਤਰ੍ਹਾਂ ਹੁੰਦਾ ਹੈ;

**ਕਦੇ ਦੇਖ ਵੇ ਸਰ੍ਹੋਂ ਦੇ ਫੁੱਲ ਵਰਗੀ**
**ਮੁੰਡਿਆ ਸਰ੍ਹੋਂ ਰੰਗੀ ਪੱਗ ਵਾਲਿਆ**

ਪੰਜਾਬੀ ਮੁਹਾਵਰਿਆਂ ਅਤੇ ਕਹਾਵਤਾਂ ਵਿੱਚ ਸਰ੍ਹੋਂ ਦਾ ਜ਼ਿਕਰ ਵੱਖ ਵੱਖ ਰੂਪਾਂ ਵਿੱਚ ਮਿਲਦਾ ਹੈ। ਕੋਈ ਕਰਾਮਾਤ ਹੋਣ, ਕਿਸੇ ਵੱਲੋਂ ਝੱਟ ਪੱਟ ਫ਼ਲ ਦੀ ਉਮੀਦ, ਕੋਈ ਕੰਮ ਝੱਟ ਕਰਨ ਦੀ ਕਾਹਲ ਲਈ ਮੁਹਾਵਰਾ ਪ੍ਰਸਿੱਧ ਹੈ;

**ਹੱਥਾਂ 'ਤੇ ਸਰ੍ਹੋਂ ਜਮਾਉਣਾ।**

ਬਸੰਤ ਰੁੱਤ ਤੇ ਸਰ੍ਹੋਂ ਦਾ ਵਿਸ਼ੇਸ਼ ਸਬੰਧ ਹੈ। ਬਸੰਤ ਰੁੱਤ ਆਉਣ 'ਤੇ ਖੇਤਾਂ ਵਿੱਚ ਚਾਰੇ ਪਾਸੇ ਸਰ੍ਹੋਂ ਦੇ ਪੀਲੇ ਸੁੰਦਰ ਫੁੱਲ ਧਰਤੀ ਨੂੰ ਸ਼ਿੰਗਾਰਨ ਦਾ ਕੰਮ ਕਰਦੇ ਹਨ। ਇਸ ਸਮੇਂ ਸਰ੍ਹੋਂ ਦੇ ਫੁੱਲਾਂ ਦੀ ਭਿੰਨੀ ਭਿੰਨੀ ਖ਼ੁਸ਼ਬੋ ਖੇਤਾਂ ਵਿੱਚ ਮਹਿਸੂਸ ਹੋਣ ਲੱਗਦੀ ਹੈ। ਬਸੰਤ ਪੰਚਮੀ ਵਾਲੇ ਦਿਨ ਲੋਕਾਂ ਵੱਲੋਂ ਸਰ੍ਹੋਂ ਫੁੱਲੇ ਰੰਗ ਦੇ ਕੱਪੜੇ ਪਹਿਨੇ ਜਾਂਦੇ ਹਨ। ਸਰ੍ਹੋਂ ਫੁੱਲਾ ਰੰਗ ਕ੍ਰਾਂਤੀ ਦਾ ਵੀ ਪ੍ਰਤੀਕ ਹੈ। ਅਜਿਹਾ ਹੋਣ ਕਾਰਨ 'ਮੇਰਾ ਰੰਗ ਦੇ ਬਸੰਤੀ ਚੋਲਾ' ਗੀਤ ਦੇ ਬੋਲ ਪ੍ਰਸਿੱਧ ਹਨ।

ਇਸੇ ਤਰ੍ਹਾਂ ਸਰ੍ਹੋਂ ਸਬੰਧੀ ਕੁਝ ਲੋਕ ਵਿਸ਼ਵਾਸ ਵੀ ਪ੍ਰਚੱਲਿਤ ਹਨ। ਜੇਕਰ ਕਿਸੇ ਔਰਤ ਦੇ ਬੱਚਾ ਨਾ ਹੁੰਦਾ ਹੋਵੇ ਤਾਂ ਉਸ ਤੋਂ ਸਰ੍ਹੋਂ ਦੇ ਕੁਝ ਬੀਜ ਬਿਜਵਾਏ ਜਾਂਦੇ ਹਨ। ਅਜਿਹਾ ਵਿਸ਼ਵਾਸ ਕੀਤਾ ਜਾਂਦਾ ਕਿ ਇਸ ਤਰ੍ਹਾਂ ਸਰ੍ਹੋਂ ਹਰੀ ਹੋਣ ਨਾਲ ਸਬੰਧਤ ਦੀ ਕੁੱਖ ਵੀ ਹਰੀ ਹੋ ਜਾਵੇਗੀ। ਇਸ ਤਰ੍ਹਾਂ ਦੀਵਾਲੀ ਵਾਲੇ ਦਿਨ ਸਰ੍ਹੋਂ ਦਾ ਤੇਲ ਜਲਾਉਣ, ਭਾਵ ਇਸ ਨਾਲ ਗੁਲਗਲੇ, ਮੱਠੀਆਂ ਵਰਗੇ ਖਾਧ ਪਦਾਰਥ ਬਣਾਉਣ ਨੂੰ ਚੰਗਾ ਮੰਨਿਆ ਜਾਂਦਾ ਹੈ। ਪੁਰਾਣੇ ਸਮਿਆਂ ਤੋਂ ਰੋਸ਼ਨੀ ਲਈ ਦੀਵਿਆਂ ਵਿੱਚ ਸਰ੍ਹੋਂ ਦਾ ਤੇਲ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਬਹੁਤ ਸਾਰੇ ਪੀਰਾਂ ਆਦਿ ਦੇ ਸਥਾਨਾਂ 'ਤੇ ਅੱਜ ਵੀ ਸਰ੍ਹੋਂ ਦੇ ਤੇਲ ਦੇ ਚਿਰਾਗ ਬਾਲੇ ਜਾਂਦੇ ਹਨ। ਮਜ਼ਾਰਾਂ ਆਦਿ 'ਤੇ ਤੇਲ ਚੜ੍ਹਾਉਣ ਦੀ ਪਰੰਪਰਾ ਦਰਸਾਉਂਦੀ ਹੈ ਕਿ ਸਰ੍ਹੋਂ ਦੇ ਤੇਲ ਦੀ ਮਹੱਤਤਾ ਅਤੇ ਉਪਯੋਗਤਾ ਪੁਰਾਤਨ ਸਮਿਆਂ ਤੋਂ ਰਹੀ ਹੈ। ਇਸ ਦੇ ਨਾਲ ਸਰ੍ਹੋਂ ਦੇ ਬੀਜ ਪੁਰਾਣੇ ਹੋਣ 'ਤੇ ਇਸ ਵਿੱਚੋਂ ਤੇਲ ਨਿਕਲਣ ਦੀ ਮਾਤਰਾ ਵਿੱਚ ਵਾਧਾ ਵੀ ਹੁੰਦਾ ਹੈ।

ਇਸ ਤਰ੍ਹਾਂ ਜਿੱਥੇ ਸਰ੍ਹੋਂ ਹਾੜ੍ਹੀ ਦੀ ਫ਼ਸਲ ਹੋਣ ਕਾਰਨ ਕਿਸਾਨੀ ਦੀ ਆਰਥਿਕਤਾ ਦਾ ਹਿੱਸਾ ਹੈ, ਉੱਥੇ ਖ਼ੁਰਾਕੀ ਤੇਲ ਦਾ ਮੁੱਖ ਸਰੋਤ ਹੈ। ਸਰ੍ਹੋਂ ਬਸੰਤ ਰੁੱਤ ਵਿੱਚ ਧਰਤੀ ਨੂੰ ਸ਼ਿੰਗਾਰਨ ਦਾ ਕੰਮ ਵੀ ਕਰਦੀ ਹੈ। ਸਰ੍ਹੋਂ ਦਾ ਸਾਗ ਪੰਜਾਬੀਆਂ ਦੀ ਸਰਦੀ ਦੀ ਪਸੰਦੀਦਾ ਖ਼ੁਰਾਕ ਹੋਣ ਕਾਰਨ ਪੰਜਾਬੀ ਲੋਕ ਗੀਤਾਂ, ਟੱਪਿਆਂ, ਬੋਲੀਆਂ ਵਿੱਚ ਇਸ ਸਬੰਧੀ ਜ਼ਿਕਰ ਮਿਲਦਾ ਹੈ।


CJ Singh
Broker License # 24012019
206-295-5993
Cjs@realtorcjs.com
HOMESMART ONE REALTY

Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
HomeSmart One Realty
16329 Cascadian Way
Bothell, WA 98012
Each brokerage independently owned and operated



SINGHS TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

# ਮੇਰੇ ਭੰਗੜੇ ਨੂੰ ਮੰਨਦੈ ਜਹਾਨ ਰਾਣੀਏ



ਭੰਗੜਾ ਗੱਭਰੂਆਂ ਵੱਲੋਂ ਪਾਇਆ ਜਾਣ ਵਾਲਾ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਹੈ ਜੋ ਫ਼ਸਲਾਂ ਪੱਕਣ ਸਮੇਂ, ਵਿਆਹ-ਸ਼ਾਦੀ ਸਮੇਂ, ਮੇਲਿਆਂ ਸਮੇਂ ਅਤੇ ਹੋਰ ਖ਼ੁਸ਼ੀ ਦੇ ਸਮਾਗਮਾਂ 'ਤੇ ਪਾਇਆ ਜਾਂਦਾ ਹੈ। ਪ੍ਰਸਿੱਧ ਲੋਕਧਾਰਾ ਵਿਗਿਆਨੀ ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ ਸ਼ਬਦਾਂ ਵਿੱਚ, 'ਪਹਿਲਾਂ ਪਹਿਲ ਜਦੋਂ ਪੰਜਾਬੀਆਂ ਨੇ ਹਰੀਆਂ ਫ਼ਸਲਾਂ ਨੂੰ ਸੁਨਹਿਰੀ ਸਿੱਟੇ ਪੈਂਦੇ ਵੇਖੇ ਤਾਂ ਉਨ੍ਹਾਂ ਦਾ ਮਨ ਹੁਲਾਰੇ ਵਿੱਚ ਆ ਕੇ ਨੱਚ ਖਲੋਤਾ। ਲੰਮੀ ਘਾਲਣਾ ਤੇ ਕਰੜੀ ਮਿਹਨਤ ਨੂੰ ਸੁਨਹਿਰੀ ਫਲ ਲੱਗਿਆ ਵੇਖ, ਕਿਸ ਦਾ ਦਿਲ ਨਹੀਂ ਨੱਚ ਉੱਠਦਾ? ਮੁੱਢ ਵਿੱਚ ਇਹ ਨਾਚ ਫ਼ਸਲਾਂ ਦੀ ਉਪਜਾਊ ਸ਼ਕਤੀ ਵਧਾਉਣ ਲਈ ਕੀਤੀਆਂ ਰੀਤਾਂ-ਰਸਮਾਂ ਸਮੇਂ ਖੁੱਲ੍ਹੇ ਖੇਤਾਂ ਵਿੱਚ ਨੱਚਿਆ ਜਾਂਦਾ ਸੀ।"

ਭੰਗੜੇ ਦਾ ਸਬੰਧ ਕਿਉਂਕਿ ਤਾਲ ਅਤੇ ਢੋਲ ਨਾਲ ਹੈ, ਇਸ ਲਈ ਕੁਝ ਵਿਦਵਾਨਾਂ ਅਨੁਸਾਰ ਇਸ ਦਾ ਜਨਮ ਭੰਗ ਅਤੇ ਸ਼ਿਵ ਜੀ ਦੇ ਡਮਰੂ ਤੋਂ ਹੋਇਆ। ਇੱਕ ਹੋਰ ਧਾਰਨਾ ਅਨੁਸਾਰ ਭੰਗੜੇ ਦਾ ਜਨਮ ਭੰਗ ਤੋਂ ਹੋਇਆ। ਭੰਗ ਪੀ ਕੇ ਭਾਂਗੜੀਆਂ ਦੁਆਰਾ ਕੀਤਾ ਜਾਣ ਵਾਲਾ ਨਾਚ ਹੀ ਭੰਗੜਾ ਅਖਵਾਇਆ, ਪਰ ਕਿਸੇ ਵੀ ਨਾਚ ਦਾ ਜਨਮ ਉਸ ਦੇ ਸ਼ਬਦਾਂ ਦੀ ਵਿਉਂਤਬੰਦੀ ਤੋਂ ਲਗਾਉਣਾ ਵਧੇਰੇ ਠੀਕ ਨਹੀਂ ਹੈ। ਬਲਕਿ ਕਿਸੇ ਵੀ ਨਾਚ ਦੀਆਂ ਮੁਦਰਾਵਾਂ ਨੂੰ ਖ਼ ?ਆਲ ਵਿੱਚ ਰੱਖਣਾ ਵਧੇਰੇ ਠੀਕ ਹੈ। ਢੋਲ ਦੀਆਂ ਤਾਲਾਂ ਦਾ ਬੁਨਿਆਦੀ ਆਧਾਰ, ਮੁਦਰਾਵਾਂ ਦੀ ਪ੍ਰਾਚੀਨਤਾ ਅਤੇ ਨਾਚ ਦੁਆਰਾ ਪੈਦਾ ਹੋਣ ਵਾਲੇ ਭਾਵਾਂ ਦੀ ਸਾਰਥਿਕਤਾ ਨੂੰ ਮੁੱਖ ਰੱਖ ਕੇ ਆਖਿਆ ਜਾ ਸਕਦਾ ਹੈ ਕਿ ਭੰਗੜਾ ਖ਼ੁਸ਼ੀ ਸਮੇਂ ਦਾ ਨਾਚ ਹੈ। ਇਸ ਦੀਆਂ ਮੁੱਖ ਪੰਜ ਤਾਲਾਂ ਹਨ- ਭੰਡਾਰਾ, ਦੰਗਲ, ਭੰਗੜਾ, ਝੂਮਰ ਅਤੇ ਲੁੱਡੀ। ਲੁੱਡੀ ਅਤੇ ਝੂਮਰ ਦੋ ਵੱਖਰੇ ਨਾਚ ਹਨ, ਜਿਨ੍ਹਾਂ ਦੀਆਂ ਕੁਝ ਮੁਦਰਾਵਾਂ ਅਤੇ ਤਾਲਾਂ ਨੂੰ ਭੰਗੜੇ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਭੰਡਾਰੇ ਦੀ ਤਾਲ ਧੀਮੀ ਅਤੇ ਇੱਕ ਸਾਰ ਵੱਜਣ ਵਾਲੀ ਹੈ ਜੋ ਯੱਗਾਂ ਅਤੇ ਭੰਡਾਰੇ ਸਮੇਂ ਸਾਂਝੀ ਖ਼ੁਸ਼ੀ ਪ੍ਰਗਟਾਉਣ ਲਈ ਵਰਤੀ ਜਾਂਦੀ ਸੀ। ਦੰਗਲ, ਭਲਵਾਨੀ ਵਾਲੀ ਅਤੇ ਅਖਾੜਿਆਂ ਵਿੱਚ ਛਿੰਝ ਸਮੇਂ ਵੱਜਦੀ ਜੰਗੀ ਵਰਤਾਰੇ ਵਾਲੀ ਤਾਲ ਹੈ। ਇਸ ਵਿੱਚ ਜ਼ਿਆਦਾ ਜ਼ੋਰ ਡੱਗੇ ਦੀ ਮਾਤਰਾ 'ਤੇ ਦਿੱਤਾ ਜਾਂਦਾ ਹੈ।

ਭੰਗੜੇ ਸਮੇਂ ਪਹਿਰਾਵਾ ਵੀ ਵਿਸ਼ੇਸ਼ ਹੁੰਦਾ ਹੈ। ਕਲੀਆਂ ਵਾਲਾ ਕੁੜਤਾ, ਤੇੜ ਚਾਦਰਾ, ਸ਼ਮਲੇ ਵਾਲੀ ਪੱਗ ਅਤੇ ਉੱਪਰ ਦੀ ਕਢਾਈ ਵਾਲੀ ਨਹਿਰੂ ਜਾਕਟ ਵੀ ਸ਼ਿੰਗਾਰ ਬਣਦੀ ਹੈ। ਆਮ ਸਟੇਜਾਂ 'ਤੇ ਜੁੱਤੀ ਨਹੀਂ ਪਾਈ ਜਾਂਦੀ, ਪਰ ਖੁੱਲ੍ਹੇ ਥਾਵਾਂ 'ਤੇ ਭੰਗੜਾ ਪਾਉਣ ਸਮੇਂ ਤਿੱਲੇਦਾਰ ਪੰਜਾਬੀ ਜੁੱਤੀ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸ਼ਮਲਿਆਂ ਨੂੰ ਬੰਨ੍ਹਣ ਦੇ ਵੀ ਤਿੰਨ ਚਾਰ ਤਰੀਕੇ ਹਨ। ਰਵਾਇਤੀ ਗਹਿਣੇ ਜਿਵੇਂ ਨੱਤੀਆਂ, ਮੁੰਦਰੇ, ਕੈਂਠਾ ਆਦਿ ਵੀ ਪਾ ਲਏ ਜਾਂਦੇ ਹਨ। ਮਕਸਦ ਇੱਕੋ ਹੁੰਦਾ ਹੈ, ਖ਼ੂਬਸੂਰਤ ਦਿੱਖ ਨਾਲ ਸਭ ਨੂੰ ਆਕਰਸ਼ਿਤ ਕਰਨਾ। ਇਸ ਨਾਚ ਵਿੱਚ ਢੋਲੀ ਦਾ ਮੁੱਖ ਰੋਲ ਹੁੰਦਾ ਹੈ ਕਿਉਂਕਿ ਸਾਰਾ ਨਾਚ ਢੋਲ ਦੀ ਤਾਲ ਅਨੁਸਾਰ ਹੀ ਚੱਲਦਾ ਹੈ। ਤਾਲ ਦੇ ਬਦਲਣ 'ਤੇ ਹੀ ਨਾਚ ਦੀਆਂ ਮੁਦਰਾਵਾਂ ਵੀ ਬਦਲ ਜਾਂਦੀਆਂ ਹਨ। ਬੋਲੀਆਂ ਅਤੇ ਗੀਤ ਨਾਚ ਨੂੰ ਗਤੀ ਦਿੰਦੇ ਹਨ। ਬੋਲੀ, ਗੀਤ, ਨਾਚ ਦੀਆਂ ਮੁਦਰਾਵਾਂ ਜਿਨ੍ਹਾਂ ਵਿੱਚ ਹੱਥਾਂ ਅਤੇ ਪੈਰਾਂ ਦੀ ਗਤੀ ਹੁੰਦੀ ਹੈ ਅਤੇ ਢੋਲ ਦਾ ਤਾਲ ਇਹ ਸਭ ਇੱਕ ਸੁਰ ਵਿੱਚ ਹੋਣੇ ਬਹੁਤ ਜ਼ਰੂਰੀ ਹਨ। ਬੋਲੀ ਦੇ ਬਦਲਣ, ਢੋਲ ਦੀ ਤਾਲ ਦੇ ਬਦਲਣ ਅਨੁਸਾਰ ਹੀ ਮੁਦਰਾਵਾਂ ਵਿੱਚ ਤਬਦੀਲੀ ਆਉਂਦੀ ਹੈ ਅਤੇ ਇਸ ਸਭ ਵਿੱਚ ਲਗਾਤਾਰਤਾ ਹੋਣੀ ਬਹੁਤ ਜ਼ਰੂਰੀ ਹੈ। ਜੋਸ਼ ਅਤੇ ਉਤਸ਼ਾਹ ਦਾ ਬਣਿਆ ਰਹਿਣਾ ਭੰਗੜੇ ਨੂੰ ਲੋਕਾਂ ਦੇ ਦਿਲ ਦੀ ਧੜਕਣ ਨਾਲ ਜੋੜਦਾ ਹੈ।

ਇਸ ਨਾਚ ਵਿੱਚ ਪੇਂਡੂ ਸਾਜ਼ ਵਰਤੇ ਜਾਂਦੇ ਹਨ। ਇੱਕਤਾਰਾ, ਛੈਣੇ, ਤੂੰਬਾ, ਚਿਮਟਾ, ਘੜਾ, ਸੱਪ, ਕਾਟੋ ਆਦਿ, ਪਰ ਮੁੱਖ ਸਾਜ਼ ਢੋਲ ਹੀ ਹੈ ਅਤੇ ਬਾਕੀ ਸਾਰੇ



ਜਸਵਿੰਦਰ ਸਿੰਘ ਰੁਪਾਲ
9814715796


ਸਾਜ਼ ਢੋਲ ਦੀ ਤਾਲ ਨੂੰ ਪੂਰਨ ਲਈ ਹੀ ਵਰਤੇ ਜਾਂਦੇ ਹਨ। ਢੋਲ ਤੋਂ ਬਿਨਾਂ ਭੰਗੜਾ ਨਿਰਜਿੰਦ ਹੈ। ਭੰਗੜੇ ਵਿੱਚ ਬੋਲੀਆਂ ਅਤੇ ਗੀਤ ਦੋਵੇਂ ਹੁੰਦੇ ਹਨ ਜਦੋਂਕਿ ਗਿੱਧੇ ਵਿੱਚ ਸਿਰਫ਼ ਬੋਲੀਆਂ ਹੀ ਹੁੰਦੀਆਂ ਹਨ। ਭੰਗੜੇ ਵਿੱਚ ਗਾਏ ਜਾਣ ਵਾਲੇ ਗੀਤ ਜ਼ਰੂਰੀ ਨਹੀਂ ਕਿ ਪੂਰੇ ਗਾਏ ਜਾਣ। ਕਿਸੇ ਗੀਤ ਦਾ ਇੱਕ, ਕਿਸੇ ਦੇ ਦੋ ਬੰਦ ਹੀ ਕਾਫ਼ੀ ਹੁੰਦੇ ਹਨ। ਗਿੱਧੇ ਤੋਂ ਉਲਟ ਇਸ ਵਿੱਚ ਮੌਖਿਕ ਵਾਰਤਾਲਾਪ ਨੂੰ ਕੋਈ ਵਿਸ਼ੇਸ਼ ਥਾਂ ਨਹੀਂ ਦਿੱਤੀ ਜਾਂਦੀ।

**ਇਹ ਗੱਭਰੂ ਦੇਸ਼ ਪੰਜਾਬ ਦੇ**
**ਉੱਡਦੇ ਵਿੱਚ ਹਵਾ।**
**ਇਹ ਨੱਚ ਨੱਚ ਪਾਉਂਦੇ ਭੰਗੜੇ**
**ਤੇ ਦਿੰਦੇ ਧਰਤ ਹਿਲਾ।**
**ਹੋ ਬੱਲੇ ਬੱਲੇ ਜਵਾਨਾ।**
**ਬੱਲੇ ਬੱਲੇ ਬੱਲੇ ਬੱਲੇ।**

***

**ਸਾਡੇ ਪਿੰਡ ਦੇ ਮੁੰਡੇ ਦੇਖ ਲਓ**
**ਜਿਉਂ ਟਾਹਲੀ ਦੇ ਪਾਵੇ ।**
**ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰਾ**
**ਜਿਉਂ ਬਗਲਾ ਤਲਾਅ ਵਿੱਚ ਨ੍ਹਾਵੇ।**
**ਭੰਗੜਾ ਪਾਉਂਦੇ ਮੁੰਡਿਆਂ ਦੀ**
**ਸਿਫਤ ਕਰੀ ਨਾ ਜਾਵੇ।**

***

**ਦੇਸ਼ ਪੰਜਾਬ ਦੇ ਮੁੰਡੇ ਦੇਖ ਲਓ**
**ਜਿਵੇਂ ਲੜੀਆਂ ਦੀਆਂ ਲੜੀਆਂ।**
**'ਕੱਠੇ ਹੋ ਕੇ ਪਾਉਣ ਬੋਲੀਆਂ**
**ਮੁੱਛਾਂ ਰੱਖਦੇ ਖੜ੍ਹੀਆਂ।**
**ਰਲ ਮਿਲ ਕੇ ਫੇਰ ਪਾਉਣ ਭੰਗੜਾ**
**ਸਹਿਣ ਨਾ ਕਿਸੇ ਦੀਆਂ ਤੜੀਆਂ।**
**ਐਰ ਗੈਰ ਨਾਲ ਗੱਲ ਨਹੀਂ ਕਰਦੇ**
**ਵਿਆਹ ਕੇ ਲਿਆਵਣ ਪਰੀਆਂ।**
**ਬੇਲਾਂ ਧਰਮ ਦੀਆਂ**
**ਵਿੱਚ ਦਰਗਾਹ ਦੇ ਹਰੀਆਂ।**

***

**ਮੈਂ ਤਾਂ ਤੈਨੂੰ ਲੈਣ ਆ ਗਿਆ**
**ਤੂੰ ਵੜ ਬੈਠੀ ਖੂੰਜੇ।**
**ਨੀਂ ਲੈ ਕੇ ਜਾਊਂਗਾ**
**ਮੋਤੀ ਬਾਗ਼ ਦੀਏ ਕੂੰਜੇ।**

ਭਾਵੇਂ ਭੰਗੜੇ ਦੀਆਂ ਬੋਲੀਆਂ ਅਤੇ ਗੀਤਾਂ ਦੀ ਚੋਣ ਵਿੱਚ ਕਾਫ਼ੀ ਖੁੱਲ੍ਹ ਹੁੰਦੀ ਹੈ, ਪਰ ਫਿਰ ਵੀ ਗਾਉਣ, ਨੱਚਣ ਅਤੇ ਢੋਲ ਦੀਆਂ ਤਾਲਾਂ ਇਹ ਫ਼ੈਸਲਾ ਕਰਦੀਆਂ ਹਨ ਕਿ ਕੀ ਇਹ ਬੋਲੀ ਜਾਂ ਗੀਤ ਭੰਗੜੇ ਲਈ ਢੁੱਕਵਾਂ ਹੈ ਜਾਂ ਨਹੀਂ। ਗਿੱਧੇ ਦੀਆਂ ਲਗਭਗ ਸਾਰੀਆਂ ਬੋਲੀਆਂ ਦੀ ਆਖਰੀ ਪੰਕਤੀ ਇੱਕ ਸਿਖਰ 'ਤੇ ਜਾਂਦੀ ਹੈ, ਜਿਸ 'ਤੇ ਗਿੱਧਾ ਪੂਰੇ ਜ਼ੋਰ ਨਾਲ ਪੈਂਦਾ ਹੈ ਅਤੇ ਉਸ ਪੰਕਤੀ ਦਾ ਕਾਫ਼ੀ ਦੁਹਰਾਅ ਵੀ ਹੁੰਦਾ ਹੈ, ਪਰ ਭੰਗੜੇ ਲਈ ਇਹ ਜ਼ਰੂਰੀ ਨਹੀਂ ਹੁੰਦਾ। ਭੰਗੜੇ ਵਿੱਚ ਤਾਂ ਸਗੋਂ ਬਹੁਤੀ ਵਾਰ ਲੰਮੀ ਬੋਲੀ ਤੇ ਗੀਤ ਇੱਕ ਟਿਕਾਅ ਨਾਲ ਵੀ ਗਾਏ ਜਾਂਦੇ ਹਨ। ਭੰਗੜੇ ਵਿੱਚ ਸਿਰਫ਼ ਬੋਲੀਆਂ ਹੀ ਨਹੀਂ, ਗੀਤ ਵੀ ਗਾਏ ਜਾਂਦੇ ਹਨ, ਗੀਤ ਪੁਰਾਣੇ ਵੀ ਹੋ ਸਕਦੇ ਹਨ ਅਤੇ ਨਵੇਂ ਗਾਇਕਾਂ ਦੇ ਗੀਤਾਂ 'ਤੇ ਵੀ ਭੰਗੜਾ ਪੈਂਦਾ ਦੇਖਿਆ ਗਿਆ ਹੈ। ਕੁਝ ਗੀਤ ਜੋ ਭੰਗੜੇ ਦੇ ਕਲੀ ਦੇ ਅੰਦਾਜ਼ ਵਿੱਚ ਵੀ ਹਨ, ਉਹ ਢੋਲ ਦੀ ਮਿੱਠੀ ਲੈਅ ਤੇ ਟਿਕਵੇਂ ਪੱਬ ਮਾਰ ਕੇ ਪੇਸ਼ ਕੀਤੇ ਜਾਂਦੇ ਹਨ।

**ਓ ਬਈ ਚੜ੍ਹਦੇ ਮਿਰਜ਼ੇ ਖ਼ਾਨ ਨੂੰ**
**ਵੱਡੀ ਭਾਬੀ ਲੈਂਦੀ ਥੰਮ।**
**ਵੇਂ ਮੈਂ ਕਦੇ ਨਾ ਦਿਓਰ ਵੰਗਾਰਿਆ**
**ਵੇ ਤੂੰ ਕਦੇ ਨਾ ਆਇਓਂ ਕੰਮ।**
**ਜੇ ਤੂੰ ਚੱਲਿਆ ਏਂ ਭੁੱਖਾ ਰਿਜਕ ਦਾ**
**ਮੇਰੀਆਂ ਭੂਰੀਆਂ ਲੈ ਆ ਬੰਨ੍ਹ।**
**ਜੇ ਤੂੰ ਚੱਲਿਆ ਏਂ ਵਿਆਹ ਕਰਵਾਉਣ ਨੂੰ**
**ਮੇਰੇ ਪੇਕੇ ਲੈ ਚੱਲ ਜੰਨ।**
**ਤੈਨੂੰ ਆਪ ਤੋਂ ਛੋਟੀ ਵਿਆਹ ਦਿਆਂ**
**ਜੱਟਾਂ ਰੂਪ ਵੇ ਜੱਟੀ ਦਾ ਧੰਨ।**
**ਆਖੇ ਲੱਗ ਮੰਨ ਮੇਰੀਆਂ**
**ਬੱਕੀ ਮੋੜ ਕੇ ਤਬੇਲੇ ਬੰਨ੍ਹ।**

ਇਸ ਦੇ ਨਾਲ ਹੀ ਇਸੇ ਅੰਦਾਜ਼ ਵਿੱਚ ਇਹ ਕਲੀ ਵੀ ਮਕਬੂਲ ਹੈ;

**ਹੁਜਰੇ ਸ਼ਾਹ ਹਕੀਮ ਦੇ ਇੱਕ ਜੱਟੀ ਅਰਜ਼ ਕਰੇ।**
**ਵੇ ਮੈਂ ਬੱਕਰਾ ਦਿੰਨੀ ਆਂ ਪੀਰ ਦਾ,**
**ਮੇਰੇ ਸਿਰ ਦਾ ਕੰਤ ਮਰੇ।**
**ਪੰਜ ਸੱਤ ਮਰਨ ਗਵਾਂਢਣਾਂ,**
**ਬਾਕੀ ਰਹਿੰਦੀਆਂ ਨੂੰ ਤਾਪ ਚੜ੍ਹੇ।**
**ਕੁੱਤੀ ਮਰੇ ਫਕੀਰ ਦੀ,**
**ਜਿਹੜੀ ਚਊਂ ਚਊਂ ਨਿਤ ਕਰੇ।**
**ਹੱਟੀ ਢਹੇ ਕਰਾੜ ਦੀ ਜਿੱਥੇ ਦੀਵਾ ਨਿਤ ਬਲੇ।**
**ਗਲੀਆਂ ਹੋਵਣ ਸੁੰਨੀਆ ਵਿੱਚ ਮਿਰਜ਼ਾ ਯਾਰ ਫਿਰੇ।**

***

**ਬਹਿ ਕੇ ਵੇਖ ਜਵਾਨਾ ਬਾਬੇ ਭੰਗੜਾ ਪਾਉਂਦੇ ਨੇ।**

***

**ਰੰਗਲੇ ਪੰਜਾਬ ਦੀਆਂ ਕੀ ਕੀ ਸਿਫਤਾਂ ਸੁਣਾਵਾਂ।**

***

**ਮਣਕੇ ਮਣਕੇ ਮਣਕੇ**
**ਗੱਲ ਚਾਂਦੀ ਦੇ ਰੁਪਈਏ ਵਾਂਗੂ ਠਣਕੇ।**

***

**ਅੱਜ ਸਾਰਿਆਂ ਨੂੰ ਭੰਗੜਾ ਪਾਉਣ ਦਿਓ**
**ਕਿ ਅੱਜ ਖ਼ੁਸ਼ੀ ਮਨਾਈਏ।**

***

**ਪਿੜਾਂ ਦੇ ਵਿਚਾਲੇ ਪੈਣ ਭੰਗੜੇ**
**ਸ਼ੌਕੀਨ ਜੱਟ ਪਾਵੇ ਬੋਲੀਆਂ।**

ਧਨੀ ਰਾਮ ਚਾਤ੍ਰਿਕ ਦੀ ਕਵਿਤਾ ਅੱਜ ਵੀ ਉਹੀ ਆਨੰਦ ਦਿੰਦੀ ਹੈ।

**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ**

ਕਦੇ ਕਦੇ ਛੋਟੀ ਬੋਲੀ 'ਤੇ ਭੰਗੜਾ ਪਾਇਆ ਜਾਂਦਾ ਹੈ ਅਤੇ ਕਿਤੇ ਲੰਮੀ ਬੋਲੀ ਪਾਈ ਜਾਂਦੀ ਹੈ ਜਿਸ 'ਤੇ ਬੋਲੀ ਦੀ ਚਾਲ ਮੁਤਾਬਕ ਨਾਚ ਧੀਮਾ ਹੁੰਦਾ ਹੈ, ਪਰ ਬੋਲੀ ਦੇ ਸਿਖਰ 'ਤੇ ਪਹੁੰਚਣ ਤੱਕ ਚਾਲ ਵੀ ਤੇਜ਼ ਹੋ ਜਾਂਦੀ ਹੈ। ਭੰਗੜੇ ਵਿੱਚ ਸਾਰੇ ਮੁੰਡੇ ਆਪ ਬੋਲੀਆਂ ਨਹੀਂ ਪਾਉਂਦੇ। ਕਿਤੇ ਤਾਂ ਢੋਲੀ ਹੀ ਬੋਲੀ ਪਾਉਂਦਾ ਹੈ। ਕਿਤੇ ਸਟੇਜ ਦੇ ਇੱਕ ਪਾਸੇ ਇੱਕ ਦੋ ਜਵਾਨ ਸਿਰਫ਼ ਬੋਲੀ ਪਾਉਣ ਲਈ ਹੀ ਖੜ੍ਹੇ ਹੁੰਦੇ ਹਨ। ਗਿੱਧੇ ਵਿੱਚ ਅਖੀਰਲੀ ਸਤਰ ਨੂੰ ਗਿੱਧਾ ਪਾਉਂਦੀ ਹਰ ਮੁਟਿਆਰ ਬੋਲਦੀ ਹੈ, ਪਰ ਭੰਗੜੇ ਵਿੱਚ ਜ਼ਿਆਦਾਤਰ ਹਰਕਤ ਹੀ ਹੁੰਦੀ ਹੈ, ਬੋਲੀਆਂ ਸਾਰੇ ਨਹੀਂ ਪਾਉਂਦੇ। ਗੀਤਾਂ ਵਿੱਚ ਕਦੀ ਕਦੀ ਲੋਕ ਕਿੱਸੇ ਵੀ ਛੋਹ ਲਏ ਜਾਂਦੇ ਹਨ ਜਿਨ੍ਹਾਂ ਵਿੱਚ ਜਿਊਣਾ ਮੌੜ, ਦੁੱਲਾ ਭੱਟੀ ਆਦਿ ਵਰਗੇ ਵੀ ਸ਼ਾਮਲ ਹੁੰਦੇ ਹਨ। ਭੰਗੜੇ 'ਤੇ ਮਾਣ ਕਰਦਾ ਗੀਤ ਦੇਖੋ;

**ਪਾਵਾਂ ਭੰਗੜਾ ਤੇ ਸਾਰਾ ਸੰਸਾਰ ਨੱਚ ਪਏ।**
**ਜੇ ਮੈਂ ਵਾਰ ਕਿਤੇ ਗਾਵਾਂ ਤਲਵਾਰ ਨੱਚ ਪਏ।**
**ਆਉਣ ਖ਼ੁਸ਼ੀਆਂ 'ਚ ਸਾਰੇ ਨਰ ਨਾਰ ਰਾਣੀਏ।**
**ਮੇਰੇ ਭੰਗੜੇ ਨੂੰ ਮੰਨਦੈ ਸੰਸਾਰ ਰਾਣੀਏ।**

ਅੱਜਕੱਲ੍ਹ ਦਾ ਸਮਾਂ ਡੀਜੇ ਵਾਲਾ ਹੈ। ਉੱਚੀ ਉੱਚੀ ਗਾਣੇ ਲਾ ਕੇ ਵੀ ਭੰਗੜਾ ਪਾਇਆ ਜਾਂਦਾ ਹੈ, ਪਰ ਅੱਜ ਦੇ ਦੌਰ ਵਿੱਚ ਭੰਗੜਾ, ਗਿੱਧੇ ਤੋਂ ਪਿੱਛੇ ਰਹਿ ਗਿਆ ਹੈ। ਗਿੱਧਾ ਪਾਉਣ ਲਈ ਦੋ ਜਾਂ ਵੱਧ ਅਣਜਾਣ ਕੁੜੀਆਂ ਵੀ ਬਹੁਤ ਜਲਦੀ ਇੱਕ ਮਿੱਕ ਹੋ ਕੇ ਗਿੱਧਾ ਪਾ ਸਕਦੀਆਂ ਹਨ, ਜਿਨ੍ਹਾਂ ਨੇ ਕੋਈ ਸਪੈਸ਼ਲ ਟਰੇਨਿੰਗ ਨਹੀਂ ਲਈ ਹੁੰਦੀ ਅਤੇ ਨਾ ਹੀ ਇਨ੍ਹਾਂ ਨੂੰ ਪਹਿਲਾਂ ਕਿਸੇ ਰਿਆਜ਼ ਦੀ ਲੋੜ ਹੁੰਦੀ ਹੈ, ਪਰ ਭੰਗੜਾ ਤਾਂ ਹੁਣ ਇੱਕ ਵਿਸ਼ੇਸ਼ ਨਾਚ ਬਣ ਚੁੱਕਿਆ ਹੈ। ਜਿਸ ਦੀ ਉਚੇਚੀ ਸਿਖਲਾਈ ਵੀ ਲਈ ਜਾਂਦੀ ਹੈ ਅਤੇ ਟੀਮ ਮੈਂਬਰਾਂ ਨਾਲ ਪੂਰਾ ਤਾਲਮੇਲ ਬਿਠਾਉਣ ਲਈ ਬਕਾਇਦਾ ਰਿਆਜ਼ ਦੀ ਜ਼ਰੂਰਤ ਵੀ ਹੈ। ਇਹੀ ਕਾਰਨ ਹੈ ਕਿ ਭੰਗੜਾ ਅੱਜ ਸਿਰਫ਼ ਯੁਵਕ ਮੇਲਿਆਂ 'ਤੇ ਰਹਿ ਗਿਆ ਹੈ ਜਾਂ ਕਿਸੇ ਸੱਭਿਆਚਾਰਕ ਪ੍ਰੋਗਰਾਮ 'ਤੇ ਕੋਈ ਸਪੈਸ਼ਲ ਟੀਮ ਮੰਗਵਾਈ ਜਾਂਦੀ ਹੈ। ਇਸ ਲੋਕ ਨਾਚ ਵਿੱਚੋਂ ਲੋਕ ਅੰਸ਼ ਖ਼ਤਮ ਹੁੰਦਾ ਜਾ ਰਿਹਾ ਹੈ ਜਿਸ ਬਾਰੇ ਸਾਡੇ ਮਾਹਰ ਖੋਜੀਆਂ ਨੂੰ ਵਿਚਾਰ ਕਰਕੇ ਕੋਈ ਫ਼ੈਸਲੇ ਲੈਣੇ ਬਣਦੇ ਹਨ। ਕਿਤੇ ਅਜਿਹਾ ਨਾ ਹੋਵੇ ਕਿ ਇਹ ਵਿਰਾਸਤੀ ਨਾਚ ਆਮ ਸੱਥਾਂ ਵਿੱਚੋਂ ਖ਼ਤਮ ਹੀ ਹੋ ਜਾਵੇ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us


Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਗੁਣਾਂ ਦੀ ਗੁਥਲੀ

ਫੁੱਲਾਂ ਵਾਂਗ ਮੁਸਕਰਾਣਾ ਸਿੱਖੋ,
ਗੁੱਸੇ ਤੇ ਕਾਬੂ ਪਾਣਾ ਸਿੱਖੋ।
ਮਾੜਿਆਂ ਨੂੰ ਯਾਰ ਬਣਾਉ ਕਦੇ ਨਾ,
ਚੰਗਿਆਂ ਨੂੰ ਯਾਰ ਬਣਾਣਾ ਸਿੱਖੋ।
ਝੂਠਿਆਂ ਤੋਂ ਦੂਰ ਰਹੋ ਸਦਾ ਹੀ,
ਸੱਚਿਆਂ ਦਾ ਸਾਥ ਨਿਭਾਣਾ ਸਿੱਖੋ।
ਵੱਡੇ ਹੁੰਦੇ ਗੁਣਾਂ ਦੀ ਗੁਥਲੀ,
ਇਨ੍ਹਾਂ ਤੋਂ ਕੁੱਝ ਪਾਣਾ ਸਿੱਖੋ।
ਨਸ਼ੇ ਕਰਦੇ ਭਵਿੱਖ ਖਰਾਬ,
ਇਨ੍ਹਾਂ ਤੋਂ ਦੂਰ ਜਾਣਾ ਸਿੱਖੋ।
ਮਾਪੇ ਤੁਹਾਡੀ ਕਰਦੇ ਚਿੰਤਾ,
ਇਨ੍ਹਾਂ ਦਾ ਹੁਕਮ ਵਜਾਣਾ ਸਿੱਖੋ।
ਰੱਬ ਨਾਲੋਂ ਮਾਪੇ ਨੇ ਨੇੜੇ,
ਇਨ੍ਹਾਂ ਦੇ ਪੈਰੀਂ ਹੱਥ ਲਾਣਾ ਸਿੱਖੋ।



ਮਹਿੰਦਰ ਸਿੰਘ ਮਾਨ
9915803554

## 'ਬਾਰਾ ਮਾਹਾ' ਕੋਰੜਾ ਛੰਦ

ਵੱਖੋ ਵੱਖ ਰੁੱਤਾਂ ਵੱਖੋ ਵੱਖ ਰੰਗ ਜੀ।
ਜ਼ਿੰਦਗੀ ਜਿਉਣ ਵਾਲੇ ਸਿੱਖੋ ਢੰਗ ਜੀ।
ਆਖਦੇ ਸਿਆਣੇ ਚਿੱਤ ਨੂੰ ਟਕਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਚੇਤ ਦੇ ਮਹੀਨੇ ਦੇਸੀ ਚੜੇ ਸਾਲ ਜੀ।
ਮੌਸਮ ਵੀ ਹੋਵੇ ਵੀਰਨੋ ਕਮਾਲ ਜੀ।
ਸੰਧੂਆਂ ਸ਼ੌਕੀਨ ਕਵਿਤਾ ਬਣਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਵਿਸਾਖ ਵਿਸਾਖੀ ਹੋਂਵਦਾ ਤਿਉਹਾਰ ਜੀ।
ਕਣਕ ਫਸਲ ਭਰਦੀ ਭੰਡਾਰ ਜੀ।
ਖਾਲਸਾ ਦਿਵਸ ਸੰਗਤੇ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਜੇਠ ਦੇ ਮਹੀਨੇ ਤਪਸ਼ ਤਪਾਂਵਦੀ।
ਹਾੜ ਵਾਲੀ ਵਾੜ ਪੂਰਾ ਕਹਿਰ ਠਾਂਵਦੀ।
ਪੰਚਮ ਗੁਰਾ ਦੀ ਸ਼ਹੀਦੀ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਸਾਉਣ ਦਾ ਮਹੀਨਾ ਖੀਰ ਪੂੜੇ ਖਾਣ ਦਾ।
ਕੁੜੀਆ ਨੂੰ ਚਾਅ ਹੋਵੇ ਪੱਕੇ ਜਾਣ ਦਾ।
ਗਰਮੀ ਤੋਂ ਰਾਹਤ ਮੇਘ ਵਰਸਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਭਾਦੋਂ ਵਿੱਚ ਮੇਲਾ ਲੱਗਦਾ ਛਪਾਰ ਦਾ।
ਗਰਮੀ ਦਾ ਕਹਿਰ ਉੱਤੋਂ ਮੱਤ ਮਾਰ ਦਾ।
ਕ੍ਰਿਸ਼ਨ ਮੁਰਾਰ ਪੁਰਬ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਅੱਸੂ ਦੇ ਨੌਰਾਤੇ ਬੜੇ ਮਸ਼ਹੂਰ ਜੀ।
ਵਿਆਹਾ ਵਿੱਚ ਲੱਡੂ ਪੱਕਦੇ ਜਰੂਰ ਜੀ।
ਬਦੀ ਉੱਤੇ ਨੇਕੀ ਤਾਂਈ ਜਿੱਤ ਪਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਅਯੁੱਧਿਆ 'ਚ ਪੁੱਜੇ ਜਦੋਂ ਸ੍ਰੀ ਰਾਮ ਜੀ।
ਖੁਸ਼ ਹੋਇਆ ਨਰ ਨਾਰੀ ਸੀ ਤਮਾਮ ਜੀ।
ਬੋਦੀ ਛੋੜ ਮੌਕੇ ਦੀਪਕ ਜਗਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਪੋਹ ਦਾ ਮਹੀਨਾ ਹੋਵੇ ਠੰਡ ਜ਼ੋਰ ਦੀ।
ਚੇਤੇ ਆਵੇ ਸਾਨੂੰ ਗੜ੍ਹੀ ਚਮਕੌਰ ਦੀ।
ਵਿੱਚ ਸਰਹਿੰਦ ਹਾਜ਼ਰੀ ਲਗਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਚਾਲੀ ਸਿੰਘਾਂ ਮੁੱਖ ਗੁਰੂ ਵੱਲੋ ਮੋੜਿਆ।
ਪਾੜਕੇ ਬੇਦਾਵਾ ਗੁਰਾਂ ਗੰਢ ਜੋੜਿਆਂ।
ਆਪਣੇ ਪਿਆਰਾ ਨੂੰ ਗੱਲ ਲਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

ਫੱਗਣ ਮਹੀਨੇ ਹੋਲੀ ਹੋਲਾ ਆਂਵਦਾ।
ਆਨੰਦਾ ਦੀ ਪੁਰੀ ਖਾਲਸਾ ਮਨਾਂਵਦਾ।
ਬਾਰਾ ਮਾਹਾ ਚੇਤੇ ਦੇਸੀ ਕਰਵਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।



ਗਰਿੰਦਰ ਸਿੰਘ ਸੰਧੂਆਂ
94630 27466

## ਅਣਜੰਮੀ ਆਵਾਜ਼

ਮਾਏ ਨੀ ਤੈਨੂੰ ਕੀ ਹੋਇਆ,
ਮੂੰਹ ਤੇਰਾ ਕੁੱਝ ਰੋਇਆ-ਰੋਇਆ।
ਦਾਦੀ ਮਾਂ ਦੀ ਨੀਅਤ ਮਾੜੀ,
ਗੈਸ ਉੱਤੇ ਉਸ ਤੌੜੀ ਚਾੜ੍ਹੀ।
ਕਾੜ੍ਹਾ ਜੋ ਇਹ ਜਾਂਦਾ ਕੜ੍ਹਦਾ
ਮੇਰੀਆਂ ਨਾਸਾਂ ਨੂੰ ਧੂੰ ਚੜ੍ਹਦਾ।
ਬੁੱਕਲ ਵਿਚ ਛੁਪਾ ਲੈ ਮੈਨੂੰ,
ਬੁੱਚੜਾਂ ਕੋਲੋਂ ਬਚਾ ਲੈ ਮੈਨੂੰ।
ਮੈਨੂੰ ਪਾ ਕੇ ਤੂੰ ਸੀ ਹੱਸੀ।
ਸੰਸਦੀ ਸੰਗਦੀ ਸੱਸ ਨੂੰ ਦੱਸੀ।
ਦਾਦੀ ਕੋਲ ਜੋ ਦਾਈ ਆਈ,
ਉਣਨੇ ਚੁੰਝ ਚਪਾਤੀ ਲਾਈ।
ਘੋਖੀ ਨਜ਼ਰਾਂ ਸਾਡੇ ਵੱਲ ਤੱਕੀ।
ਸ਼ਕਲ ਬਣਾਈ ਉਸ ਹੱਕੀ-ਬੱਕੀ।
ਨਜੂਮੀ ਵਾਂਗ ਉਸ ਜੋਤਸ਼ ਲਾਇਆ।
ਭੋਲੀ ਦਾਦੀ ਨੂੰ ਕਹਿ ਸੁਣਾਇਆ।
'ਪੰਜਵੀਂ ਕੰਨਿਆ ਤੇਰੇ ਘਰ ਆਊ।
ਝੁੱਗਾ ਤੇਰਾ ਚੌੜ ਕਰਾਊ।'
ਕਹਿੰਦੀ ਮੇਰਾ ਨੁਸਖ਼ਾ ਅਜ਼ਮਾਓ
ਪੱਥਰ ਤੋਂ ਛੁਟਕਾਰਾ ਪਾਓ।
ਨਰਸ ਭੈਣ ਵੀ ਆ ਜਾਊ ਛੇਤੀ
ਰਹਿੰਦਾ ਕੰਮ ਮੁਕਾ ਜਾਊ ਛੇਤੀ।
ਸੁਣ ਲਿਆ ਮੈਂ ਆਪਣੇ ਕੰਨੀ।
ਅੰਮੀਏ ਤੂੰ ਇਹ ਹੁਕਮ ਨਾ ਮੰਨੀ।
ਜੰਮਣਾ ਮੇਰਾ ਹੱਕ ਨੀ ਮਾਏਂ।
ਹਕੀਕਤ ਹੈ ਨਾ ਸ਼ੱਕ ਨੀ ਮਾਏ।
ਕਾਤਲ ਟੋਲੇ ਦੇ ਨਾਲ ਰਲ ਕੇ,
ਖੋਹੀਂ ਨਾ ਮੇਰਾ ਹੱਕ ਨੀ ਮਾਏ।
ਫੱਟੀ ਬਸਤਾ ਗਲ ਵਿਚ ਪਾ ਦੇਈ।
ਸਾਦਾ ਜਿਹਾ ਇਕ ਸੂਟ ਸਵਾ ਦੇਈ।
ਪੈਰੀ ਭਾਵੇਂ ਪਾ ਦੇਈ ਚੱਪਲਾਂ,
ਮੰਗਦੀ ਨਾ ਮੈਂ ਬੂਟ ਨੀ ਮਾਏਂ।
ਖਾ ਲਊਂ ਮੈਂ ਤੇਰੀ ਜੂਠ ਨੀ ਮਾਏਂ
ਪੜ੍ਹ ਲਿਖ ਮਾਰੂੰ ਵੱਡੀ ਉਡਾਰੀ
ਦੁਨੀਆ ਜਾਊ ਸਦਕੇ ਵਾਰੀ।
ਸੱਚ ਜਾਣੀ ਭੱਲ ਆਊ ਤੈਨੂੰ
ਮਾਣ ਸਨਮਾਨ ਦਿਵਾਊਂ ਤੈਨੂੰ।
ਸੰਨੀ ਦੀ ਮਾਂ ਕਹਿ ਬੁਲਾਊ ਤੈਨੂੰ।
ਬਗ਼ਾਵਤ ਝੰਡਾ ਫੜਨਾ ਪੈਣਾ।
ਸੱਸ ਸਹੁਰੇ ਨਾਲ ਲੜਨਾ ਪੈਣਾ।
ਨਰਸ-ਡਾਕਟਰ ਤੇ ਚੜਣਾ ਪੈਣਾ
ਜਨਤਾ ਨੂੰ ਜਾਗ੍ਰਿਤ ਕਰਨਾ ਪੈਣਾ।
ਤੇਰੇ ਹੱਥ ਵੀਟੋ ਅਧਿਕਾਰ ਨੀ ਅੰਮੀਏ।
ਸਮੇਂ ਦੀ ਮੋੜ ਮੁਹਾਰ ਨੀ ਅੰਮੀਏ।
ਮੈਂ ਤੇਰਾ ਬਾਗ ਪਰਵਾਰ ਨੀ ਅੰਮੀਏ
ਮੈਨੂੰ ਕੁੱਖ ਦੇ ਵਿਚ ਨਾ ਮਾਰ ਨੀ ਅੰਮੀਏ।
ਪੰਨੂ ਇਹ ਪੁਕਾਰ ਨੀ ਅੰਮੀਏ।
ਬਚਾ ਲੈ ਆਪਣਾ ਸੰਸਾਰ ਨੀ ਅੰਮੀਏ।



ਡਾ. ਚਰਨਜੀਤ ਪੰਨੂੰ

## ਘਰ ਦੀ ਰੌਣਕ

ਬਜ਼ੁਰਗ ਹੋਣ ਜੇ ਵਿੱਚ ਘਰਾਂ ਦੇ ਘਰ ਹੁੰਦੇ ਨੇ ਸੋਂਹਦੇ,
ਪਰ ਬੀਤ ਜਾਣ ਜੋ ਵੇਲੇ ਫਿਰ ਨਾਂ ਮੁੜਕੇ ਵਾਪਸ ਔਂਦੇ,
ਬੇਸ਼ੱਕ ਹੋ ਜਾਏ ਸਭ ਕੁੱਝ ਪਰ ਉਹ ਰੰਗ ਰੂਪ ਨਾਂ ਫੱਬੇ,
ਬਜ਼ੁਰਗਾਂ ਤੋਂ ਬਿਨਾਂ ਘਰ ਦੀ ਰੌਣਕ ਫਿੱਕੀ ਫਿੱਕੀ ਲੱਗੇ।

ਬਜ਼ੁਰਗ ਹੋਣ ਜੇ ਵਿੱਚ ਘਰਾਂ ਦੇ ਸੌ ਸੌ ਦੁੱਖ ਸੁੱਖ ਕਰਦੇ,
ਕਿਸੇ ਚੀਜ਼ ਦੀ ਘਾਟ ਨਾਂ ਰਹਿੰਦੀ ਸਿਰ ਤੇ ਹੱਥ ਜਦ ਧਰਦੇ,
ਜ਼ਿੰਦਗੀ ਦੇ ਵਿੱਚ ਕਦੇ ਮੁਸ਼ਕਿਲਾਂ ਨਹੀਂ ਆਉਂਦੀਆਂ ਅੱਗੇ,
ਬਜ਼ੁਰਗਾਂ ਤੋਂ ਬਿਨਾਂ ਘਰ ਦੀ ਰੌਣਕ ਫਿੱਕੀ ਫਿੱਕੀ ਲੱਗੇ।

ਬੜਾ ਚੇਤੇ ਔਣ ਬਜ਼ੁਰਗ ਸਦਾ ਹੀ ਖੁਸ਼ੀਆਂ ਗ਼ਮੀਆਂ ਵੇਲੇ,
ਉਦੋਂ ਹੌਲ ਦਿਲਾਂ ਨੂੰ ਪੈਂਦੇ ਨੇ ਫਿਰ ਉਨ੍ਹਾਂ ਕਮੀਆਂ ਵੇਲੇ,
ਬੜਾ ਭਾਲਣ ਅੱਖਾਂ ਨਹੀਂ ਕੋਈ ਦਿਸਦਾ ਉਦੋਂ ਸੱਜੇ ਖੱਬੇ,
ਬਜ਼ੁਰਗਾਂ ਤੋਂ ਬਿਨਾਂ ਘਰ ਦੀ ਰੌਣਕ ਫਿੱਕੀ ਫਿੱਕੀ ਲੱਗੇ।

ਜਦ ਵਾਰੋ ਵਾਰੀ ਤੁਰ ਜਾਂਦੇ ਸਭ ਘਰ ਦੇ ਵੱਡ ਵਡੇਰੇ,
ਫਿਰ ਇਕਬਾਲ ਕਦੇ ਨਹੀਂ ਉਹ ਚੜ੍ਹਦੇ ਸੁਰਖ਼ ਸਵੇਰੇ,
ਧਾਲੀਵਾਲ ਉਹ ਰਹਿਣ ਨਾਂ ਮੌਜਾਂ ਘਰ ਨਾਂ ਸੱਜੇ ਧੱਜੇ,
ਬਜ਼ੁਰਗਾਂ ਤੋਂ ਬਿਨਾਂ ਘਰ ਦੀ ਰੌਣਕ ਫਿੱਕੀ ਫਿੱਕੀ ਲੱਗੇ।

ਇਕਬਾਲ ਧਾਲੀਵਾਲ

## ਗੁੜ ਦੇ ਭੋਰੇ ਦੇਖਿਉ !

ਦੁਨੀਆਂ ਆਖਦੀ 'ਥੁੱਕ ਕੇ ਚੱਟਿਆ' ਐ
ਗਿਆ ਨੈਤਿਕਤਾ ਵਾਲਾ ਹੁਣ ਰਾਗ ਕਿੱਥੇ ?
ਨਹੀਉਂ ਕਦੇ 'ਗੁਲਾਮਾਂ' ਨੂੰ ਲੱਗ ਸਕਦੀ
ਕੀਤੇ ਬਚਨ ਨਿਭਾਉਣ ਦੀ ਲਾਗ ਕਿੱਥੇ ?
ਦਿਸਦਾ ਨਹੀਂ ਹੈ ਅਹੁਦੇ ਦੇ 'ਭੁੱਖਿਆਂ' ਨੂੰ
ਅਣਖੀ ਵਿਰਸੇ ਨੂੰ ਲਾ ਦਿੱਤਾ ਦਾਗ ਕਿੱਥੇ ?
ਰੋਹ ਪੰਥ ਵਿਚ ਦੇਖ 'ਪ੍ਰਚੰਡ' ਹੋਇਆ
ਆਉਣੀ 'ਸੁੱਤੀ ਜ਼ਮੀਰ' ਨੂੰ ਜਾਗ ਕਿੱਥੇ ?
ਕਰਦਾ ਰਿਹਾ ਇਨਕਾਰ ਸੀ ਸਾਰਿਆਂ ਨੂੰ
ਧਾਮੀ ਆਖਰ ਸੁਖਬੀਰ ਦੀ ਮੰਨਿਆਂ ਸੀ।
ਗੁੜ ਦੇ ਭੋਰੇ ਹੁਣ 'ਖਿਲਰਦੇ' ਦੇਖਿਉ ਜੀ
'ਬੰਦ ਕਮਰੇ' ਵਿਚ ਦੋਹਾਂ ਜੋ ਭੰਨਿਆਂ ਸੀ



-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਸਿਰਜਣਹਾਰੇ ?

ਚਲੋ ਬਣਾਈਏ ਚਰਚ, ਮੰਦਰ ਤੇ ਮਸਜਿਦ, ਗੁਰੂਦੁਆਰੇ।
ਐਨੇ ਵਿੱਚ ਨੀ' ਸਰਨਾ ਦੇਈਏ ਮੜ੍ਹ ਸੋਨੇ ਵਿੱਚ ਸਾਰੇ।

ਅਪਣੇ ਅਸੀ ਬਣਾ ਹੀ ਲਏ ਨੇ ਸ਼ਰਮ ਭੋਰਾ ਹੁਣ ਕਰੀਏ,
ਅੱਲਾ, ਗੋਡ, ਵਾਹਿਗੁਰੂ, ਭਗਵਨ ਬੇਘਰ ਹਨ ਵਿਚਾਰੇ।

ਵਿੱਚ ਟਿਕਾਈਏ ਅਤੇ ਸਜਾਈਏ ਅਪਣੀਆਂ ਸਿਰਜੀਆਂ ਚੀਜਾਂ,
ਉੱਚੀ-ਉੱਚੀ ਗਾਈਏ 'ਇਹ ਸ਼੍ਰਿਸ਼ਟੀ ਦੇ ਸਿਰਜਣਹਾਰੇ।'

ਆਪਣੇ ਧੁਰ ਅੰਦਰ ਦੀ ਪਰ ਨਾ ਨਿਰਖ ਪਰਖ ਕੋਈ ਕਰੀਏ,
ਕੌਣ ਬੋਲਦੈ ਜਾਂ ਬੁਲਵਾਉਂਦੈ ਇਸ ਦੇਹੀ ਵਿਚਕਾਰੇ।

ਬਾਹਲਾ ਸਿਆਣਾ ਬਣ ਨਾ ਰੋਮੀ ਗੱਲ ਪਤੇ ਦੀ ਕਰਕੇ,
ਪਿੰਡ ਘੜਾਮੇਂ ਕਿਧਰੇ ਪੈ ਨਾ ਜਾਣ ਮਾਮਲੇ ਭਾਰੇ।

ਸੋਧੇ, ਫਤਵੇ, ਛੇਕ-ਛਕਈਏ ਸਹਿਣ ਤੈਥੋਂ ਨੀ' ਹੋਣੇ,
ਰੋਲੂ ਜਦੋਂ ਪੁਜਾਰੀ ਲਾਣਾ ਸਰਕਾਰੇ ਦਰਬਾਰੇ।

ਪਰ ਜੇ ਜ਼ਿੰਦਗੀ ਜਿਉਂ ਨੀ' ਹੁੰਦੀ ਗੂੰਗਾ, ਬੋਲਾ ਬਣ ਕੇ,
ਚਾਹੁੰਨੈ ਤੇਰੀ ਗੱਲ ਵੀ ਆਖਿਰ ਲੱਗੇ ਕਿਸੇ ਕਿਨਾਰੇ।

'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ',
ਪੜ੍ਹੀਂ ਧਿਆਨ ਨਾਲ਼ ਬਾਬਾ ਜੀਹਨੇ ਬੋਲ ਇਹ ਪ੍ਰਚਾਰੇ।

ਰੋਮੀ ਘੜਾਮੇਂ ਵਾਲਾ।
9855281105

## ਪੰਜ ਆਬ ਦੀ ਰਾਣੀ

ਪੰਜ ਆਬ ਦੀ ਰਾਣੀ ਮਾਂ ਬੋਲੀ,
ਜਾਣੇ ਕੁਲ ਜਹਾਨ।
ਇਸ ਦੇ ਜਾਏ ਵੀਰ ਬਹਾਦਰ,
ਕਾਮੇਂ ਅਤੇ ਕਿਰਸਾਨ।
ਕਰਮਾਂ ਵਾਲੀ, ਪੀਰਾਂ ਜਾਈ,
ਦੁਨੀਆਂ ਵਿੱਚ ਰਕਾਨ।
ਗੁਰਮੁੱਖੀ ਲਿੱਪੀ ਵਿੱਚ ਉੱਚਾਰੀ,
ਗੁਰੂਆਂ ਇਹ ਜ਼ੁਬਾਨ।
ਸਾਰੀਆਂ ਭਾਸ਼ਾਵਾਂ ਦੇ ਵਿੱਚੋਂ,
ਉੱਚੀ ਇਸ ਦੀ ਸ਼ਾਨ।
ਵਾਰਿਸ, ਪੀਲੂ, ਸ਼ਾਹ ਹੁਸੈਨ,
ਹੋਏ ਪੁਰਖ ਮਹਾਨ।
ਵੱਜਣ ਸਾਜ ਹਵਾਵਾਂ ਅੰਦਰ,
ਲਹਿਰਾਂ ਛੇੜਨ ਤਾਨ।
ਮਤ ਕੋਈ ਆਖੇ ਖੇਤਰੀ ਬੋਲੀ,
ਇਹ ਹਰ ਥਾਂ ਤੇ ਪ੍ਰਧਾਨ।
ਜੋ ਕਰਦੇ ਨੇ ਪਿਆਰ ਇਸ ਨੂੰ,
ਦਿੰਦੀ ਇਹ ਵਰਦਾਨ।
ਇਹ ਮਾਂ ਪੰਜਾਬੀ ਬੋਲੀ ਸਾਡੀ,
ਹੈ ਮਿਸ਼ਰੀ ਦੀ ਖਾਨ।
ਜਾਨੋਂ ਵੱਧ ਸਾਨੂੰ ਪਿਆਰੀ ,ਪੱਤੋ,
ਹੋ ਜਾਈਏ ਕੁਰਬਾਨ।
ਪੰਜਾਬੀ ਪੜ੍ਹੋ, ਪੰਜਾਬੀ ਬੋਲੋ,
ਵਧੇ ਸਾਡਾ ਗਿਆਨ।



ਹਰਪ੍ਰੀਤ ਪੱਤੋ
94658-21417

## ਧੀ

ਪੁੱਤਰ ਜੰਮੇ ਤਾਂ ਲੱਡੂ ਵੰਡੀਏ,
ਵੰਡੀਏ ਧੀ ਦੀ ਵਾਰੀ ਬਰਫ਼ੀ।

ਦੋਨਾਂ ਦੀਆਂ ਲੋਹੜੀ ਪਾਈਏ,
ਖੁਸ਼ੀ ਮਨਾਈਏ ਚੌਤਰਫ਼ੀ।

ਇੱਕੋ ਵਿਹੜੇ ਖੇਡ ਕੇ ਪਲਦੇ,
ਚੜ੍ਹ ਇੱਕ ਹੀ ਮਾਂ ਦੀ ਗੋਦੀ ।

ਫਿਰ ਫ਼ਰਕ ਕੁੜੀ ਮੁੰਡੇ ਵਿੱਚ,
ਕਿਉਂ ਕਰਦੇ ਨੇ ਚੰਦਰੇ ਲੋਕੀ।

ਤੁਰ ਜਾਂਦੀ ਛੱਡ ਦੇਸ ਪਰਾਏ,
ਪਿੰਡ ਖੇੜੇ ਦੀ ਖ਼ੈਰ ਮਨਾਉਂਦੀ।

ਧੀ ਜਦੋਂ ਹੈ ਮੁੜ ਪੇਕੇ ਆਉਂਦੀ,
ਨਕਾਬ ਪਾ ਕੇ ਦੁੱਖ ਛੁਪਾਉਂਦੀ।

ਮਾਂ ਨੂੰ ਸੁਣਕੇ ਬਾਪ ਨੂੰ ਸੁਣਦੀ,
ਖੁਦ ਗਮ ਸੀਨੇ 'ਚ ਦਬਾਉਂਦੀ।

ਬਾਪੂ ਦੇ ਵਿਹੜੇ ਦੇਹ ਅਸੀਸਾਂ,
ਰੋਂਦੀ ਰੋਂਦੀ ਤੁਰ ਮੁਸਕਾਉਂਦੀ।

ਭਰਾ ਭਾਬੋ ਭਾਵੇਂ ਬਣੇ ਸ਼ਰੀਕੇ,
ਪਰ ਸਭ ਨੂੰ ਲਾਡ ਲਡਾਉਂਦੀ।

ਨ ਭੁੱਲਦੀ ਪਿੰਡ ਦੀਆਂ ਜੂਹਾਂ,
ਜਿੱਥੇ ਸੀ ਬਚਪਨ ਹੰਢਾਉਂਦੀ।

ਵੰਡਕੇ ਮੋਹ ਪਿਆਰ ਸੌਗਾਤਾਂ,
ਭੈਣ ਮਾਂ ਦਾ ਰੋਲ ਨਿਭਾਉਂਦੀ।

ਨਾ ਹੱਕ ਪੇਕੇ ਨਾ ਹੱਕ ਸਹੁਰੇ,
ਧੁਣਖੀ ਵਾਂਗੂੰ ਤਨ ਪਿੰਜਾਉਂਦੀ।

ਪੇਕੇ ਕਹਿੰਦੇ ਅਮਾਨਤ ਪਰਾਈ,
ਸਹੁਰੇ ਬਿਗਾਨੀ ਧੀ ਕਹਾਉਂਦੀ।

ਫਿਰ ਵੀ ਬਿਚਾਰੀ ਜੱਗ ਮੂੰਹੋਂ,
ਕਿਉਂ ਮਰਜਾਣੀ ਅਖਵਾਉਂਦੀ ?



ਸੇਵਾ ਸਿੰਘ "ਨੂਰਪੁਰੀ"

## ਫੁਕਰੇ

ਘਟੀਆ ਤੇ ਬਦਤਮੀਜ਼, ਫੁਕਰੇ ਜਹੇ ਲੋਕਾਂ ਕੋਲੋਂ
ਰੱਖੀਏ ਬਣਾ ਕੇ ਸਦਾ ਦੂਰੀ ਮਿੱਤਰੋ
ਇਹੋ ਜਿਹੇ ਲੋਕਾਂ ਨਾਲ ਰੱਖਣਾ ਹੈ ਮੇਲਜੋਲ
ਨਹੀਂ ਹੈ ਸਾਡੀ ਕੋਈ ਮਜ਼ਬੂਰੀ ਮਿੱਤਰੋ

ਔਖੀ ਵੇਲੇ ਇਹੇ ਸਾਰੇ ਵੇਖਦੇ ਤਮਾਸ਼ਾ ਏ
ਖੁਸ਼ੀ ਵੇਲੇ ਚਿਹਰਿਆਂ ਤੋਂ ਉੱਡ ਜਾਂਦਾ ਹਾਸਾ ਏ
ਇਸੇ ਲਈ ਇਹ ਗੱਲ ਹੈ ਜਰੂਰੀ ਮਿੱਤਰੋ
ਇਹੋ ਜਿਹੇ ਘਟੀਆ ਤੇ ਫੁਕਰੇ ਜਿਹੇ ਲੋਕਾਂ ਕੋਲੋਂ
ਰੱਖੀਏ ਬਣਾ ਕੇ ਸਦਾ ਦੂਰੀ ਮਿੱਤਰੋ ...

ਹੁੰਦੀ ਨਹੀਂ ਤਮੀਜ਼ ਕਿਵੇਂ ਕਰਨੀ ਹੈ ਗੱਲ ਇਨ੍ਹਾਂ
ਕਾਮਯਾਬੀ ਥੋਡੀ ਨਹੀਂਓ ਹੁੰਦੀ ਕਦੇ ਝੱਲ ਇਨ੍ਹਾਂ
ਰਹਿੰਦੇ ਇਹੇ ਵਿੱਚ ਮਗਰੂਰੀ ਮਿੱਤਰੋ
ਇਹੋ ਜਿਹੇ ਘਟੀਆ ਤੇ ਫੁਕਰੇ ਜਿਹੇ ਲੋਕਾਂ ਕੋਲੋਂ
ਰੱਖੀਏ ਬਣਾ ਕੇ ਸਦਾ ਦੂਰੀ ਮਿੱਤਰੋ ...

ਦਿਲਾਂ ਵਿੱਚ ਰੱਖਦੇ ਇਹ ਈਰਖਾ ਤੇ ਸਾੜਾ ਬਈ
ਖੁੰਝਦੇ ਨਹੀਂ ਮੌਕਾ ਇਹ ਬਣਾਈਏ ਕਿਵੇਂ ਮਾੜਾ ਬਈ
ਵੇਖ ਕੇ ਅਜਿਹੇ ਵੱਟੋ ਘੂਰੀ ਮਿੱਤਰੋ ....
ਇਹੋ ਜਿਹੇ ਘਟੀਆ ਤੇ ਫੁਕਰੇ ਜਿਹੇ ਲੋਕਾਂ ਕੋਲੋਂ
ਰੱਖੀਏ ਬਣਾ ਕੇ ਸਦਾ ਦੂਰੀ ਮਿੱਤਰੋ ...

'ਦੂਹੜਿਆਂ ਦੇ ਖੁਸ਼ੀ' 'ਕੱਲੇ ਆਏ 'ਕੱਲੇ ਜਾਣਾਂ ਏਂ
ਝੱਲੀਏ ਨਾ ਧੌਂਸ, ਖਾਣਾ ਓਹੀ ਜੋ ਕਮਾਉਣਾ ਏਂ
ਖੋਲ੍ਹ ਦਿੱਤੀ ਗੱਲ ਜੋ ਅਧੂਰੀ ਮਿੱਤਰੋ
ਇਹੋ ਜਿਹੇ ਘਟੀਆ ਤੇ ਫੁਕਰੇ ਜਿਹੇ ਲੋਕਾਂ ਕੋਲੋਂ
ਰੱਖੀਏ ਬਣਾ ਕੇ ਸਦਾ ਦੂਰੀ ਮਿੱਤਰੋ....



ਖੁਸ਼ੀ ਮੁਹੰਮਦ 'ਚੱਠਾ'

# ਖ਼ੁਦਕੁਸ਼ੀਆਂ ਦੀ ਭੇਂਟ ਚੜਦੀ ਜਵਾਨੀ

ਮੰਨਿਆ ਜਾਂਦਾ ਹੈ ਕਿ ਇਸ ਸੰਸਾਰ ਵਿੱਚ 84 ਲੱਖ ਜੂਨਾਂ ਹਨ ਅਤੇ ਇਹਨਾਂ 84 ਲੱਖ ਜੂਨਾਂ ਵਿੱਚੋਂ ਮਨੁੱਖੀ ਜਾਮੇ ਨੂੰ ਸਰਵਸ੍ਰੇਸ਼ਟ ਮੰਨਿਆ ਜਾਂਦਾ ਹੈ। ਇੱਕ ਮਨੁੱਖ ਹੀ ਹੈ ਜਿਸ ਵਿੱਚ ਕਾਦਰ ਨੇ ਚੀਜ਼ਾਂ ਨੂੰ ਸਮਝਣ ਅਤੇ ਵਰਤਣ ਦੀ ਸੋਝੀ ਪਾਈ ਹੈ, ਭਾਵਨਾਵਾਂ ਨੂੰ ਸਮਝਣਾ, ਅਹਿਸਾਸਾਂ ਦੀਆਂ ਪੈੜਾਂ ਨੱਪਦਿਆਂ ਪਿਆਰ ਤੇ ਅਪਣੱਤਾਂ ਦਾ ਸੁਨੇਹਾ ਦੇਣਾ, ਖੁਸ਼ੀ ਗਮੀਂ ਨੂੰ ਵੇਖਣਾ ਤੇ ਹਾਲਾਤਾਂ ਅਨੁਸਾਰ ਕਦੇ ਖਿੜਖਿੜਾ ਹਾਸਿਆਂ ਦੀ ਬਾਤ ਪਾਉਣੀ ਅਤੇ ਕਦੇ ਦੁੱਖਾਂ ਦੇ ਭਾਰ ਨੂੰ ਹੰਝੂਆਂ ਦਾ ਸਹਾਰਾ ਲੈ ਹੌਲਿਆਂ ਕਰਨਾ ਸਭ ਮਨੁੱਖ ਦੇ ਹਿੱਸੇ ਆਇਆ ਹੈ। ਕਹਿਣ ਤੋਂ ਭਾਵ ਕਿ ਸੱਚਮੁੱਚ ਮਨੁੱਖ ਕੁਦਰਤ ਦੀ ਸਰਵਸ਼੍ਰੇਸਟ ਰਚਨਾ ਹੈ। ਜਿੰਦਗੀ ਦੁੱਖਾਂ ਤੇ ਤਕਲੀਫ਼ਾਂ ਦਾ ਸੁਮੇਲ ਹੈ, ਇਹ ਜਿਊਣ ਲਈ ਬਣੀ ਹੈ, ਤੰਗੀਆਂ ਤੁਰਸ਼ੀਆਂ ਹਾਸੇ ਠੱਠੇ ਸਭ ਜ਼ਿੰਦਗੀ ਦਾ ਅਹਿਮ ਹਿੱਸਾ ਹਨ, ਫਿਰ ਮਨੁੱਖ ਨੂੰ ਵੀ ਇਸ ਜ਼ਿੰਦਗੀ ਨੂੰ ਚੜ੍ਹਦੀਕਲਾ ਨਾਲ ਜਿਊਣਾ ਚਾਹੀਦਾ ਹੈ। ਪਰ ਕਈ ਵਾਰ ਖੁਦਕੁਸ਼ੀਆਂ ਦੀਆਂ ਖਬਰਾਂ ਕੰਨਾਂ ਵਿੱਚ ਪੈਂਦੀਆਂ ਹਨ ਤਾਂ ਮਨ ਬਹੁਤ ਉਦਾਸ ਹੁੰਦਾ ਹੈ ਅਤੇ ਸੋਚਣ ਲਈ ਮਜ਼ਬੂਰ ਹੁੰਦਾ ਹੈ ਕਿ ਕਿਉਂ ਤੇ ਕਿਵੇਂ ਇੱਕ ਇਨਸਾਨ ਆਪਣੇ ਹੀ ਹੱਥੀਂ ਆਪਣੀ ਜਿੰਦਗੀ ਨੂੰ ਖਤਮ ਕਰਨ ਦਾ ਏਨਾ ਵੱਡਾ ਫੈਸਲਾ ਲੈ ਲੈਂਦਾ ਹੈ। 21ਵੀਂ ਸਦੀ ਦੇ ਅਗਾਜ਼ ਵਿੱਚ ਖੁਦਕੁਸ਼ੀਆਂ ਦਾ ਰੁਝਾਨ ਬਹੁਤ ਵੱਧ ਗਿਆ ਸ਼ਾਇਦ ਪਹਿਲਾਂ ਵਾਲੇ ਲੋਕਾਂ ਦੇ ਮਨੋਬਲ ਅੱਜ ਦੇ ਲੋਕਾਂ ਨਾਲੋਂ ਕਈ ਗੁਣਾ ਜਿਆਦਾ ਦ੍ਰਿੜ੍ਹ ਸੀ, ਤਾਂ ਹੀ ਉਹ ਵੱਡੀਆਂ ਵੱਡੀਆਂ ਬਿਪਤਾਂ ਪੈਣ ਤੇ ਵੀ ਕਦੇ ਡੋਲੇ ਨਹੀਂ ਸਨ, ਪਰ ਅੱਜ ਇਹ ਰੁਝਾਨ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ। ਇਸਦਾ ਸਭ ਤੋਂ ਵੱਧ ਸ਼ਿਕਾਰ ਨੌਜਵਾਨ ਪੀੜ੍ਹੀ ਹੋ ਰਹੀ ਹੈ। ਜਿਨ੍ਹਾਂ ਵਿੱਚ ਜ਼ਿਆਦਾਤਰ ਸਕੂਲਾਂ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀ ਸ਼ਾਮਿਲ ਹਨ। ਅਮਰੀਕਾ ਕਾਲਜ ਹੈਲਥ ਐਸੋਸੀਏਸ਼ਨ ਅਨੁਸਾਰ 15 ਤੋਂ 24 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਖੁਦਕੁਸ਼ੀ ਦੀ ਦਰ 1950 ਦੇ ਦਹਾਕੇ ਤੋਂ ਤਿੰਨ ਗੁਣਾ ਵੱਧ ਚੁੱਕੀ ਹੈ। ਕਿਸ਼ੋਰ ਅਵਸਥਾ ਇੱਕ ਬਹੁਤ ਹੀ ਚੰਚਲਤਾ ਭਰਭੂਰ ਅਵਸਥਾ ਹੈ, ਜਿਸ ਵਿੱਚ ਚੰਗੇ ਮਾੜੇ ਦੀ ਪਰਖ ਅਤੇ ਚੀਜ਼ਾਂ ਨੂੰ ਸਮਝਣ ਵਿੱਚ ਪ੍ਰਪੱਕਤਾ ਘੱਟ ਹੁੰਦੀ ਹੈ। ਇਹ ਜਾਨਣਾ ਬਹੁਤ ਜਰੂਰੀ ਹੈ ਕਿ ਅਕਸਰ ਅਜਿਹੇ ਕਿਹੜੇ ਕਾਰਣ ਹਨ ਜਿੰਨਾ ਦਾ ਕਰਕੇ ਕੋਈ ਆਪਣੀ ਜ਼ਿੰਦਗੀ ਤੋਂ ਹਾਰ ਮੰਨ ਲੈਂਦਾ ਹੈ। ਅੱਜ ਦੇ ਮੌਜੂਦਾ ਹਾਲਾਤਾਂ ਨੂੰ ਵੇਖਦੇ ਕੁਝ ਮੁੱਖ ਕਾਰਣ ਸਾਹਮਣੇ ਆਏ ਹਨ ਉਹਨਾਂ ਵਿਚੋਂ ਬੱਚਿਆਂ ਦੀਆਂ ਮਾਨਸਿਕ ਪਰੇਸ਼ਾਨੀਆਂ ਦਾ ਵੱਧਣਾ, ਡਿਪਰੈਸ਼ਨ, ਅਕਾਦਮਿਕ ਸਮੱਸਿਆਵਾਂ, ਭਾਵਨਾਤਮਕ ਤੌਰ ’ਤੇ



ਮਜ਼ਬੂਤ ਨਾ ਹੋਣਾ, ਆਤਮ ਵਿਸ਼ਵਾਸ ਦਾ ਘੱਟ ਹੋਣਾ, ਤਕਨੀਕੀ ਸਾਧਨ, ਮੋਬਾਇਲ ਫੋਨਾਂ ਦੀ ਵਧੇਰੇ ਵਰਤੋਂ, ਵੀਡੀਓ ਗੇਮਜ਼ ਦੀ ਨਸ਼ਿਆ ਤੋਂ ਭੈੜੀ ਲਤ ਆਦਿ ਮੁੱਖ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਅੱਜ ਬਹੁਤ ਸਾਰੇ ਨੌਜਵਾਨ ਲੜਕੇ ਲੜਕੀਆਂ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਰਹਿੰਦੇ ਹਨ, ਇਹ ਪਰੇਸ਼ਾਨੀ ਉਹਨਾਂ ਦੇ ਅਕਾਦਮਿਕ ਖੇਤਰ ਦੇ ਵੱਧਦੇ ਬੋਝ, ਆਪਣੇ ਭਵਿੱਖ ਨੂੰ ਲੈਕੇ ਚਿੰਤਾਵਾਂ, ਕਿਸੇ ਹਮਉਮਰ ਦੋਸਤ ਤੋਂ ਪਿੱਛੇ ਰਹਿਣ ਤੇ ਆਈ ਈਰਖਾ ਆਦਿ ਹੋ ਸਕਦੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਨੌਜਵਾਨਾਂ ਵਿੱਚ ਉਹਨਾਂ ਦੇ ਨਜ਼ਦੀਕੀ ਸੰਬੰਧਾਂ, ਦੋਸਤਾਂ ਨਾਲ ਸੰਬੰਧ ਖਰਾਬ ਹੋਣ ਤੇ ਵੀ ਬਹੁਤ ਸਾਰੇ ਨੌਜਵਾਨ ਮਾਨਸਿਕ ਤੌਰ ’ਤੇ ਪਰੇਸ਼ਾਨ ਹੁੰਦੇ ਰਹਿੰਦੇ ਹਨ ਅਤੇ ਜਦੋਂ ਇਸ ਪ੍ਰੇਸ਼ਾਨੀ ਵਿਚੋਂ ਆਪਣੇ ਆਪ ਨੂੰ ਕੱਢਣ ਵਿੱਚ ਨਾਕਾਮ ਹੁੰਦੇ ਹਨ ਤਾਂ ਖੁਦਕੁਸ਼ੀ ਵਰਗਾ ਹੱਥਕੰਡਾ ਅਪਨਾਉਂਦੇ ਹਨ। ਅਜਿਹੇ ਮਾਮਲਿਆਂ ਵਿੱਚ ਲੜਕੀਆਂ ਦੀ ਖੁਦਕੁਸ਼ੀਆਂ ਦੀ ਦਰ ਜਿਆਦਾ ਹੁੰਦੀ ਹੈ, ਸਾਲ 2007 ਤੋਂ 2015 ਤੱਕ 15 ਤੋਂ 19 ਸਾਲ ਵਾਲੀਆਂ ਲੜਕੀਆਂ ਦੀਆਂ ਖੁਦਕੁਸ਼ੀਆਂ ਦੁਗਣੀਆਂ ਹਨ, ਸ਼ਾਇਦ ਲੜਕੀਆਂ ਲੜਕਿਆਂ ਦੇ ਮੁਕਾਬਲੇ ਭਾਵਨਾਤਮਕ ਤੌਰ ਤੇ ਜਿਆਦਾ ਕਮਜ਼ੋਰ ਹੁੰਦੀਆਂ ਹਨ। ਇਸ ਤੋਂ ਇਲਾਵਾ ਅੱਜ ਬੱਚਿਆਂ ਵਿੱਚ ਖੇਡ ਮੈਦਾਨਾਂ ਵਿੱਚ ਖੇਡਣ ਦਾ ਰੁਝਾਨ ਬਿਲਕੁਲ ਖਤਮ ਹੋਣ ਦੀ ਕਗਾਰ ’ਤੇ ਹੈ, ਆਏ ਦਿਨ ਨਵੇਂ ਆ ਰਹੇ ਤਕਨੀਕੀ ਸਾਧਨ, ਕਾਰਨ ਆਊਟਡੋਰ ਐਕਟੀਵੀਟੀਜ ਦਾ ਚਾਅ ਬਿਲਕੁਲ ਖਤਮ ਹੋ ਗਿਆ ਹੈ, ਨਵੀਆਂ ਆ ਰਹੀਆਂ ਵੀਡੀਓ ਗੇਮਜ਼ ਦਾ ਬੱਚਿਆਂ ਉੱਪਰ ਜੂਏਬਾਜ਼ੀ ਵਾਂਗ ਅਸਰ ਹੋ ਰਿਹਾ ਹੈ, ਅੰਤਰਰਾਸ਼ਟਰੀ ਸਰਵੇਖਣਾਂ ਅਨੁਸਾਰ ਜਰਮਨੀ ਦੇ ਇੱਕ ਰਿਸਰਚ ਇਸਟੀਚੀਊਟ ਦੁਆਰਾ 2007/2008 ਵਿੱਚ ਇਹ ਸਰਵੇਖਣ ਕੀਤਾ ਗਿਆ ਕਿ ਜਰਮਨੀ ਵਰਗੇ ਦੇਸ਼ ਵਿੱਚ ਨੌਜਵਾਨਾਂ ਦੀ ਆਤਮਹੱਤਿਆ ਦਾ ਸਭ ਤੋਂ ਵੱਡਾ ਕਾਰਣ ਵੀਡੀਓ ਗੇਮਜ਼ ਵਿੱਚ ਹਾਰਨਾ ਹੈ। ਜੇਕਰ ਗੱਲ ਭਾਰਤ ਦੀ ਕੀਤੀ ਜਾਵੇ ਤਾਂ ਜੁਲਾਈ 2020 ਵਿੱਚ ਮੁੰਬਈ ਸ਼ਹਿਰ ਦੇ ਇੱਕ 13 ਸਾਲਾਂ ਬੱਚੇ ਦੁਆਰਾ ਵੀਡੀਓ ਗੇਮ ਵਿੱਚੋਂ ਹਾਰਨ ਕਰਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ ਗਈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਉਦਹਾਰਣਾਂ ਮੌਜੂਦ ਹਨ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਜੇਕਰ ਹੋਰ ਗਹਿਰਾਈ ਨਾਲ ਇਸ ਬਾਰੇ ਵਿਚਾਰ ਕੀਤਾ ਜਾਵੇ ਤਾਂ ਪਤਾ ਚੱਲਦਾ ਹੈ ਕਿ ਜਿੰਨਾ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਦੀ ਕਮੀ ਹੁੰਦੀ ਹੈ ਉਹ ਵੀ ਹਾਲਾਤਾਂ ਅੱਗੇ ਜਲਦੀ ਗੋਡੇ ਟੇਕ ਦਿੰਦੇ ਹਨ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਦੇ ਵਾਪਰਨ ਨਾਲ ਆਪਣੇ ਆਪ ਨੂੰ ਖਤਮ ਕਰਨ ਵਰਗਾ ਬੁਝਦਿਲ ਕੰਮ ਕਰ ਬੈਠਦੇ ਹਨ। ਹੁਣ ਇੱਥੇ ਇਹ ਵੀ ਵਿਚਾਰਨਾ ਬਹੁਤ ਜਰੂਰੀ ਹੈ ਕਿ ਇਸ ਸਮੱਸਿਆ ਦੇ ਸਮਾਧਾਨ ਕੀ ਹੋ ਸਕਦੇ ਹਨ, ਇਸ ਰੁਝਾਨ ਨੂੰ ਰੋਕਣ ਵਿੱਚ ਮਾਤਾ ਪਿਤਾ ਸਭ ਤੋਂ ਵੱਡਾ ਯੋਗਦਾਨ ਪਾ ਸਕਦੇ ਹਨ। ਬਹੁਤਾਤ ਮਾਪਿਆਂ ਨੂੰ ਲੱਗਦਾ ਹੈ ਕਿ ਬੱਚੇ ਦੀ ਪਰਵਰਿਸ਼ ਤੋਂ ਭਾਵ ਬੱਚੇ ਦੀ ਨਿੱਜੀ ਤੇ ਮੁੱਢਲੀਆਂ ਲੋੜਾਂ ਨੂੰ ਪੂਰਿਆਂ ਕਰਨਾ ਹੈ, ਜਿਸ ਵਿੱਚ ਖਾਣਾ, ਕੱਪੜੇ, ਖਿਡੌਣੇ ਤੇ ਪੜਾਈ ਆਦਿ ਹਨ, ਮਾਪੇ ਇਹ ਭੁੱਲ ਜਾਂਦੇ ਹਨ ਕਿ ਬੱਚਿਆਂ ਨੂੰ ਸ਼ੁਰੂ ਤੋਂ ਨਿਡਰ, ਆਤਮ ਵਿਸ਼ਵਾਸੀ , ਬੇਬਾਕ, , ਦਿ ?ੜ ਇਰਾਦੇ ਵਾਲਾ ਬਣਾਉਣਾ ਵੀ ਉਹਨਾਂ ਦੀ ਜਿੰਮੇਵਾਰੀ ਹੈ ਬੱਚੇ ਦੀ ਪਰਵਰਿਸ਼ ਇਸ ਤਰ੍ਹਾਂ ਨਾਲ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਸਥਿਤੀ ਵਿੱਚ ਡੋਲੇ ਨਾ ਬਲਕਿ ਡਟ ਕੇ ਉਸ ਦਾ ਸਾਹਮਣਾ ਕਰੇ।

ਇਸ ਤੋਂ ਇਲਾਵਾ ਮਾਪਿਆਂ ਨੂੰ ਬੱਚਿਆਂ ਦੀਆਂ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਉੱਪਰ ਨਜ਼ਰ ਰੱਖਣੀ ਚਾਹੀਦੀ ਹੈ, ਉਹਨਾਂ ਦੀਆਂ ਅਕਾਦਮਿਕ ਅਤੇ ਹੋਰ ਮੁਸ਼ਕਿਲਾਂ ਨੂੰ ਸਮਝਦੇ ਹੋਏ ਉਹਨਾਂ ਨੂੰ ਹੱਲ ਕਰਵਾਉਣਾ ਚਾਹੀਦਾ ਹੈ। ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਧਿਆਪਕਾਂ ਦੇ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ ਤਾਂ ਜੋ ਉਹਨਾਂ ਦੀ ਸੰਗਤ ਬਾਰੇ ਪਤਾ ਲੱਗਦਾ ਰਹੇ। ਹਮੇਸ਼ਾ ਬੱਚਿਆਂ ਦੀ ਗੱਲ ਨੂੰ ਪੂਰੀ ਸੁਣਨਾ ਚਾਹੀਦਾ ਹੈ, ਪਿਆਰ ਨਾਲ ਹਰ ਗੱਲ ਸਮਝਾਉਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਪ੍ਰੇਰਨਾਦਾਇਕ ਸੈਮੀਨਾਰ ਆਦਿ ਕਰਵਾਏ ਜਾਣੇ ਚਾਹੀਦੇ ਹਨ ਤਾਂ ਜੋ ਵਿਦਿਆਰਥੀਆਂ ਨੂੰ ਸਮੇਂ ਸਮੇਂ ਤੇ ਸੁਚੱਜੀ ਅਗਵਾਈ ਮਿਲਦੀ ਰਹੇ।

ਹਰ ਇਨਸਾਨ ਧਰਤੀ ਤੇ ਜਿਊਣ ਆਉਂਦਾ ਹੈ ਤਾਂ ਜਰੂਰੀ ਹੈ ਕਿ ਉਹ ਇਸ ਦੁਨੀਆਂ ਨੂੰ ਮਾਣ ਕੇ ਇਸ ਦੁਨੀਆਂ ਤੋਂ ਜਾਵੇ। ਜਦੋਂ ਕਿਸੇ ਮਾਂ ਬਾਪ ਦਾ ਜਵਾਨ ਧੀ ਪੁੱਤਰ ਬੇਵਕਤੀ ਮੌਤ ਮਰਦਾ ਹੈ ਤਾਂ ਇਹ ਮੌਤ ਮਾਪਿਆਂ ਦੀ ਪਰਵਰਿਸ਼, ਸਮਾਜ ਦੇ ਢਾਂਚੇ ਅਤੇ ਸਿੱਖਿਆ ਦੇ ਢਾਂਚੇ ਉੱਪਰ ਬਹੁਤ ਸਾਰੇ ਸਵਾਲ ਖੜੇ ਕਰ ਜਾਂਦੀ ਹੈ। ਇਸ ਨਾਲ ਇਹ ਵੀ ਸਾਬਿਤ ਹੁੰਦਾ ਹੈ ਕਿ ਇਹ ਤਿੰਨੇ ਥਮ ਮਿਲਕੇ ਇੱਕ ਤਕੜੇ ਮਨੋਬਲ ਵਾਲੇ ਵਿਅਕਤੀ ਦੀ ਸਿਰਜਣਾ ਕਰਨ ਵਿੱਚ ਨਾਕਾਮ ਰਹੇ ਹਨ। ਨੌਜਵਾਨਾਂ ਨੂੰ ਹਿੰਮਤੀ, ਸਾਹਸੀ, ਜੁੱਅਰਤ ਵਾਲੇ ਬਣਾਉਣ ਲਈ ਜ਼ਰੂਰੀ ਹੈ ਕਿ ਉਹਨਾਂ ਨੂੰ ਆਪਣੇ ਪੁਰਖਿਆਂ ਦਾ ਇਤਹਾਸ ਸੁਣਾਇਆ ਜਾਵੇ ਤਾਂ ਜੋ ਉਹ ਜਿੰਦਗੀ ਵਿੱਚ ਕਿਸੇ ਵੀ ਪ੍ਰਸਥਿਤੀ ਦੇ ਅੱਗੇ ਗੋਡੇ ਟੇਕਣ ਦੀ ਬਜਾਇ ਉਸਦਾ ਹਿੰਮਤ ਨਾਲ ਸਾਹਮਣਾ ਕਰੇ ਤਾਂ ਹੀ ਅਸੀਂ ਖੁਦਕੁਸ਼ੀਆਂ ਦੇ ਵੱਧਦੇ ਇਸ ਰੁਝਾਨ ਨੂੰ ਰੋਕ ਸਕਦੇ ਹਾਂ।

# ਹਿੰਦੂ ਰਾਸ਼ਟਰ ਦੀ ਮੰਗ ਅਤੇ ਰਾਜਸ਼ਾਹੀ ਦੀ ਵਾਪਸੀ ਨੂੰ ਲੈ ਕੇ ਨੇਪਾਲ ਦੀ ਸਿਆਸਤ ’ਚ ਉਬਾਲ

ਜਿਵੇਂ ਇੰਗਲੈਂਡ, ਜਾਪਾਨ, ਭੂਟਾਨ, ਸਵੀਡਨ, ਨਾਰਵੇ ਆਦਿ ਅੱਜ ਵੀ ਦੁਨੀਆ ’ਚ ਅਜਿਹੇ 17 ਦੇਸ਼ ਹਨ ਜਿੱਥੇ ਸੰਵਿਧਾਨਿਕ ਰਾਜਤੰਤਰ ਹੈ। ਉੱਥੇ ਰਾਜਾ ਤਾਂ ਹੁੰਦਾ ਹੈ ਪਰ ਸਿਆਸੀ ਸ਼ਕਤੀਆਂ ਚੁਣੀ ਹੋਈ ਸਰਕਾਰ ਦੇ ਹੱਥਾਂ ’ਚ ਹੁੰਦੀਆਂ ਹਨ ਜਦੋਂ ਕਿ ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ, ਵੈਟੀਕਨ ਸਿਟੀ, ਓਮਾਨ, ਬਰੁਨੇਈ ਅਤੇ ਕਿੰਗਡਮ ਆਫ ਐਸਵਾਤੀਨੀ ਵਰਗੇ 6 ਦੇਸ਼ ਹਨ ਜਿੱਥੇ ਮੁਕੰਮਲ ਰਾਜਤੰਤਰ ਹੈ। ਸ਼ਾਇਦ ਅਜਿਹਾ ਇਕ ਹੀ ਦੇਸ਼ ਨੇਪਾਲ ਹੈ, ਜਿੱਥੇ ਲੋਕ ਲੋਕਰਾਜ ਆਉਣ ਤੋਂ ਬਾਅਦ ਉਸ ਨੂੰ ਹਟਾ ਕੇ ਮੁੜ ਤੋਂ ਰਾਜਤੰਤਰ ਚਾਹੁੰਦੇ ਹਨ। 5 ਮਾਰਚ, 2025 ਨੂੰ ਰਾਜਸ਼ਾਹੀ ਦੇ ਹਮਾਇਤੀਆਂ ਵਲੋਂ ਜਿੱਥੇ ਸੰਸਦ ’ਚ ਪ੍ਰਦਰਸ਼ਨ ਮੁੱਖ ਰੂਪ ’ਚ ਪ੍ਰਧਾਨ ਮੰਤਰੀ ‘ਕੇ. ਪੀ. ਸ਼ਰਮਾ ਓਲੀ’ ਅਤੇ ਉਨ੍ਹਾਂ ਦੀ ਸਰਕਾਰ ਦੇ ਤਾਨਾਸ਼ਾਹੀ ਭਰੇ ਅਤੇ ਦਮਨਕਾਰੀ ਰਵੱਈਏ ’ਤੇ ਕੇਂਦ੍ਰਿਤ ਰਿਹਾ, ਉੱਥੇ ਕਾਠਮੰਡੂ ’ਚ ਰਾਜਸ਼ਾਹੀ ਦੀ ਵਾਪਸੀ ਦੀ ਮੰਗ ’ਤੇ ਜ਼ੋਰ ਦੇਣ ਲਈ ਵਿਸ਼ਾਲ ਮੋਟਰਸਾਈਕਲ ਰੈਲੀ ਕੱਢੀ ਗਈ।

ਇਸ ’ਚ ਹਿੱਸਾ ਲੈਣ ਵਾਲੇ ਪ੍ਰਦਰਸ਼ਨਕਾਰੀ ਨਾਅਰੇ ਲਾ ਰਹੇ ਸਨ ‘ਨਾਰਾਇਣਹਿਤੀ ਖਾਲੀ ਗਾਰਾ ਹਮਰਾ ਰਾਜਾ ਅਊਦੈ ਛਾਨ’ (ਸ਼ਾਹੀ ਮਹੱਲ ‘ਨਾਰਾਇਣਹਿਤੀ’ ਖਾਲੀ ਕਰੋ, ਅਸੀਂ ਆਪਣੇ ਰਾਜਾ ਨੂੰ ਵਾਪਸ ਲਿਆ ਰਹੇ ਹਾਂ।)। ਨੇਪਾਲ ਦੇ ਪ੍ਰਧਾਨ ਮੰਤਰੀ ਕੇ. ਪੀ. ਸ਼ਰਮਾ ‘ਓਲੀ’ ਨੇ ਇਨ੍ਹਾਂ ਪ੍ਰਦਰਸ਼ਨਾਂ ਦੇ ਪਿੱਛੇ ‘ਬਾਹਰੀ ਸ਼ਕਤੀਆਂ’ ਵੱਲ ਇਸ਼ਾਰਾ ਕੀਤਾ ਹੈ।

ਵੇਖਣ ਵਾਲੀ ਗੱਲ ਹੈ ਕਿ ਨੇਪਾਲ ’ਚ ਰਾਜਸ਼ਾਹੀ ਨੂੰ ਖਤਮ ਕਰਨ ਦੀ ਮੰਗ ਦਰਮਿਆਨ 1 ਜੂਨ, 2001 ਨੂੰ ਭਿਆਨਕ ਫਾਇਰਿੰਗ ਹੋਈ ਸੀ ਜਿਸ ’ਚ ਸ਼ਾਹੀ ਪਰਿਵਾਰ ਦੇ ਇਕ ਮੈਂਬਰ ‘ਪ੍ਰਿੰਸ ਦੀਪੇਂਦਰ’, ਜੋ ਭਵਿੱਖ ’ਚ ਨੇਪਾਲ ਦੇ ਰਾਜਾ ਬਣਨ ਵਾਲੇ ਸਨ, ਨੇ ਮਹਾਰਾਜਾ ‘ਵੀਰੇਂਦਰ’ ਅਤੇ ‘ਮਹਾਰਾਣੀ ਐਸ਼ਵਰਿਆ’ ਸਮੇਤ ਸ਼ਾਹੀ ਪਰਿਵਾਰ ਦੇ 9 ਮੈਂਬਰਾਂ ਦੀ ਗੋਲੀ ਮਾਰ ਕੇ ਹੱਤਿਆ ਕਰਨ ਪਿੱਛੋਂ ਖੁਦ ਨੂੰ ਵੀ ਗੋਲੀ ਮਾਰ ਲਈ ਸੀ।

2006 ’ਚ ਨੇਪਾਲ ਨੇ ਸਦੀਆਂ ਪੁਰਾਣੀ ਸੰਵਿਧਾਨਿਕ ਰਾਜਸ਼ਾਹੀ ਨੂੰ ਖਤਮ ਕਰ ਦਿੱਤਾ ਜਿਸ ਪਿੱਛੋਂ ‘ਰਾਜਾ ਗਿਆਨੇਂਦਰ’ ਨੇ ਸੱਤਾ ’ਤੇ ਕਬਜ਼ਾ ਕਰ ਕੇ ਅਤੇ ਐਮਰਜੈਂਸੀ ਲਾ ਕੇ ਸਭ ਨੇਤਾਵਾਂ ਨੂੰ ਨਜ਼ਰਬੰਦ ਕਰ ਦਿੱਤਾ ਸੀ।

2008 ’ਚ ਰਾਜਸ਼ਾਹੀ ਦੇ ਖਤਮ ਹੋਣ ਦੇ ਨਾਲ ਹੀ ਭੰਗ ਹੋਈ ਸੰਸਦ ਨੂੰ ਬਹਾਲ ਕਰ ਦਿੱਤਾ ਗਿਆ। ‘ਸ਼ਾਹ ਰਾਜਵੰਸ਼’ ਦੇ ਹੱਥੋਂ ਸੱਤਾ ਜਾਂਦੀ ਰਹੀ ਅਤੇ ਦੇਸ਼ ਦੀ ਸਿਆਸਤ ਦੀ ਮੁੱਖਧਾਰਾ ’ਚ ਮਾਓਵਾਦੀ ਸ਼ਾਮਲ ਹੋ ਗਏ।

ਮਈ, 2008 ’ਚ ਨੇਪਾਲ ਦੀਆਂ ਖੱਬੇਪੱਖੀ ਪਾਰਟੀਆਂ ਨੂੰ ਚੋਣਾਂ ’ਚ ਮਿਲੀ ਜਿੱਤ ਪਿੱਛੋਂ ਤਤਕਾਲੀ ‘ਨਰੇਸ਼ ਗਿਆਨੇਂਦਰ’ ਨੂੰ ਅਹੁਦਿਓਂ ਲਾਹ ਕੇ ਰਾਸ਼ਟਰਪਤੀ ਨੂੰ ਦੇਸ਼ ਦੇ ਮੁਖੀ ਵਜੋਂ ਬਿਰਾਜਮਾਨ ਕਰ ਕੇ ਦੇਸ਼ ਨੂੰ ਗਣਰਾਜ ਐਲਾਨ ਦਿੱਤਾ। ਉਦੋਂ ਤੋਂ ਹੁਣ ਤੱਕ ਵਧੇਰੇ ਚੀਨ ਹਮਾਇਤੀ ਹੁਕਮਰਾਨਾਂ ਦੇ ਪ੍ਰਭਾਵ ਹੇਠ ਰਾਜ ਕਰ ਰਹੇ ਸਿਆਸਤਦਾਨਾਂ ਦੇ ਭ੍ਰਿਸ਼ਟ ਆਚਰਣ ਕਾਰਨ ਨੇਪਾਲ ਦੇ ਲੋਕ ਪੀੜਤ ਹਨ।

ਚੀਨ ਦੀ ਦਖਲਅੰਦਾਜ਼ੀ ਵਧੀ ਹੈ ਅਤੇ ਉਹ ਨੇਪਾਲ ’ਚ ਆਪਣੀ ਮਨਮਰਜ਼ੀ ਨੂੰ ਚਲਾਉਣਾ ਚਾਹੁੰਦਾ ਹੈ। ਚੀਨ ਦੀ ਹੀ ਕੂਟਨੀਤੀ ਕਾਰਨ ਨੇਪਾਲ ’ਚ ਹਮੇਸ਼ਾ ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ। ਚੀਨ ਹਮਾਇਤੀ ਸਰਕਾਰਾਂ ਨੇ ਹਵਾਈ ਅੱਡਿਆਂ ਅਤੇ ਰਾਜਮਾਰਗ ਚੀਨ ਨੂੰ ਵੇਚ ਦਿੱਤੇ ਹਨ।

ਨੇਪਾਲ ਦੀ ਅਰਥਵਿਵਸਥਾ ਦੇ ਕਮਜ਼ੋਰ ਪੈਣ ਕਾਰਨ ਚੀਨ ਹਮੇਸ਼ਾ ਇਸ ਦਾ ਲਾਭ ਉਠਾਉਣ ਅਤੇ ਭਾਰਤ ਨਾਲ ਨੇਪਾਲ ਦੇ ਰਿਸ਼ਤੇ ਵਿਗਾੜਨ ਦੀ ਕੋਸ਼ਿਸ਼ ਕਰਦਾ ਆਇਆ ਹੈ। ਇਹੀ ਕਾਰਨ ਹੈ ਕਿ ਚੀਨ ਹਮਾਇਤੀ ਹੁਕਮਰਾਨਾਂ ਅਤੇ ਚੀਨ ਦੀਆਂ ਚਾਲਾਂ ਤੋਂ ਦੁਖੀ ਨੇਪਾਲ ਦੇ ਲੋਕਾਂ ਦਾ ਇਕ ਵਰਗ ਚੀਨ ਨੂੰ ਆਪਣੇ ਦੇਸ਼ ’ਚੋਂ ਬਾਹਰ ਕਰਨਾ ਚਾਹੁੰਦਾ ਹੈ। ਇਸ ਸੰਬੰਧੀ ਪਿਛਲੇ ਸਾਲ 10 ਅਪ੍ਰੈਲ ਨੂੰ ਦੇਸ਼ ’ਚ ਨੇਪਾਲ ਨਰੇਸ਼ ਦੇ ਹਜ਼ਾਰਾਂ ਹਮਾਇਤੀਆਂ ਨੇ ਦੱਖਣੀਪੰਥੀ ਹਮਾਇਤੀ ‘ਰਾਸ਼ਟਰੀ ਪ੍ਰਜਾਤੰਤਰ ਪਾਰਟੀ’ (ਆਰ. ਪੀ. ਪੀ.) ਦੇ ਹਜ਼ਾਰਾਂ ਵਰਕਰਾਂ ਅਤੇ ਰਾਜਸ਼ਾਹੀ ਦੇ ਹਮਾਇਤੀਆਂ ਨਾਲ ਮਿਲ ਕੇ ‘ਰਾਜਸ਼ਾਹੀ ਵਾਪਸ ਲਿਆਓ ਅਤੇ ਗਣਤੰਤਰ ਨੂੰ ਖਤਮ ਕਰੋ’ ਦੇ ਨਾਅਰੇ ਲਾਉਂਦੇ ਹੋਏ ਰਾਜਧਾਨੀ ਕਾਠਮੰਡੂ ’ਚ ਪ੍ਰਦਰਸ਼ਨ ਕੀਤਾ। ਇਸ ਦੀ ਅਗਵਾਈ ਆਰ.



ਪੀ. ਪੀ. ਦੇ ਮੁਖੀ ਅਤੇ ਸਾਬਕਾ ਉਪ ਪ੍ਰਧਾਨ ਮੰਤਰੀ ‘ਰਾਜੇਂਦਰ ਲਿੰਗਦੇਨ’ ਕਰ ਰਹੇ ਸਨ।

ਪ੍ਰਦਰਸ਼ਨਕਾਰੀਆਂ ਦਾ ਕਹਿਣਾ ਸੀ ਕਿ ਨੇਪਾਲ ਨੂੰ ਇਕ ਹਿੰਦੂ ਦੇਸ਼ ਬਣਾਉਣ ਲਈ ਦੇਸ਼ ਦਾ ਸੰਵਿਧਾਨ ਬਦਲਣ ਦੀ ਲੋੜ ਹੈ। ਇਸੇ ਨਾਲ ਦੇਸ਼ ਨੂੰ ਬਚਾਇਆ ਜਾ ਸਕਦਾ ਹੈ ਨਹੀਂ ਤਾਂ ਇਸ ਦੀ ਹੋਰ ਵੀ ਮਾੜੀ ਹਾਲਤ ਹੋ ਜਾਵੇਗੀ।

ਹੁਣ ਇਕ ਵਾਰ ਫਿਰ ਨੇਪਾਲ ’ਚ ਰਾਜਸ਼ਾਹੀ ਦੀ ਬਹਾਲੀ ਲਈ ‘ਰਾਸ਼ਟਰੀ ਪ੍ਰਜਾਤੰਤਰ ਪਾਰਟੀ’ (ਆਰ. ਪੀ. ਪੀ.) ਅਤੇ ‘ਦੇਸ਼ ਸੰਸਕ੍ਰਿਤੀ ਅਤੇ ਧਰਮ ਬਚਾਓ ਮੁਹਿੰਮ’ ਦੀ ਸਾਂਝੀ ਅਗਵਾਈ ’ਚ ਕਈ ਰੈਲੀਆਂ ਅਤੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

ਹਾਲਾਂਕਿ ਨੇਪਾਲ ’ਚ ਰਾਜਸ਼ਾਹੀ ਦੀ ਵਾਪਸੀ ਦੀ ਕੋਈ ਸੰਭਾਵਨਾ ਤਾਂ ਨਹੀਂ ਹੈ ਪਰ ਕੁਝ ਦਿਨ ਪਹਿਲਾਂ ਸਾਬਕਾ ਰਾਜਾ ਗਿਆਨੇਂਦਰ ਸ਼ਾਹ ਦੇ ਪੋਖਰਾ ਤੋਂ ਕਾਠਮੰਡੂ ਪਹੁੰਚਣ ’ਤੇ ਉਨ੍ਹਾਂ ਦੇ ਸਵਾਗਤ ’ਚ ਆਈ ਹਜ਼ਾਰਾਂ ਲੋਕਾਂ ਦੀ ਭੀੜ ਮੌਜੂਦਾ ਸਰਕਾਰ ਪ੍ਰਤੀ ਆਮ ਲੋਕਾਂ ਦੀ ਨਿਰਾਸ਼ਾ ਪ੍ਰਗਟਾਉਣ ਵਾਲੀ ਮੰਨੀ ਜਾ ਰਹੀ ਹੈ। ਜਿਵੇਂ ਲੋਕ ਕਹਿ ਰਹੇ ਹੋਣ ਕਿ ‘ਰਾਜਗੱਦੀ ਖਾਲੀ ਕਰੋ ਕਿ ਰਾਜਾ ਆਉਂਦੇ ਹਨ।’

Josanjh Family
AUTO GROUP

Cadillac CHEVROLET INFINITI KIA NISSAN BUICK GMC
CHRYSLER Jeep DODGE RAM TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD